Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (146) Sept. 2026, Sydney, Phone - 0437641033 , Email - thepunjabherald1@gmail.com

www.thepunjabherald.com

ਅਖ਼ਬਾਰ ਦੇ ਸੰਪਾਦਕ ਡਾ: ਅਵਤਾਰ ਐਸ. ਸੰਘਾ ਦੇ ਛਪ ਰਹੇ ਦੋ ਕਹਾਣੀ ਸੰਗ੍ਰਹਿ: 'ਮੈਹਲਾ ਮਾਜਰਾ ਤੇ ਹੋਰ ਕਹਾਣੀਆਂ' ਤੇ 'Free Train Ride and other stories'

## ਸਾਹਿਤ ਤੇ ਸੱਭਿਆਚਾਰ






ਅਵਤਾਰ ਐੱਸ. ਸੰਘਾ ਦੀ ਨਵੀਂ ਆ ਰਹੀ ਪੁਸਤਕ



*Scientology Chatswood* ਵਿਖੇ 19 ਅਗਸਤ ਨੂੰ ਖੇਡੇ ਗਏ ਅਵਤਾਰ ਐੱਸ. ਸੰਘਾ ਰਚਿਤ ਸੀਨੀਅਰ ਸਿਟੀਜ਼ਨਾਂ ਬਾਰੇ ਨਾਟਕ 'ਮੈਂ ਸਿਡਨੀ ਤੋਂ ਸੇਵਾਮੁਕਤ ਸੂਬੇਦਾਰ ਸਰੈਣ ਸਿੰਘ ਬੋਲਦਾਂ' ਦੀਆਂ ਝਲਕੀਆਂ।




SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

ਆਪਣੇ ਕਾਰੋਬਾਰ ਵਿਚ ਵਾਧਾ ਕਰਨ ਲਈ ਅੱਜ ਹੀ ਆਪਣਾ ਇਸ਼ਤਿਹਾਰ 'ਦਾ ਪੰਜਾਬ ਹੈਰਲਡ' ਵਿਚ ਛਪਵਾਉ।

ਈਮੇਲ - thepunjabherald1@gmail.com, Phone - 0437641033


ਕਿਸੇ ਵੀ ਤਰ੍ਹਾਂ ਦੀਆਂ ਖ਼ਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ ੨੦ ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ
Bilingual
ਦਾ ਪੰਜਾਬ ਹੈਰਲਡ
The Punjab Herald
THE PUNJAB HERALD
IS LIVE NOW
For all types of advertisements in
'The Punjab Herald'
please contact with us.
Scan this code
connect with us
+61 437 641 033
thepunjabherald1@gmail.com
www.thepunjabherald.com/

# ਐੱਸਸੀਓ ਦਾ ਤੀਜਾ ਥੰਮ੍ਹ ਬਣੇ ਭਾਰਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਘਾਈ ਸਹਿਯੋਗ ਸੰਗਠਨ, ਭਾਵ ਐੱਸਸੀਓ ਦੀ ਬੈਠਕ 'ਚ ਹਿੱਸਾ ਲੈਣ ਜਾ ਰਹੇ ਹਨ। ਭੂਗੋਲਿਕ ਆਕਾਰ ਤੇ ਮੈਂਬਰ ਦੇਸਾਂ ਦੀ ਆਬਾਦੀ ਦੇ ਲਿਹਾਜ ਨਾਲ ਦੁਨੀਆ ਦਾ ਸਭ ਤੋਂ ਵੱਡਾ ਖੇਤਰੀ ਸੰਸਥਾਨ ਐੱਸਸੀਓ ਆਪਣੀ ਸਥਾਪਨਾ ਦੀ ਸਿਲਵਰ ਜੁਬਲੀ ਮਨਾ ਰਿਹਾ ਹੈ। ਇਸ ਮੌਕੇ ਉਮੀਦ ਹੈ ਕਿ ਭਾਰਤ ਵਧੇਰੇ ਸਰਗਰਮ ਭੂਮਿਕਾ ਨਿਭਾਉਂਦਿਆਂ ਆਪਣੇ ਹਿੱਤਾਂ ਨੂੰ ਪੂਰੀ ਸਰਗਰਮੀ ਨਾਲ ਅੱਗੇ ਵਧਾਏਗਾ।

ਭਾਰਤ ਸਾਲ 2017 ਤੋਂ ਇਸ ਸੰਸਥਾ ਦਾ ਸਥਾਈ ਮੈਂਬਰ ਹੈ ਤੇ ਆਪਣੀ ਵੱਖਰੀ ਪਛਾਣ ਬਣਾਉਣ ਲਈ ਯਤਨਸੀਲ ਹੈ। ਚੀਨ ਤੇ ਰੂਸ ਵਰਗੇ ਦਿੱਗਜ ਦੇਸ ਸੁਰੂ ਤੋਂ ਹੀ ਇਸ ਸੰਗਠਨ ਦਾ ਹਿੱਸਾ ਰਹੇ ਹਨ, ਜਦਕਿ ਕਜਾਖਸਤਾਨ, ਤਜਾਕਿਸਤਾਨ, ਉਜਬੇਕਿਸਤਾਨ ਅਤੇ ਕਿਰਗਿਜਸਤਾਨ ਵਰਗੇ ਛੋਟੇ ਮੱਧ ਏਸੀਆਈ ਦੇਸ ਸਮੇਂ ਦੇ ਨਾਲ ਇਸ ਦੇ ਮੈਂਬਰ ਬਣੇ ਅਤੇ ਇਨ੍ਹਾਂ ਦੋ ਮਹਾਸਕਤੀਆਂ ਦਰਮਿਆਨ ਆਪਣੇ ਹਿੱਤਾਂ ਦਾ ਸੰਤੁਲਨ ਬਣਾਉਂਦੇ ਆ ਰਹੇ ਹਨ। ਸਾਲ 2017 'ਚ ਜਦੋਂ ਭਾਰਤ ਪੂਰਨ ਮੈਂਬਰ ਬਣਿਆ ਤਾਂ ਮੱਧ ਏਸੀਆਈ ਦੇਸਾਂ ਨੂੰ ਉਮੀਦ ਸੀ ਕਿ ਉਹ ਰੂਸ ਅਤੇ ਚੀਨ ਦੇ ਮੁਕਾਬਲੇ ਤੀਸਰੇ ਥੰਮ੍ਹ ਦੇ ਲਿਹਾਜ ਨਾਲ ਆਪਣੀ ਸਕਤੀ ਸੰਤੁਲਨ ਕਾਇਮ ਕਰੇਗਾ।

ਇਹ ਉਮੀਦ ਭਾਰਤੀ ਸੋਚ ਨਾਲ ਵੀ ਮੇਲ ਖਾਂਦੀ ਹੈ, ਕਿਉਂਕਿ ਮੱਧ ਏਸੀਆ ਨੂੰ ਨਵੀਂ ਦਿੱਲੀ 'ਚ 'ਵਿਸਥਾਰਤ ਗੁਆਂਢ' ਮੰਨਿਆ ਜਾਂਦਾ ਹੈ ਅਤੇ ਉੱਥੇ ਆਪਣੀ ਪਕੜ ਬਣਾਉਣਾ ਆਰਥਿਕ ਅਤੇ ਭੂ-ਰਾਜਨੀਤਿਕ ਨਜਰੀਏ ਤੋਂ ਲਾਭਦਾਇਕ ਹੈ। ਐੱਸਸੀਓ ਵਿੱਚ ਸਾਮਲ ਹੋ ਕੇ ਭਾਰਤ ਨੇ ਮੱਧ ਏਸੀਆ ਨੂੰ ਹੀ ਸੰਗਠਨ ਦਾ ਕੇਂਦਰ ਬਿੰਦੂ ਬਣਾਈ ਰੱਖਣ ਦੇ ਸਿਧਾਂਤ ਨੂੰ ਮਜਬੂਤੀ ਦਿੱਤੀ ਹੈ, ਤਾਂ ਜੋ ਛੋਟੇ ਦੇਸ ਕਿਸੇ ਇਕ ਤਾਕਤ ਦੇ ਦਬਦਬੇ ਹੇਠ ਰਹਿਣ ਲਈ ਮਜਬੂਰ ਨਾ ਹੋਣ।

ਦੇਖਿਆ ਜਾਵੇ ਤਾਂ ਯੂਰੇਸੀਆ ਦੀ ਭੂ-ਰਾਜਨੀਤੀ ਅਤੇ ਆਪਸੀ ਮੁਕਾਬਲੇ ਕਾਰਨ ਐੱਸਸੀਓ 'ਚ ਭਾਰਤ ਹੁਣ ਤੱਕ ਓਨਾ ਪ੍ਰਭਾਵਸਾਲੀ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਭਾਰਤ ਦੇ ਮੁੱਖ ਹਿਤੈਸੀ ਰੂਸ ਨੇ ਜਦੋਂ ਐੱਸਸੀਓ 'ਚ ਉਸ ਦੀ ਪੂਰਨ ਮੈਂਬਰਸਿਪ ਦੀ ਤਜਵੀਜ ਰੱਖੀ ਤਾਂ ਚੀਨ ਨੇ ਇਸ ਪਹਿਲ ਨੂੰ ਰੋਕਣ ਦੀ ਬਜਾਏ ਇਕ ਸੌਦੇਬਾਜੀ ਤਹਿਤ ਆਪਣੇ ਕਰੀਬੀ



ਮਿੱਤਰ ਪਾਕਿਸਤਾਨ ਨੂੰ ਵੀ ਮੈਂਬਰਸਿਪ ਦਿਵਾ ਦਿੱਤੀ, ਤਾਂ ਜੋ ਭਾਰਤ 'ਸੰਤੁਲਨ ਕਾਇਮ ਕਰਨ ਵਾਲਾ' ਬਣਨ ਦੀ ਬਜਾਏ ਖੁਦ ਹੀ 'ਸੰਤੁਲਿਤ' ਹੋ ਕੇ ਰਹਿ ਜਾਵੇ।

ਪਾਕਿਸਤਾਨ 2017 ਤੋਂ ਹੀ ਚੀਨ ਦੇ ਗੂੜ੍ਹੇ ਭਾਈਵਾਲ ਵਜੋਂ ਐੱਸਸੀਓ ਵਿਚ ਭਾਰਤ ਲਈ ਰੁਕਾਵਟਾਂ ਖੜ੍ਹੀਆਂ ਕਰਦਾ ਆ ਰਿਹਾ ਹੈ। ਸੁਰੱਖਿਆ ਦੇ ਮੁੱਦਿਆਂ 'ਤੇ ਭਾਰਤ ਨੇ ਐੱਸਸੀਓ 'ਚ ਜਦੋਂ ਵੀ ਅੱਤਵਾਦ, ਦਹਿਸ਼ਤਗਰਦੀ ਅਤੇ ਵੱਖਵਾਦ ਵਿਰੁੱਧ ਦੋਹਰੇ ਮਾਪਦੰਡ ਛੱਡ ਕੇ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਅਤੇ ਸਾਂਝੀ ਰਣਨੀਤੀ ਬਣਾਉਣ ਦਾ ਪ੍ਰਸਤਾਵ ਰੱਖਿਆ ਤਾਂ ਪਾਕਿਸਤਾਨ ਨੇ ਚੀਨ ਦੀ ਮਦਦ ਨਾਲ ਉਸ 'ਚ ਰੁਕਾਵਟਾਂ ਹੀ ਪੈਦਾ ਕੀਤੀਆਂ। ਜਿਵੇਂ ਕਿ 2025 'ਚ ਐੱਸਸੀਓ ਦੇ ਰੱਖਿਆ ਮੰਤਰੀਆਂ ਦੇ ਐਲਾਨਨਾਮੇ ਦੇ ਖਰੜੇ 'ਚ ਪਾਕਿਸਤਾਨ ਦੇ ਬਲੋਚਿਸਤਾਨ 'ਚ ਹੋਏ ਜਾਫਰ ਐਕਸਪ੍ਰੈੱਸ ਰੇਲ ਹਮਲੇ ਦੀ ਨਿੰਦਾ ਤਾਂ ਕੀਤੀ ਗਈ ਪਰ ਭਾਰਤ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦਾ ਕੋਈ ਜਿਕਰ ਨਹੀਂ ਕੀਤਾ ਗਿਆ।

ਇਸ ਤੋਂ ਪਹਿਲਾਂ 2023 'ਚ ਜਦੋਂ ਭਾਰਤ ਨੇ ਐੱਸਸੀਓ ਦੀ ਪ੍ਰਧਾਨਗੀ ਦੌਰਾਨ ਸਰਹੱਦ ਪਾਰ ਅੱਤਵਾਦ ਅਤੇ ਅੱਤਵਾਦੀ ਟਿਕਾਣਿਆਂ ਨੂੰ ਖਤਮ ਕਰਨ ਲਈ ਸਾਂਝੇ ਐਲਾਨਨਾਮੇ 'ਚ ਠੋਸ ਕਾਰਵਾਈ ਵਾਲੀ ਭਾਸਾ ਸਾਮਲ ਕਰਨ ਦੀ ਕੋਸਿਸ ਕੀਤੀ ਤਾਂ ਚੀਨ ਅਤੇ ਪਾਕਿਸਤਾਨ ਨੇ ਉਸ ਨੂੰ ਕਮਜੋਰ ਕਰ ਦਿੱਤਾ। ਐੱਸਸੀਓ ਦੀ ਸਥਾਪਨਾ ਮੁੱਖ ਤੌਰ 'ਤੇ ਖੇਤਰੀ ਸੁਰੱਖਿਆ ਕਾਇਮ ਰੱਖਣ ਦੇ ਉਦੇਸ ਨਾਲ ਕੀਤੀ ਗਈ ਸੀ ਪਰ ਚੀਨ ਅਤੇ ਪਾਕਿਸਤਾਨ ਨੇ ਮਿਲ ਕੇ ਇਸ ਮੋਰਚੇ 'ਤੇ ਉਮੀਦ ਅਨੁਸਾਰ ਤਰੱਕੀ ਹੋਣ ਹੀ ਨਹੀਂ ਦਿੱਤੀ।

ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, ਉਸ ਨੇ ਅੱਤਵਾਦ ਦੇ ਹਰ ਰੂਪ ਨਾਲ ਲੜਨ ਦੀ ਵਚਨਬੱਧਤਾ ਦੇ ਨਾਲ-ਨਾਲ ਐੱਸਸੀਓ 'ਚ ਸੰਪ੍ਰਭੂਤਾ ਅਤੇ ਖੇਤਰੀ ਅਖੰਡਤਾ ਦੇ ਸਨਮਾਨ ਨੂੰ ਵੀ ਤਰਜੀਹ ਦਿੱਤੀ ਹੈ। ਇਸ ਦਾ ਅਸਿੱਧਾ ਨਿਸਾਨਾ ਇਕ ਤਰ੍ਹਾਂ ਨਾਲ ਚੀਨ ਹੀ ਹੈ, ਜਿਸ ਨੇ ਆਪਣੇ ਬੈਲਟ ਐਂਡ ਰੋਡ ਇਨੀਸੀਏਟਿਵ, ਭਾਵ ਬੀਆਰਆਈ ਤਹਿਤ ਗੁਲਾਮ ਜੰਮੂ-ਕਸਮੀਰ ਦੇ ਇਲਾਕਿਆਂ 'ਤੇ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜੇ ਨੂੰ ਮਾਨਤਾ ਦਿੱਤੀ ਹੈ ਅਤੇ ਛੋਟੇ ਵਿਕਾਸਸੀਲ ਦੇਸਾਂ ਨੂੰ ਕਰਜੇ ਦੇ ਜਾਲ 'ਚ ਫਸਾਇਆ ਹੈ।

ਦਿੱਲੀ ਸਾਂਝੇ ਬਿਆਨ (2023) 'ਚ ਭਾਰਤ ਨੇ ਚੀਨੀ ਪ੍ਰਾਜੈਕਟ ਬੀਆਰਆਈ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਨ੍ਹਾਂ ਮੁੱਦਿਆਂ 'ਤੇ ਮਤਭੇਦਾਂ ਕਾਰਨ ਉਸ ਸਾਲ ਦੀ ਸਿਖਰ ਬੈਠਕ ਨੂੰ ਤਿੰਨ ਘੰਟਿਆਂ ਤੋਂ ਵੀ ਘੱਟ ਸਮੇਂ ਦੀ ਆਨਲਾਈਨ ਕਾਨਫਰੰਸ ਕਰਵਾ ਕੇ ਨਿਪਟਾ ਦਿੱਤਾ ਗਿਆ ਸੀ। ਐੱਸਸੀਓ ਦੀ ਭਾਰਤੀ ਪ੍ਰਧਾਨਗੀ ਦੌਰਾਨ ਨਿਰਾਸਾ ਕਾਰਨ ਭਾਵੇਂ ਇਸ ਸੰਗਠਨ ਦੀ ਮਹੱਤਤਾ 'ਤੇ ਸਵਾਲ ਉੱਠੇ, ਪਰ ਭਾਰਤ ਮੈਦਾਨ ਛੱਡ ਕੇ ਭੱਜਣ ਵਾਲਿਆਂ ਵਿੱਚੋਂ ਨਹੀਂ ਹੈ, ਖਾਸ ਕਰਕੇ ਜਦੋਂ ਉਹ ਮੱਧ ਏਸੀਆ ਨਾਲ ਵਪਾਰ ਅਤੇ ਰੱਖਿਆ ਸਬੰਧ ਮਜਬੂਤ ਕਰਨਾ ਚਾਹੁੰਦਾ ਹੈ।

ਇਸੇ ਕੜੀ 'ਚ ਭਾਰਤ ਨੇ 2022 'ਚ ਮੱਧ ਏਸੀਆ ਦੇ ਸਾਰੇ ਪੰਜ ਦੇਸਾਂ ਨਾਲ ਪਹਿਲੀ ਵਾਰ ਸਾਂਝੀ ਸਿਖਰ ਬੈਠਕ ਕਰਵਾਈ ਗਈ। ਇਨ੍ਹਾਂ ਦੇਸਾਂ ਨਾਲ ਭਾਰਤ ਦੇ ਆਰਥਿਕ ਸਬੰਧ ਵੀ ਹੌਲੀ-ਹੌਲੀ ਗੂੜ੍ਹੇ ਹੁੰਦੇ ਜਾ ਰਹੇ ਹਨ। ਪਾਕਿਸਤਾਨ ਵੱਲੋਂ ਮੱਧ ਏਸੀਆ ਨਾਲ ਸਿੱਧਾ ਜਮੀਨੀ ਸੰਪਰਕ ਰੋਕੇ ਜਾਣ ਦੇ ਬਾਵਜੂਦ ਭਾਰਤ ਨੇ ਈਰਾਨ ਦੇ ਚਾਬਹਾਰ ਬੰਦਰਗਾਹ ਅਤੇ ਖਾਸ ਤੌਰ 'ਤੇ ਏਅਰ ਫਰੇਟ ਕੌਰੀਡੋਰ ਦੀ ਵਰਤੋਂ ਕਰਕੇ ਇਨ੍ਹਾਂ ਦੇਸਾਂ ਨੂੰ ਦਵਾਈਆਂ, ਮੈਡੀਕਲ ਉਪਕਰਨ ਅਤੇ ਮਸੀਨਰੀ ਦਾ ਨਿਰਯਾਤ ਵਧਾਇਆ ਹੈ।

ਚੀਨ ਤੇ ਰੂਸ ਦੀ ਤੁਲਨਾ 'ਚ ਭਾਰਤ ਅਜੇ ਵੀ ਮੱਧ ਏਸੀਆਈ ਦੇਸਾਂ ਦਾ ਬਹੁਤ ਵੱਡਾ ਵਪਾਰਕ ਭਾਈਵਾਲ ਨਹੀਂ ਹੈ ਪਰ ਪਾਕਿਸਤਾਨ ਦੇ ਮੁਕਾਬਲੇ ਅਫਗਾਨਿਸਤਾਨ ਦੇ ਰਣਨੀਤਕ ਕਾਇਆ-ਕਲਪ ਅਤੇ ਭਾਰਤੀ ਸਾਮਾਨ ਨੂੰ ਮੱਧ ਏਸੀਆ ਤੱਕ ਪਹੁੰਚਾਉਣ ਲਈ ਅਫਗਾਨਿਸਤਾਨ ਦੇ ਉਤਸਾਹ ਨੇ ਵਪਾਰ ਵਧਾਉਣ ਦੇ ਨਵੇਂ ਰਾਹ ਖੋਲ੍ਹੇ ਹਨ। ਅਫਗਾਨਿਸਤਾਨ ਨੂੰ ਐੱਸਸੀਓ ਦਾ ਪੂਰਨ ਮੈਂਬਰ ਬਣਾਉਣ ਲਈ ਭਾਰਤ ਨੂੰ ਪੈਰਵੀ ਕਰਨੀ ਚਾਹੀਦੀ ਹੈ।

ਇਸ 'ਚ ਕੋਈ ਸੰਦੇਹ ਨਹੀਂ ਕਿ ਸੂਚਨਾ ਤਕਨਾਲੋਜੀ ਅਤੇ ਡਿਜੀਟਲ ਪਬਲਿਕ ਇਨਫਰਾਸਟਰਕਚਰ ਦੇ ਖੇਤਰ 'ਚ ਭਾਰਤ ਚੀਨ ਤੋਂ ਅੱਗੇ ਹੈ ਤੇ ਇਨ੍ਹਾਂ ਸੇਵਾਵਾਂ ਲਈ ਭੂਗੋਲਿਕ ਸੰਪਰਕ ਦੀ ਵੀ ਲੋੜ ਨਹੀਂ ਹੁੰਦੀ। ਭਾਰਤ ਮੱਧ ਏਸੀਆ 'ਚ ਤਕਨਾਲੋਜੀ ਦੇ ਮੋਰਚੇ 'ਤੇ ਆਗੂ ਬਣਨ ਦੀ ਸਥਿਤੀ 'ਚ ਹੈ ਅਤੇ ਉਹ ਐੱਸਸੀਓ ਨੂੰ ਇਸ ਖੇਤਰ 'ਤੇ ਧਿਆਨ ਕੇਂਦਰਿਤ ਕਰਨ ਲਈ ਯਤਨਸੀਲ ਵੀ ਹੈ।

ਐੱਸਸੀਓ ਦਾ ਇਤਿਹਾਸ ਵੀ ਦੇਖੀਏ ਤਾਂ ਰੂਸ ਨੇ ਯੂਰੇਸੀਆ 'ਚ ਚੀਨ ਦੇ ਆਰਥਿਕ ਦਬਦਬੇ 'ਤੇ ਲਗਾਮ ਲਾਉਣ ਦੀ ਕੋਸਿਸ ਕੀਤੀ ਹੈ। ਐੱਸਸੀਓ 'ਚ ਭਾਰਤ ਦੇ ਉਭਾਰ ਨਾਲ ਰੂਸ ਨੂੰ ਇਹ ਭਰੋਸਾ ਹੋ ਸਕਦਾ ਹੈ ਕਿ ਸੰਗਠਨ 'ਚ ਆਰਥਿਕ ਮੁੱਦਿਆਂ ਨੂੰ ਤਰਜੀਹ ਦੇਣ 'ਚ ਕੋਈ ਹਰਜ ਨਹੀਂ ਹੈ, ਕਿਉਂਕਿ ਭਾਰਤ ਇਨ੍ਹਾਂ 'ਚ ਵਿਭਿੰਨਤਾ ਲਿਆ ਸਕਦਾ ਹੈ। ਅਜਿਹੀ ਸਥਿਤੀ 'ਚ ਐੱਸਸੀਓ ਦੇ ਅੰਦਰ ਰੂਸ-ਭਾਰਤ ਤਾਲਮੇਲ ਨੂੰ ਨਵੇਂ ਢੰਗ ਨਾਲ ਅੱਗੇ ਵਧਾਉਣਾ ਜਰੂਰੀ ਹੋਵੇਗਾ।

ਬਿਸਕੇਕ ਵਿੱਚ ਐੱਸਸੀਓ ਸੰਮੇਲਨ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਅਤੇ ਰੂਸੀ ਰਾਸਟਰਪਤੀ ਵਲਾਦੀਮੀਰ ਪੁਤਿਨ ਦੀ ਦੁਵੱਲੀ ਬੈਠਕ ਇਸ ਸੰਦਰਭ 'ਚ ਮਹੱਤਵਪੂਰਨ ਹੋਣ ਵਾਲੀ ਹੈ। ਕੁੱਲ ਮਿਲਾ ਕੇ ਐੱਸਸੀਓ ਤੋਂ ਭਾਰਤ ਨੂੰ ਮਿਲੇ-ਜੁਲੇ ਨਤੀਜੇ ਪ੍ਰਾਪਤ ਹੋਏ ਹਨ ਪਰ ਜੇਕਰ ਭਾਰਤ ਆਪਣੀਆਂ ਸਮਰੱਥਾਵਾਂ ਅਤੇ ਬਦਲਦੇ ਭੂ-ਰਾਜਨੀਤਿਕ ਸਮੀਕਰਨਾਂ ਦੇ ਆਧਾਰ 'ਤੇ ਇਸ ਸੰਗਠਨ 'ਚ ਡਟਿਆ ਰਹਿ ਕੇ ਆਪਣੀ ਸਥਿਤੀ ਬਿਹਤਰ ਬਣਾ ਲੈਂਦਾ ਹੈ ਤਾਂ ਉਹ ਯੂਰੇਸੀਆ 'ਚ ਤੀਜਾ ਧਰੁਵ ਬਣਨ ਦੀ ਆਪਣੀ ਇੱਛਾ ਨੂੰ ਪੂਰਾ ਕਰ ਸਕੇਗਾ।

ਸ਼੍ਰੀਰਾਮ ਚੌਲੀਆ

# ਢਾਕਾ ਨਾਲ ਤੋੜ-ਵਿਛੋੜਾ ਸੰਭਵ ਨਹੀਂ

ਕਿਸੇ ਸਮੇਂ ਖੱਬੇ ਪੱਖੀ ਝੁਕਾਅ ਵਾਲੇ ਬੰਗਲਾਦੇਸ ਦੇ ਨਵੇਂ ਰਾਸਟਰਪਤੀ ਮਿਰਜਾ ਫਖਰੁਲ ਇਸਲਾਮ ਆਲਮਗੀਰ, ਮਾਰਚ 1971 ਵਿੱਚ ਸਿਰਫ 23 ਸਾਲਾਂ ਦੇ ਸਨ। ਉਹ ਉੱਤਰੀ ਪੂਰਬੀ ਪਾਕਿਸਤਾਨ ਦੇ ਠਾਕੁਰਗਾਓਂ ਸਥਿਤ ਆਪਣੇ ਘਰ ਵਿੱਚ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਪਾਕਿਸਤਾਨੀ ਫੌਜੀ ਅਧਿਕਾਰੀਆਂ ਨੇ ਪੂਰੇ ਦੇਸ ਵਿੱਚ 'ਅਪਰੇਸ਼ਨ ਸਰਚਲਾਈਟ' ਸੁਰੂ ਕਰ ਦਿੱਤਾ ਹੈ ਅਤੇ ਨਿਹੱਥੇ ਬੰਗਲਾਦੇਸੀ ਰਾਸਟਰਵਾਦੀਆਂ, ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਇਸ ਤੋਂ ਦੋ ਦਿਨ ਬਾਅਦ 27 ਮਾਰਚ ਨੂੰ ਆਲਮਗੀਰ ਅਤੇ ਉਨ੍ਹਾਂ ਦੇ ਦੋਸਤਾਂ ਨੇ ਰੇਡੀਓ 'ਤੇ ਪਾਕਿਸਤਾਨੀ ਫੌਜ ਦੇ ਤਤਕਾਲੀ ਮੇਜਰ ਜਿਆਉਰ ਰਹਿਮਾਨ ਦੀ ਆਵਾਜ ਸੁਣੀ। ਮੇਜਰ ਜਿਆਉਰ ਰਹਿਮਾਨ ਨੇ ਚਿੱਟੋਗ੍ਰਾਮ (ਤਤਕਾਲੀ ਚਿਟਗਾਓਂ) ਵਿੱਚ ਆਪਣੇ ਗੁਪਤ ਟਿਕਾਣੇ ਤੋਂ ਸ਼ੇਖ਼ ਮੁਜੀਬੁਰ ਰਹਿਮਾਨ ਵੱਲੋਂ ਇੱਕ ਆਜਾਦ ਬੰਗਲਾਦੇਸ ਲਈ ਜੋਸੀਲਾ ਸੁਨੇਹਾ ਦਿੱਤਾ ਸੀ। ਉਨ੍ਹਾਂ ਦੇ ਇਸ ਸੰਦੇਸ ਨੂੰ ਬੀ ਬੀ ਸੀ ਅਤੇ ਰੇਡੀਓ ਆਸਟ੍ਰੇਲੀਆ ਨੇ ਪੂਰੀ ਦੁਨੀਆ ਵਿੱਚ ਪ੍ਰਸਾਰਿਤ ਕੀਤਾ। ਮੇਜਰ ਜਿਆ ਨੇ ਆਪਣੇ ਸੁਨੇਹੇ ਦੇ ਅੰਤ ਵਿੱਚ 'ਜੋਏ ਬਾਂਗਲਾ!' (ਜੈ ਬਾਂਗਲਾ!) ਦਾ ਨਾਅਰਾ ਲਾਇਆ। ਇਹ ਉਹ ਪਹਿਲਾ ਮੌਕਾ ਸੀ ਜਦੋਂ ਇਹ ਨਾਅਰਾ ਗੂੰਜਿਆ। ਆਉਣ ਵਾਲੇ ਹਫਤਿਆਂ ਅਤੇ ਮਹੀਨਿਆਂ ਵਿੱਚ ਇਹੀ ਨਾਅਰਾ ਆਜਾਦੀ ਦਾ ਮਹਾ-ਮੰਤਰ ਬਣ ਗਿਆ। ਇਸ ਨਾਅਰੇ ਨੇ ਇੰਦਰਾ ਗਾਂਧੀ ਅਤੇ ਜੌਰਜ ਹੈਰੀਸਨ ਵਰਗੀਆਂ ਵੱਖੋ-ਵੱਖਰੀਆਂ ਸਖਸੀਅਤਾਂ ਨੂੰ ਪ੍ਰਭਾਵਿਤ ਕੀਤਾ, ਜਦੋਂ ਕਿ ਯਾਹੀਆ ਖਾਨ ਅਤੇ ਹੈਨਰੀ ਕਿਸਿੰਜਰ ਨੂੰ ਇਹ ਬੇਹੱਦ ਨਾਪਸੰਦ ਆਇਆ। ਇਸੇ ਨਾਅਰੇ ਨੇ ਪੂਰੀ ਕੌਮ ਨੂੰ ਭਾਰਤ ਨਾਲ ਹੱਥ ਮਿਲਾਉਣ ਅਤੇ 'ਮੁਕਤੀ ਬਾਹਿਨੀ' ਬਣਾਉਣ ਲਈ ਲਾਮਬੰਦ ਕੀਤਾ, ਜਿਸ ਦੇ ਸਿੱਟੇ ਵਜੋਂ ਸਾਲ ਦੇ ਅੰਤ ਤੱਕ ਭਾਰਤ-ਪਾਕਿਸਤਾਨ ਯੁੱਧ ਅਤੇ ਬੰਗਲਾਦੇਸ ਦੀ ਆਜਾਦੀ ਦਾ ਰਾਹ ਪੱਧਰਾ ਹੋਇਆ।

ਅਪਰੈਲ 1971 ਵਿੱਚ ਜਦੋਂ ਠਾਕੁਰਗਾਓਂ ਵਿੱਚ ਹਾਲਾਤ ਵਿਗੜ ਗਏ (ਇਹ ਕਸਬਾ ਚੱਕਰਵਰਤੀ ਪਰਿਵਾਰ ਦੇ ਨਾਂ 'ਤੇ ਸੀ ਜਿਨ੍ਹਾਂ ਕੋਲ ਵੱਡੀਆਂ ਜਮੀਨਾਂ ਸਨ। ਇਸ ਤੋਂ ਸਿਰਫ 55 ਕਿਲੋਮੀਟਰ ਦੂਰ ਸਰਹੱਦ ਪਾਰ ਬਿਹਾਰ ਦੇ ਕਿਸਨਗੰਜ ਜਿਲ੍ਹੇ ਵਿੱਚ ਠਾਕੁਰਗੰਜ ਨਾਂ ਦਾ ਇਸ ਦਾ ਜੁੜਵਾਂ ਕਸਬਾ ਹੈ) ਤਾਂ ਆਲਮਗੀਰ ਅਤੇ ਉਨ੍ਹਾਂ ਦਾ ਪਰਿਵਾਰ ਨਾਗਰ ਨਦੀ ਪਾਰ ਕਰਕੇ ਭਾਰਤ ਦੇ ਪੱਛਮੀ ਦੀਨਾਜਪੁਰ ਜਿਲ੍ਹੇ ਵਿੱਚ ਦਾਖਲ ਹੋ ਗਿਆ। ਉਹ ਸਰਨਾਰਥੀਆਂ ਦੇ ਹੜ੍ਹ ਵਾਂਗ ਵਧ ਰਹੇ ਕਾਫਲੇ ਦਾ ਹਿੱਸਾ ਸਨ। ਉੱਥੇ ਇਸਲਾਮਪੁਰ ਵਿੱਚ ਇੱਕ ਸਾਈਕਲ ਰਿਪੇਅਰ ਕਰਨ ਵਾਲੇ ਦਲੀਪ ਨਾਂ ਦੇ ਵਿਅਕਤੀ ਨੇ ਸੱਤ ਜੀਆਂ ਦੇ ਇਸ ਪਰਿਵਾਰ ਨੂੰ ਅਲਮਾਰੀ ਦੇ ਪਿੱਛੇ ਬਣੇ ਇੱਕ ਕਮਰੇ ਵਿੱਚ ਸੌਣ ਦੀ ਇਜਾਜਤ ਦਿੱਤੀ। ਜੋਤੀ ਬਾਸੂ ਦੀ ਪੱਛਮੀ ਬੰਗਾਲ ਸਰਕਾਰ ਅਤੇ ਕਰਪੂਰੀ ਠਾਕੁਰ ਦੀ ਬਿਹਾਰ ਸਰਕਾਰ ਨੇ ਸਰਨਾਰਥੀਆਂ ਨੂੰ ਕੱਪੜੇ ਦਿੱਤੇ ਅਤੇ ਯੁਵਾ ਕੈਂਪਾਂ ਵਿੱਚ ਤੰਦਰੁਸਤ ਨੌਜਵਾਨਾਂ ਨੂੰ 'ਸਿਖਲਾਈ'




ਮੁਹੱਈਆ ਕਰਵਾਈ। ਕੁਝ ਹਫਤਿਆਂ ਬਾਅਦ, ਇੰਦਰਾ ਗਾਂਧੀ ਦੀ ਸਰਕਾਰ ਨੇ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਦਖਲ ਦਿੱਤਾ ਅਤੇ ਆਲਮਗੀਰ ਸਮੇਤ ਕਈ ਹੋਰਨਾਂ ਨੂੰ ਦੇਹਰਾਦੂਨ ਵਿੱਚ ਗੰਭੀਰਤਾ ਨਾਲ ਫੌਜੀ 'ਸਿਖਲਾਈ' ਦਿੱਤੀ ਗਈ।

55 ਸਾਲਾਂ ਦਾ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਢਾਕਾ ਦੇ ਕੁਲੀਨ ਵਰਗ ਦਾ ਮੰਨਣਾ ਹੈ ਕਿ ਬੰਗਲਾਦੇਸ ਨੈਸਨਲਿਸਟ ਪਾਰਟੀ ਦੇ ਸੀਨੀਅਰ ਆਗੂ ਅਤੇ ਹੁਣ ਰਾਸਟਰਪਤੀ ਬਣ ਚੁੱਕੇ ਆਲਮਗੀਰ ਨੇ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੂੰ ਸਲਾਹ ਦਿੱਤੀ ਹੈ ਕਿ ਉਨ੍ਹਾਂ ਨੂੰ ਸ਼ੇਖ਼ ਹਸੀਨਾ ਨਾਲ ਜੁੜੇ ਵਿਵਾਦਾਂ ਨੂੰ ਪਾਸੇ ਰੱਖ ਕੇ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਲਈ ਦਿੱਲੀ ਜਾਣਾ ਚਾਹੀਦਾ ਹੈ। ਤਾਰਿਕ ਰਹਿਮਾਨ ਉਸੇ ਮੇਜਰ ਜਿਆ ਦੇ ਸਪੁੱਤਰ ਹਨ ਜਿਨ੍ਹਾਂ ਦੇ 'ਜੋਏ ਬਾਂਗਲਾ' ਨਾਅਰੇ ਨੇ ਪੂਰੀ ਦੁਨੀਆ ਵਿੱਚ ਜੋਸ ਭਰ ਦਿੱਤਾ ਸੀ। ਇਸ ਨਾਅਰੇ ਤੋਂ ਕਈ ਚੀਜਾਂ ਦੇ ਨਾਂ ਪਏ ਸਨ, ਜਿਨ੍ਹਾਂ ਵਿੱਚ ਬੰਗਾਲ, ਬਿਹਾਰ, ਤ੍ਰਿਪੁਰਾ ਅਤੇ ਅਸਾਮ ਦੀਆਂ ਸਰਹੱਦਾਂ ਨੇੜੇ ਬਣਾਏ ਗਏ ਸੈਂਕੜੇ ਸਰਨਾਰਥੀ ਕੈਂਪਾਂ ਕਾਰਨ ਉਸ ਸਮੇਂ ਪੂਰੇ ਭਾਰਤ ਵਿੱਚ ਬੁਖਾਰ ਦਾ ਨਾਂ (ਜੋਏ ਬਾਂਗਲਾ ਰੋਗ) ਵੀ ਸਾਮਲ ਸੀ।

ਆਲਮਗੀਰ ਦਾ ਮੰਨਣਾ ਹੈ ਕਿ ਇੱਕ ਔਰਤ, ਭਾਵ ਸ਼ੇਖ਼ ਹਸੀਨਾ (ਭਾਵੇਂ ਉਹ ਬੰਗਬੰਧੂ ਦੀ ਧੀ ਹੋਵੇ ਜਿਨ੍ਹਾਂ ਨਾਲ ਭਾਰਤ ਦੇ ਸਭ ਤੋਂ ਨੇੜਲੇ ਰਿਸਤੇ ਰਹੇ ਹਨ) ਭਾਰਤ ਅਤੇ ਬੰਗਲਾਦੇਸ ਦੇ ਰਿਸਤਿਆਂ ਨੂੰ ਬੰਧਕ ਬਣਾ ਕੇ ਨਹੀਂ ਰੱਖ ਸਕਦੀ। 1971 ਦੀ ਆਜਾਦੀ ਦੀ ਜੰਗ ਦੋਵਾਂ ਦੇਸਾਂ ਦੇ ਲੋਕਾਂ ਵਿਚਕਾਰ ਇੱਕ ਅਜਿਹਾ ਅਟੁੱਟ ਰਿਸਤਾ ਹੈ, ਜੋ ਸਿਰਫ ਲੀਡਰਾਂ ਤੱਕ ਹੀ ਸੀਮਤ ਨਹੀਂ ਹੈ। ਫਿਲਹਾਲ, ਤਾਰਿਕ ਰਹਿਮਾਨ ਦਾ 23 ਤੋਂ 25 ਅਗਸਤ ਤੱਕ ਹੋਣ ਵਾਲਾ ਪ੍ਰਸਤਾਵਿਤ ਦੌਰਾ ਮੁਲਤਵੀ ਕਰ ਦਿੱਤਾ ਗਿਆ ਹੈ ਕਿਉਂਕਿ ਦੋਵੇਂ ਧਿਰਾਂ ਆਪਸੀ ਮਤਭੇਦਾਂ ਅਤੇ ਤਕਨੀਕੀ ਨੁਕਤਿਆਂ ਨੂੰ ਸੁਲਝਾਉਣ ਵਿੱਚ ਲੱਗੀਆਂ ਹੋਈਆਂ ਹਨ। ਪਰ ਪਿਛਲੇ ਹਫਤੇ ਬੰਗਲਾਦੇਸ ਵੱਲੋਂ ਆਪਣਾ ਰੁਖ ਸਖਤ ਕਰਨ ਅਤੇ ਸ਼ੇਖ਼ ਹਸੀਨਾ ਦੀ ਹਵਾਲਗੀ ਨੂੰ ਤਾਰਿਕ ਦੇ ਦੌਰੇ ਲਈ ਸਰਤ ਬਣਾਉਣ ਦੇ ਬਾਵਜੂਦ, ਪ੍ਰਧਾਨ ਮੰਤਰੀ ਮੋਦੀ ਦੇ ਸੁਲਾਹ-ਸਫ਼ਾਈ ਵਾਲੇ ਸੰਦੇਸ ਦੇ ਮਹੱਤਵ ਨੂੰ ਢਾਕਾ ਵੱਲੋਂ ਅਣਡਿੱਠ ਨਹੀਂ ਕੀਤਾ ਗਿਆ। ਪ੍ਰਧਾਨ ਮੰਤਰੀ ਵੱਲੋਂ ਇਹ ਪਹਿਲਕਦਮੀ ਕਰਨੀ ਜਰੂਰੀ ਸੀ। ਉਨ੍ਹਾਂ ਨੇ ਤਾਰਿਕ ਨੂੰ ਭੇਜੇ ਸੁਨੇਹੇ ਵਿੱਚ ਕਿਹਾ," ਆਓ, ਅਸੀਂ ਤੁਹਾਨੂੰ ਪੂਰਾ ਮਾਣ-ਸਤਿਕਾਰ ਦੇਵਾਂਗੇ।" ਉਹ ਇਸ ਗੱਲੋਂ ਪੂਰੀ ਤਰ੍ਹਾਂ ਜਾਣੂ ਸਨ ਕਿ ਸ਼ੇਖ਼ ਹਸੀਨਾ ਦੀ 5 ਅਗਸਤ ਦੀ ਪ੍ਰੈੱਸ ਕਾਨਫਰੰਸ ਨੇ ਤਾਰਿਕ ਨੂੰ ਖਾਸਾ ਨਾਰਾਜ ਕਰ ਦਿੱਤਾ ਹੈ।

ਮੋਦੀ ਬਹੁਤ ਜਲਦੀ ਸਮਝ ਗਏ ਕਿ ਹਾਲਾਤ ਨੂੰ ਸਿਰਫ ਉਹੀ ਸੰਭਾਲ ਸਕਦੇ ਹਨ। ਉਹ ਸਮਝ ਗਏ ਕਿ ਬੰਗਬੰਧੂ ਦੀ ਧੀ, ਜਿਸ ਦੇ ਪਿਤਾ ਨੇ ਪਾਕਿਸਤਾਨ ਨੂੰ ਤੋੜਨ ਵਿੱਚ ਭਾਰਤ ਦੀ ਮਦਦ ਕੀਤੀ ਸੀ, ਨੂੰ ਦੋਵਾਂ ਦੇਸਾਂ ਦੇ ਰਿਸਤਿਆਂ ਨੂੰ ਖ਼ਰਾਬ ਕਰਨ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ। ਉਹ ਇਹ ਵੀ ਸਮਝ ਗਏ ਕਿ ਦੁਨੀਆ ਬਦਲ ਚੁੱਕੀ ਹੈ ਅਤੇ ਬੰਗਲਾਦੇਸ ਇੱਕ ਵਾਰ ਫਿਰ ਅਜਿਹੇ ਸਮੁੰਦਰ ਵਿੱਚ ਤੈਰ ਰਿਹਾ ਹੈ, ਜਿੱਥੇ ਚੀਨ ਅਤੇ ਪਾਕਿਸਤਾਨ ਜਿਹੀਆਂ ਸਾਰਕ ਮੱਛੀਆਂ ਚਾਰੇ ਪਾਸੇ ਘੇਰਾ ਪਾਈ ਬੈਠੀਆਂ ਹਨ। ਉਹ ਇਸ ਗੱਲ ਤੋਂ ਵੀ ਜਾਣੂ ਸਨ ਕਿ ਪ੍ਰਧਾਨ ਮੰਤਰੀ ਵਜੋਂ ਤਾਰਿਕ ਦਾ ਪਹਿਲਾ ਦੌਰਾ ਦਿੱਲੀ ਦੀ ਬਜਾਏ ਪੇਈਚਿੰਗ ਅਤੇ ਕੁਆਲਾ ਲੰਪੁਰ ਦਾ ਸੀ। ਬੰਗਲਾਦੇਸੀ ਇੰਨੇ ਦਹਾਕਿਆਂ ਬਾਅਦ ਵੀ ਰਾਵਲਪਿੰਡੀ ਦੀ ਫੌਜੀ ਲੌਬੀ ਵੱਲ ਖਿੱਚੇ ਜਾ ਰਹੇ ਹਨ ਅਤੇ ਢਾਕਾ ਵਿੱਚ ਇੱਕ ਵਾਰ ਫਿਰ ਆਈ ਐੱਸ ਆਈ ਦੇ ਜਾਸੂਸ ਸਰਗਰਮ ਹਨ।

ਬਿਨਾਂ ਸੱਕ ਪ੍ਰਧਾਨ ਮੰਤਰੀ ਜਾਣਦੇ ਹਨ ਕਿ ਭਾਰਤ ਦੇ ਪੂਰਬੀ ਹਿੱਸੇ ਦੀ ਸੁਰੱਖਿਆ ਕਰਨੀ ਕਿੰਨੀ ਜਰੂਰੀ ਹੈ। ਇਹ ਇਲਾਕਾ ਨਾ ਸਿਰਫ ਦੱਖਣੀ-ਪੂਰਬੀ ਏਸੀਆ ਲਈ ਪ੍ਰਵੇਸ ਦੁਆਰ ਹੈ, ਸਗੋਂ ਭਾਰਤ ਦੇ ਅੱਠ ਉੱਤਰ-ਪੂਰਬੀ ਰਾਜਾਂ ਦੀ ਸੁਰੱਖਿਆ ਲਈ ਵੀ ਮੁੱਖ ਕੇਂਦਰ ਹੈ। ਬੰਗਲਾਦੇਸ ਦੀਆਂ ਸਰਹੱਦਾਂ ਭਾਰਤ ਦੇ ਪੰਜ ਸੂਬਿਆਂ ਨਾਲ ਲੱਗਦੀਆਂ ਹਨ। ਜਦੋਂ 2001 ਤੋਂ 2006 ਦੌਰਾਨ ਤਾਰਿਕ ਦੀ ਮਾਂ ਖ਼ਾਲਿਦਾ ਜਿਆ ਪ੍ਰਧਾਨ ਮੰਤਰੀ ਸਨ ਅਤੇ ਉੱਥੇ ਬੀ ਐੱਨ ਪੀ ਦੀ ਸਰਕਾਰ ਸੀ ਤਾਂ ਚਿਟਗਾਓਂ ਵਿੱਚ ਹਥਿਆਰਾਂ ਦਾ ਇੱਕ ਬਹੁਤ ਵੱਡਾ ਜਖੀਰਾ ਐਨ ਮੌਕੇ 'ਤੇ ਫੜਿਆ ਗਿਆ ਸੀ।,

ਸਾਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਭਾਰਤ ਦੇ ਗੁਆਂਢੀ ਦੇਸ਼ ਕਾਫੀ ਹਲਚਲ ਵਿੱਚੋਂ ਲੰਘ ਰਹੇ ਹਨ। ਮੋਹਨ ਭਾਗਵਤ ਅਤੇ ਦੱਤਾਤ੍ਰੇਯ ਹੋਸਬਲੇ ਵਰਗੇ ਸੀਨੀਅਰ ਆਰ.ਐੱਸ ਐੱਸ ਆਗੂਆਂ ਵੱਲੋਂ ਰਿਸਤੇ ਬਹਾਲ ਕਰਨ ਦੀਆਂ ਅਪੀਲਾਂ ਦੇ ਬਾਵਜੂਦ ਪਾਕਿਸਤਾਨ ਨਾਲ ਸਬੰਧ ਅਜੇ ਵੀ ਠੰਢੇ ਬਸਤੇ ਵਿੱਚ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਨੇ ਆਖਿਰਕਾਰ ਭਾਰਤੀ ਰਾਜਦੂਤ ਨਾਲ ਮਿਲਣੀ ਕਰ ਲਈ ਹੈ, ਪਰ ਉਸ ਦਾ ਚੀਨ ਪ੍ਰਤੀ ਰਵੱਈਆ ਭਾਰਤ ਲਈ ਫਿਕਰਮੰਦੀ ਦਾ ਸਬੱਬ ਹੈ। ਭੂਟਾਨ, ਸ੍ਰੀ ਲੰਕਾ ਅਤੇ ਮਾਲਦੀਵ ਭਾਵੇਂ ਸਾਂਤ ਹਨ, ਪਰ ਉੱਥੇ ਵੀ ਚੀਨ ਦਾ ਪਰਛਾਵਾਂ ਡੂੰਘਾ ਹੁੰਦਾ ਜਾ ਰਿਹਾ ਹੈ। ਸਪੱਸਟ ਹੈ ਕਿ ਭਾਰਤ, ਬੰਗਲਾਦੇਸ ਨੂੰ ਹੱਥੋਂ ਗੁਆਉਣ ਦਾ ਜੋਖਮ ਨਹੀਂ ਲੈ ਸਕਦਾ। ਇਸ ਲਈ ਪੁਰਾਣੇ ਰਾਬਤੇ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਲੱਭਣੇ ਹੀ ਪੈਣਗੇ। ਬੇਸੱਕ, 1971 ਅਤੇ 2026 ਵਿੱਚ ਸਭ ਤੋਂ ਵੱਡਾ ਫਰਕ ਇਹ ਹੈ ਕਿ ਅਮਰੀਕਾ ਨਾਲ ਭਾਰਤ ਦੇ ਸਬੰਧ ਬਹੁਤ ਜਿਆਦਾ ਮਜਬੂਤ ਹੋ ਗਏ ਹਨ। ਇਸ ਦਾ ਮਤਲਬ ਹੈ ਕਿ ਅੱਜ ਭਾਰਤ ਸਿਰਫ ਬੰਗਲਾਦੇਸ ਵਿੱਚ ਹੀ ਨਹੀਂ, ਸਗੋਂ ਆਪਣੇ ਸਮੁੱਚੇ ਗੁਆਂਢ ਵਿੱਚ ਅਮਰੀਕਾ ਨਾਲ ਮਿਲ ਕੇ ਬਹੁਤ ਨੇੜਿਓਂ ਕੰਮ ਕਰ ਰਿਹਾ ਹੈ। ਇਸ ਦੇ ਉਲਟ, 1971 ਵਿੱਚ ਅਮਰੀਕਾ ਅਤੇ ਪਾਕਿਸਤਾਨ ਦਾ ਗੱਠਜੋੜ ਬਹੁਤ ਪੱਕਾ ਸੀ ਪਰ ਬਾਕੀ ਇਤਿਹਾਸ ਕਿਸੇ ਤੋਂ ਲੁਕਿਆ ਨਹੀਂ ਹੈ।

ਸਾਇਦ ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕਾ ਅਤੇ ਚੀਨ ਵਰਗੀਆਂ ਵੱਡੀਆਂ ਤਾਕਤਾਂ ਦੇ ਖੇਡਣ ਦੇ ਤਰੀਕੇ ਤੋਂ ਸਬਕ ਲੈਣਾ ਚਾਹੀਦਾ ਹੈ, ਜੋ ਇੱਕੋ ਸਮੇਂ ਛੋਟੀਆਂ ਤਾਕਤਾਂ ਨਾਲ ਸੁਲਾਹ ਵੀ ਕਰਦੀਆਂ ਹਨ ਅਤੇ ਆਪਣਾ ਬਚਾਅ ਵੀ ਕਰਦੀਆਂ ਹਨ। ਇਸ ਦੌਰਾਨ ਭਾਰਤ ਦੀ ਵਿਲੱਖਣ ਸੱਭਿਆਚਾਰਕ ਤਾਕਤ ਇਹ ਮੰਗ ਕਰਦੀ ਹੈ ਕਿ ਇਸ ਨੂੰ ਆਪਣੇ ਆਰਥਿਕ ਕੱਦ ਨਾਲੋਂ ਕਿਤੇ ਵਧ ਕੇ ਭੂਮਿਕਾ ਨਿਭਾਉਣੀ ਚਾਹੀਦੀ ਹੈ, ਖਾਸਕਰ ਆਪਣੇ ਗੁਆਂਢ ਵਿੱਚ, ਜਿੱਥੇ ਸਾਂਝੀ ਭਾਸਾ, ਧਰਮ, ਸੱਭਿਆਚਾਰ ਅਤੇ ਨਸਲ ਦੇ ਰਿਸਤੇ ਭਾਰਤ ਨੂੰ ਉਸ ਦੀਆਂ ਹੱਦਾਂ ਤੋਂ ਪਾਰ ਤੱਕ ਜੋੜਦੇ ਹਨ।

ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਤਾਰਿਕ ਰਹਿਮਾਨ ਵੱਲੋਂ ਸ਼ੇਖ਼ ਹਸੀਨਾ ਨੂੰ ਲੈ ਕੇ ਦਿਖਾਈ ਗਈ ਨਾਰਾਜਗੀ ਨੂੰ ਹਜਮ ਕਰਕੇ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਫਿਲਹਾਲ ਇਸ ਮੁੱਦੇ ਨੂੰ ਹਾਲ ਦੀ ਘੜੀ ਠੰਢੇ ਬਸਤੇ ਪਾ ਦਿੱਤਾ ਹੈ। ਇਸ ਮੁੱਦੇ ਨੂੰ ਜਲਦੀ ਹੀ ਪੱਕੇ ਤੌਰ 'ਤੇ ਹੱਲ ਕਰ ਲਿਆ ਜਾਵੇਗਾ। ਸੰਭਾਵਨਾ ਇਹ ਹੈ ਕਿ ਜਦੋਂ ਸ਼ੇਖ਼ ਹਸੀਨਾ ਦਸੰਬਰ ਵਿੱਚ ਬੰਗਲਾਦੇਸ ਪਰਤੇਗੀ, ਜਿਸ ਦਾ ਉਸ ਨੇ ਜਨਤਕ ਤੌਰ 'ਤੇ ਵਾਅਦਾ ਕੀਤਾ ਹੈ, ਤਾਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੱਤਾ ਜਾਵੇਗਾ ਅਤੇ ਦਿੱਲੀ ਤੇ ਢਾਕਾ ਵਿਚਕਾਰ ਸਭ ਤੋਂ ਮਹੱਤਵਪੂਰਨ ਰਿਸਤੇ ਨੂੰ ਮੁੱਖ ਰੱਖਿਆ ਜਾਵੇਗਾ।

ਇਸੇ ਕਰਕੇ ਭਾਰਤ ਅਤੇ ਉਸ ਦੇ ਸਾਰੇ ਗੁਆਂਢੀਆਂ ਵਿਚਾਲੇ ਰਿਸਤੇ ਆਸਮਾਨ ਜਿੰਨੇ ਉੱਚੇ ਹੋਣੇ ਚਾਹੀਦੇ ਹਨ, ਜਿਸ ਵਿੱਚ ਕਰਾਕੋਰਮ ਤੋਂ ਲੈ ਕੇ ਕਾਕਸ ਬਾਜਾਰ ਤੱਕ ਦਾ ਦਾਇਰਾ ਸਾਮਲ ਹੈ। ਗੁਆਂਢੀਆਂ ਨੂੰ 'ਪਹਿਲਾਂ ਭਾਰਤ' ਦੀ ਨੀਤੀ ਅਪਣਾਉਣੀ ਚਾਹੀਦੀ ਹੈ, ਪਰ ਇਸ ਦੇ ਨਾਲ ਹੀ ਭਾਰਤ ਨੂੰ ਵੀ 'ਪਹਿਲਾਂ ਗੁਆਂਢੀ' ਦੀ ਸੋਚ 'ਤੇ ਪਹਿਰਾ ਦੇਣਾ ਪਵੇਗਾ, ਜਿਸ ਦਾ ਅਸਲ ਅਰਥ ਖੁੱਲ੍ਹਾ ਬਟੂਆ ਅਤੇ ਖੁੱਲ੍ਹਾ ਦਿਲ ਰੱਖਣਾ ਹੈ। ਯਕੀਨਨ, ਇੰਨੇ ਵੰਨ-ਸੁਵੰਨੇ ਗੁਆਂਢ ਨਾਲ ਨਜਿੱਠਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੈ ਅਤੇ ਆਪਸੀ ਭਰੋਸਾ ਬਹਾਲ ਕਰਨ ਵਿੱਚ ਸਮਾਂ ਲੱਗੇਗਾ। 'ਅਰਥਸਾਸਤਰ' ਦੇਸ਼ ਦੇ ਹੱਕ 'ਚ ਹੋਣ ਦੀ ਗੱਲ ਨੂੰ ਧਿਆਨ 'ਚ ਰੱਖਦਿਆਂ ਪ੍ਰਧਾਨ ਮੰਤਰੀ ਨੇ ਬੰਗਲਾਦੇਸ ਨਾਲ ਪਹਿਲੀ ਚਾਲ ਚੱਲ ਦਿੱਤੀ ਹੈ, ਜਿਸ ਤੋਂ ਬਾਅਦ ਹੁਣ ਉਨ੍ਹਾਂ ਨੂੰ ਅਗਲੀ ਦਿਸ਼ਾ ਤੈਅ ਕਰਨ ਦੀ ਲੋੜ ਹੈ।

ਜਯੋਤੀ ਮਲਹੋਤਰਾ

# ਪੰਜਾਬੀ ਸਾਹਿਤਕ/ਕਵੀ ਦਰਬਾਰ ਸਿਡਨੀ ਆਸਟ੍ਰੇਲੀਆ

## "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"





ਦੁਨੀਆਂ ਦੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਮਹਾਨ ਕਥਨ ਅਨੁਸਾਰ ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸੀਨੀਅਰ ਸਿਟੀਜਨ ਵਿੰਗ ਵੱਲੋਂ ਪੰਜਾਬੀ ਸਾਹਿਤਕ/ਕਵੀ ਦਰਬਾਰ ਵਿੱਚ ਮਿਤੀ 5 ਅਗੱਸਤ 2026 ਦਿਨ ਬੁਧਵਾਰ ਨੂੰ ਬਾਬਾ ਬੁਢਾ ਜੀ ਹਾਲ ਵਿਖੇ ਡਾਇਰੈਕਟਰ ਸੀਨੀਅਰ ਸਿਟੀਜਨਜ ਸ੍. ਅਮੋਲਕ ਸਿੰਘ ਜਸਵਾਲ ਸਿੰਘ ਦੇ ਦਿਸਾ ਨਿਰਦੇਸਾਂ ਅਨੁਸਾਰ ਵੱਖ ਵੱਖ ਸਾਹਿਤਕ ਰੰਗ ਬਿਖੇਰਦਾ ਗੁਲਦਸਤਾ ਪੇਸ ਕੀਤਾ ਗਿਆ।

ਇਸ ਸਾਹਿਤਕ ਦਰਬਾਰ ਵਿਚ ਭਾਰੀ ਗਿਣਤੀ ਵਿਚ ਪ੍ਰਸਿੱਧ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ।

ਕਹਿੰਦੇ ਹਨ ਕਿ ਜਰੂਰੀ ਨਹੀਂ ਅਸੀਂ ਕਿਸੇ ਮੁਦੇ ਤੇ ਇਕ ਦੂਜੇ ਨਾਲ ਸਹਿਮਤ ਹੋਈਏ ਪਰ ਹਰ ਇਕ ਦੀ ਵਖਰੀ ਸਖਸੀਅਤ, ਵਖਰੀ ਸੋਚ ਤੇ ਵੱਖਰੇ ਜਿੰਦਗੀ ਦੇ ਤਜਰਬੇ ਹੁੰਦੇ ਹਨ। ਸੋ ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਆਪਣੇ ਵਿਚਾਰ ਵੀ ਉਹਨਾਂ ਸਾਹਮਣੇ ਰਖਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤਕ ਦਰਬਾਰ ਨਵਿਆਂ ਸਾਹਿਤਕਾਰਾਂ ਨੂੰ ਬੋਲਣ ਲਈ ਇਕ ਸਾਨਦਾਰ ਮੰਚ ਮੁਹੱਈਆ ਕਰਵਾ ਰਿਹਾ ਹੈ।

ਸਟੇਜ ਸਕੱਤਰ ਦੀ ਭੂਮਿਕਾ ਜੁਗਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਈ। ਇਸ ਖਚਾ ਖਚ ਭਰੇ ਸਾਹਿਤਕ ਦਰਬਾਰ ਵਿਚ ਇਸ ਵਾਰ ਰਿਕਾਰਡ ਤੋੜ 33 ਬੁਲਾਰਿਆਂ ਨੇ ਆਪਣੀਆਂ ਰਚਨਾਵਾਂ ਪੇਸ ਕਰਕੇ ਚੰਗੀ ਵਾਹਵਾ ਖੱਟੀ।

ਪ੍ਰਸਿੱਧ ਲੇਖਕ ਅਤੇ ਕਥਾਵਾਚਕ ਗਿਆਨੀ ਸੰਤੋਖ ਸਿੰਘ ਜੀ ਨੇ ਸਭਾ ਦਾ ਸੁਭ ਆਰੰਭ ਕਰਦਿਆਂ ਸਾਰੇ ਹਾਜਰੀਨਾ ਦਾ ਹਾਜਰੀ ਭਰਨ ਤੇ ਧੰਨਵਾਦ ਕੀਤਾ। ਉਹਨਾਂ ਮੁਹਾਵਰਿਆਂ ਨਾਲ ਸਿੰਗਾਰੀ ਇਕ ਕਵਿਤਾ ਸੁਣਾਈ:

ਘਿਉ ਤਾਜਾ ਜਿਸਦੇ ਘਰ ਅਤੇ ਆਟਾ ਗੁਝਦਾ ਦਾਣੇ ਪੁਰਾਣਿਆਂ ਦਾ। ਖੇਤ ਵਿਚ ਬੋਹਲ ਦਾਣਿਆਂ ਦਾ ਘਰੋਂ ਖਾਲੀ ਨਾ ਜਾਏ ਸਵਾਲੀ ਕੋਈ, ਪਤਾ ਲੱਗ ਜਾਂਦਾ ਉਚ ਘਰਾਣਿਆਂ ਦਾ।

ਬੀਬੀ ਜਸਵਿੰਦਰ ਕੌਰ ਚਾਵਲਾ ਨੇ ਸਬਦ ਗਾਉੜੀ ਮਹਲਾ ਪੰਜਵਾਂ ਦਾ ਗਾਇਨ ਕੀਤਾ :

ਸਾਜਨੁ ਮੀਤੁ ਸਖਾ ਕਰਿ ਏਕੁ, ਹਰਿ ਹਰਿ ਅਖਰ ਮਨ ਮਹਿ ਲੇਖੁ, ਰਵਿ ਰਹਿਆ ਸਰਬਤ ਸੁਆਮੀ।

ਭਗਵੰਤ ਕੌਰ ਜੌਹਲ ਨੇ ਕਵਿਤਾ ਕਾਫਿਲਾ ਸੁਣਾਈ :

ਜਬਰ ਅਤੇ ਜੁਲਮ ਦਾ ਇਮਤਿਹਾਨ ਹੋ ਰਿਹਾ, ਕਾਫਲਾ ਸੱਚ ਦਾ ਜਵਾਨ ਹੋ ਰਿਹਾ, ਉਠੋ ਦੇਸ ਵਾਸੀਓ ਕਤਾਰਾਂ ਬੰਨ੍ਹ ਦਿਉ।

ਕੁਲਦੀਪ ਸਿੰਘ ਜੌਹਲ ਨੇ ਹਾਸਰਸ ਕਵਿਤਾ ਸੁਣਾਕੇ ਹਾਲ ਵਿਚ ਹਾਸਾ ਬਿਖੇਰ ਦਿਤਾ :

ਆਪਣੇ ਸੱਤੇ ਵੀਰ ਬੁਲਾਵਾਂ, ਰੋ ਰੋ ਦਿਲ ਦਾ ਹਾਲ ਸੁਣਾਵਾਂ,ਤੇਰੇ ਫੈਂਟੀ ਰੱਜ ਲਵਾਵਾਂ,ਆਵੇ ਫੇਰ ਮਜਾ ਵੇ ਬੀਬਾ, ਘਰ ਨੂੰ ਛੇਤੀ ਆ ਵੇ ਬੀਬਾ।

ਜੁਗਿੰਦਰ ਸਿੰਘ ਸੋਹੀ ਨੇ ਊਧਮ ਸਿੰਘ ਦੀ ਵਾਰ ਸੁਣਾਕੇ ਝੁਨਝੁਨੀ ਛੇੜ ਦਿਤੀ :

ਮੈਨੂੰ ਫੜ ਲਉ ਲੰਡਨ ਵਾਸੀਓ ਮੈਂ ਖੜਾ ਪੁਕਾਰਾਂ। ਮੈਂ ਮੁਜਰਮ ਨਹੀਂ ਇਖਲਾਕ ਦਾ ਮੈਂ ਵਤਨ ਪੁਜਾਰੀ। ਮੈਂ ਜੋ ਕੁਝ ਕੀਤਾ ਵਤਨ ਲਈ ਭਾਰਤ ਹਿਤਕਾਰੀ, ਮੇਰੇ ਰੋਮ ਰੋਮ ਵਿਚੋਂ ਉਠੀਆਂ ਏਹੋ ਲਲਕਾਰਾਂ।

ਗੀਤਕਾਰ ਹਰਬੰਸ ਸਿੰਘ ਮਾਲਵਾ ਨੇ ਆਪਣੀ ਸੱਜਰੀ ਨਜਮ ਸੁਣਾਕੇ ਵਾਹਵਾ ਖੱਟੀ:

ਕੁਲਦੀਪ ਸਿੰਘ ਜੌਹਲ



ਤੇਰਾ ਸੁਫਨੇ ਵਿੱਚ ਆਉਣਾ ਆਕੇ ਮੁੜਨਾ ਹੀ ਨਾਂ। ਆਕੇ ਗੀਤ ਵਸਲ ਦੇ ਗਾਉਣਾ ਗਾਕੇ ਮੁੜਨਾ ਹੀ ਨਾਂ। ਮਨ ਦੇ ਖੁਲੇ ਬੂਹੇ ਥਾਣੀਂ ਬਿਨਾਂ ਬਿੜਕ ਲੰਘ ਆਵੀਂ।

ਸਟੇਟ ਦੁਆਰਾ ਸਨਮਾਨਿਤ ਮਾਸਟਰ ਲਖਵਿੰਦਰ ਸਿੰਘ ਰਈਆ ਨੇ ਚਾਹ ਨੂੰ ਪਿਆਰ ਦੇ ਫੁਲ ਭੇਂਟ ਕਰਦਿਆਂ ਬੋਲਿਆ:

ਸਾਡੀ ਯਾਰੀ ਚਾਹ ਦੇ ਨਾਲ ਪੁਰਾਣੀ ਏ, ਹਰ ਘੁਟ ਵਿਚ ਚਲਦੀ ਇਕ ਨਵੀਂ ਕਹਾਣੀ ਏ। ਨਾਂ ਸਵੇਰ ਦੀ ਸਰਤ ਨਾ ਸਾਮ ਦਾ ਹਵਾਲਾ, ਜਦ ਜੀ ਕਰੇ ਧਰੀਦਾ ਚਾਹ ਦਾ ਪਿਆਲਾ।

ਬੁਲੰਦ ਅਵਾਜ ਦੇ ਮਾਲਿਕ ਸੰਤੋਖ ਸਿੰਘ ਅੱਟਾ ਨੇ ਬਹਾਦਰ ਸਿਖਾਂ ਵਾਰੇ ਇੰਝ ਆਖਿਆ:

ਸਿੱਖੀ ਮੇਰੀ ਸਾਨ ਨੀ। ਸਾਜਿਆ ਹੈ ਜਿਸ ਮੈਨੂੰ,
ਉਸਤੇ ਹੈ ਮਾਣ ਨੀ। ਹੋਇਆ ਕੀ ਜੇ ਤੂੰ ਫਾਂਸੀ ਹੈਂ ਅੰਗਰੇਜ ਦੀ,ਮੈਂ ਵੀ ਸਿੱਖ ਦਸਮੇਸ ਦਾ।

ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੇ ਸੰਚਾਲਕ ਪ੍ਰੋਫੈਸਰ ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਨੇ ਕਿਹਾ ਕਿ ਜਿਸ ਨੇ ਮਨ ਜਿੱਤ ਲਿਆ ਸਮਝੋ ਉਸਨੇ ਸਾਰਾ ਜੱਗ ਹੀ ਜਿਤ ਲਿਆ। ਉਹਨਾਂ ਅਗੇ ਕਿਹਾ ਕਿ ਮਨ ਤੇ ਕੰਟਰੋਲ ਸਾਨੂੰ ਗਿਆਨ ਰਾਹੀਂ ਪ੍ਰਾਪਤ ਹੋਵੇਗਾ ਅਤੇ ਗਿਆਨ ਸਾਨੂੰ ਕਿਥੋਂ ਆਵੇਗਾ ਇਹ ਗੁਰਬਾਣੀ ਦੇ ਮਹਾਵਾਕ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਏ' ਰਾਹੀਂ ਸਮਝਾਇਆ ਗਿਆ ਹੈ।

ਫਿਲਾਸਫੀਕਲ ਸੋਚ ਦੇ ਮਾਲਕ ਪ੍ਰਿੰਸੀਪਲ ਗੁਰਜੰਟ ਸਿੰਘ ਨੇ ਸਾਹਿਤ ਵਿਚ ਨਵਾਂਪਣ ਲਿਆਉਂਦਿਆਂ 'ਮਿਟੀ ਤਾਂ ਫਰੋਲ ਜੋਗੀਆ' ਕਵਿਤਾ ਰਾਹੀਂ ਕੁਝ ਨਵਾਂ ਹੀ ਲੱਭਣ ਦੀ ਕੋਸਿਸ ਕੀਤੀ:

ਹਿੰਮਤਾਂ ਦੇ ਅੱਗੇ ਦੌਲਤਾਂ ਕਦੇ ਵੀ ਨਾ ਰੁਕੀਆਂ, ਤੁਰਦੇ ਨੇ ਜੋਂ ਪੱਕੇ ਪੈਰੀਂ ਮੰਜਲਾਂ ਉਹਨਾਂ ਅੱਗੇ ਝੁਕੀਆਂ। ਤੂੰ ਕਾਹਤੋਂ ਪੈ ਗਿਉਂ ਗਮਾਂ ਦੇ ਪੈਰੀਂ ਜਾਕੇ, ਮਿੱਟੀ ਤਾਂ ਫਰੋਲ ਜੋਗੀਆ, ਲੱਭ ਜਾਣਗੇ ਲਾਲ ਗਵਾਚੇ।

ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਦੋ ਲਾਈਨਾਂ ਵਿਚ ਹੀ ਕੁਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਸੱਚ ਕਰ ਵਿਖਾਈ। ਉਹਨਾਂ ਕਿਹਾ ਸਮੁੰਦਰ ਅਤੇ ਗੁਰਬਾਣੀ ਦੋਨੋਂ ਹੀ ਗਹਿਰੇ ਹਨ ਫਰਕ ਸਿਰਫ ਏਨਾਂ ਕੁ ਹੈ ਕਿ ਇਨਸਾਨ ਗਹਿਰੇ ਸਮੁੰਦਰ ਵਿੱਚ ਜਾਕੇ ਡੁੱਬ ਜਾਂਦਾ ਹੈ ਪਰ ਜੇ ਗੁਰਬਾਣੀ ਵਿੱਚ ਗਹਿਰੇ ਜਾਉਗੇ ਤਾਂ ਤਰ ਜਾਵੋਂਗੇ।

ਪ੍ਰਿਤਪਾਲ ਸਿੰਘ ਮਠਾੜੂ ਨੇ ਇਕ ਇਨਸਾਨ ਦੇ ਆਪਣੇ ਦੇਸ ਤੋਂ ਵਿਛੜੇ ਹੋਏ ਦੇ ਮਨ ਦੀ ਵੇਦਨਾ ਗੀਤ ਰਾਹੀਂ ਬਿਆਨ ਕੀਤੀ:

ਹਮ ਤੋ ਹੈਂ ਪ੍ਰਦੇਸ ਮੇਂ, ਦੇਸ ਮੇਂ ਨਿਕਲਾ ਹੋਗਾ ਚਾਂਦ। ਅਪਨੀ ਰਾਤ ਕੀ ਛੱਤ ਪਰ ਕਿਤਨਾਂ ਤਨਹਾ ਹੋਗਾ ਚਾਂਦ।

ਬੀਬੀ ਕੁਲਦੀਪ ਕੌਰ ਮਠਾੜੂ ਨੇ ਕਵਿਤਾ 'ਸੇਲ' ਸੁਣਾਕੇ ਕੁਝ ਕੰਮ ਦੀਆਂ ਗੱਲਾਂ ਕਰਨ ਲਈ ਪ੍ਰੇਰਤ ਕੀਤਾ :

ਸੇਲ ਸੇਲ, ਇਕ ਨਾਲ ਇਕ ਫਰੀ। ਈਰਖਾ ਨਾਲ ਸਿਰਦਰਦ ਫਰੀ, ਕਸਰਤ ਨਾਲ ਅੱਛੀ ਸਿਹਤ ਫਰੀ, ਪਿਆਰ ਨਾਲ ਰੱਬੀ ਮਿਹਰ ਫਰੀ।

ਕਵਿਤਰੀ ਸੁਖਵਿੰਦਰ ਕੌਰ ਆਹੀ ਨੇ ਆਪਣੀ ਸੱਜਰੀ ਕਿਤਾਬ "ਤੇਰੇ ਆਉਣ 'ਤੇ" ਵਿਚੋਂ ਆਪਣਾ ਨਵਾਂ ਰਿਕਾਰਡ ਹੋਇਆ ਗੀਤ ਸੁਣਾਇਆ:

ਤੂੰ ਜਾਗ ਕਿਰਤੀਆ ਵੇ ਉਠ ਲਾ ਇਨਕਲਾਬ ਦਾ ਨਾਹਰਾ। ਸਮਾਂ ਬੜਾ ਹੈ ਅਨਮੋਲ, ਲੰਘਿਆ ਮੁੜਨਾ ਨਹੀ ਦੁਬਾਰਾ।

ਕਈ ਕਿਤਾਬਾਂ ਦੇ ਲੇਖਕ ਹਰਮੋਹਨ ਵਾਲੀਆਂ ਨੇ ਆਪਣੀ ਲਿਖੀ ਕਿਤਾਬ ਵਿਚੋਂ "ਗੁਰੂ ਘੰਟਾਲ" ਕਵਿਤਾ ਇੰਝ ਬਿਆਨ ਕੀਤੀ:

ਮੈਂ ਕੈਂਸਰ ਵੀ ਠੀਕ ਕਰਵਾ ਸਕਦਾ ਹਾਂ ਭਟਕਿਆਂ ਨੂੰ ਰਾਹੇ ਪਾ ਸਕਦਾ ਹਾਂ, ਜੋ ਚਾਹੋ ਲਿਆ ਸਕਦਾ ਹਾਂ। ਮੈਂ ਹੱਦੋਂ ਵੱਧ ਬਲਵਾਨ ਹਾਂ, ਲੋਕੀ ਕਹਿੰਦੇ ਮੈਂ ਗੁਰੂ ਘੰਟਾਲ ਹਾਂ।

ਸੀਨੀਅਰ ਐਡਵੋਕੇਟ ਅਵਤਾਰ ਸਿੰਘ ਖਹਿਰਾ ਨੇ ਪੋਲੂਸਨ ਦੇ ਕੋਹੜ ਉਤੇ

ਲਿਖੀ ਸਾਧੂ ਰਾਮ ਲੰਗੇਆਣਾ ਦੀ ਕਵਿਤਾ:
ਮਾਰ ਦੁੱਖੜੇ ਉਚੀ ਉਚੀ ਧਰਤੀ ਮਾਂ ਕੁਰਲਾਉਂਦੀ ਆ, ਪਾਉ ਨਾਨਕ ਜੀ ਫੇਰਾ ਹੱਥ ਜੋੜ ਵਾਸਤਾ ਪਾਉਂਦੀ ਹੈ। ਗੰਧਲੇ ਹੋਏ ਪੰਜ ਆਬ ਸਿਆਂ, ਕਿੰਝ ਕਰਾਂ ਤੇਰੀਆਂ ਸਿਫਤਾਂ ਦਸ ਪੰਜਾਬ ਸਿਆਂ।

ਗੁਰਮੀਤ ਸਿੰਘ ਖਹਿਰਾ ਜਗਰਾਓਂ ਨੇ ਸਵਾਲ ਕੀਤਾ :
ਉਹਦੀ ਮਰਜੀ ਦੇ ਬਿਨਾਂ ਜੇ ਪੱਤਾ ਨਹੀਂ ਹਿਲ ਸਕਦਾ, ਲਾ ਗਿਆ ਲਾਸਾਂ ਦੇ ਕੌਣ ਅੰਬਾਰ ਦੱਸੋ ? ਪੱਖਪਾਤੀ ਹੈ ਮੁੱਢੋਂ ਅਰਦਾਸ ਜੇਕਰ ਉਹਨੂੰ ਮੰਨਾਂਗਾ ਕਿਵੇਂ ਅਰਦਾਸ ਦੱਸੋ।

ਸੀਨੀਅਰ ਮੈਨੇਜਰ ਨਰਿੰਦਰਪਾਲ ਸਿੰਘ ਨੇ ਸਾਹ ਮੁਹੰਮਦ ਦੀ ਵਾਰ ਸੁਣਾਈ
ਆਈਆਂ ਪੜਤਲਾਂ ਬੀੜ ਕੇ ਤੋਪਖਾਨੇ ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ। ਸਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆ ਲਹੂ ਨਿਚੋੜ ਸੁੱਟੇ।

ਰਿਟਾਇਰਡ ਵਾਈਸ ਚਾਂਸਲਰ ਨਛੱਤਰ ਸਿੰਘ ਮੱਲ੍ਹੀ ਨੇ ਚੰਗੀ ਸਿਹਤ ਲਈ ਕੁਝ ਜਰੂਰੀ ਨੁਕਤਿਆਂ ਤੇ ਚਾਨਣਾ ਪਾਇਆ। ਉਹਨਾਂ ਕਿਹਾ ਗੂੜ੍ਹੀ ਨੀਂਦ, ਰੋਜਾਨਾ ਦੀ ਕਸਰਤ, ਧੁਪ ਵਿਚ ਬੈਠਣਾ, ਹਰੀਆਂ ਸਬਜੀਆਂ ਅਤੇ ਤਾਜੇ ਫਲ ਖਾਣੇ ਸਿਹਤ ਲਈ ਬਹੁਤ ਗੁਣਕਾਰੀ ਹਨ। ਸਾਨੂੰ ਜੰਕ ਅਤੇ ਪ੍ਰੋਸੈਸਿੰਗ ਕੀਤੇ ਫੂਡ ਤੋਂ ਸਦਾ ਪਰਹੇਜ ਕਰਨਾ ਚਾਹੀਦਾ ਹੈ। ਇਸਤੋਂ ਇਲਾਵਾ ਜੇਕਰ ਕਿਸੇ ਦੇ ਮਾਤਾ ਜਾਂ ਪਿਤਾ ਬਦਕਿਸਮਤੀ ਨਾਲ ਕਿਸੇ ਖਾਸ ਲਾਇਲਾਜ ਬੀਮਾਰੀ ਨਾਲ ਮਰ ਗਏ ਹੋਣ ਤਾਂ ਉਸਦੀ ਉਲਾਦ ਨੂੰ ਉਸੇ ਬੀਮਾਰੀ ਵਾਰੇ ਸੁਚੇਤ ਰਹਿਕੇ ਆਪਣੀ ਸਰੀਰਕ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਪੰਜਾਬ ਹੈਰਾਲਡ ਦੇ ਸੰਪਾਦਕ ਡਾਕਟਰ ਅਵਤਾਰ ਸਿੰਘ ਸੰਘਾ ਨੇ ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਦੁਆਰਾ ਉਠਾਏ ਗਏ ਵਿਸੇ "ਪੰਜਾਬੀਆਂ ਖਾਸ ਕਰਕੇ ਸਿਖਾਂ ਦੀਆਂ ਨਜਰਾਂ ਵਿਚ ਮਹਾਤਮਾ ਗਾਂਧੀ" ਦੇ ਸਬੰਧ ਵਿੱਚ ਆਪਣੇ ਵਿਚਾਰ ਪੇਸ ਕਰਦਿਆਂ ਵਿਸੇ ਦੀ ਨੇੜਲੇ ਇਤਿਹਾਸਕ ਸੰਦਰਭ ਵਿਚ ਪੜਚੋਲ ਕੀਤੀ। ਠੋਸ ਮੁਦਾ ਮਹਾਤਮਾ ਗਾਂਧੀ ਦੀ ਗੋਰਿਆਂ ਪ੍ਰਤੀ ਮਿਲਵਰਤਣ ਅਤੇ ਨਾ ਮਿਲਵਰਤਣ ਦੀ ਡਬਲ ਪਾਲਿਸੀ ਸੀ। ਸਿਖ ਇਸ ਪ੍ਰਕਾਰ ਦੀ ਦੋਹਰੀ ਪਾਲਿਸੀ ਨੂੰ ਪਸੰਦ ਨਹੀਂ ਕਰਦੇ ਸਨ।

ਭਵਨਜੀਤ ਸਿੰਘ ਜਗਰਾਓਂ ਨੇਂ ਕਿਹਾ
ਹਿੰਮਤ ਨਾ ਹਾਰੀਂ ਸੋਹਣਿਆਂ ਓਲਡ ਇਜ ਗੋਲਡ ਹੁੰਦਾ। ਉਹ ਨੀ ਟੁਟਦਾ ਟਾਹਣਾਂ ਜਿਹੜਾ ਵੱਲ ਮੋਲਡ ਹੁੰਦਾ। ਮੰਜਲ ਜਦ ਨੇੜੇ ਦਿਸਦੀ ਮਾਰੀਂ ਨਾ ਚਾਵਾਂ ਨੂੰ, ਨੱਕੇ ਨੀ ਲਗਦੇ ਹੁੰਦੇ ਸੱਜਣਾ ਦਰਿਆਵਾਂ ਨੂੰ।

ਦਰਸਨ ਸਿੰਘ ਪੰਧੇਰ ਨੇ ਤਰੰਨਮ ਵਿਚ ਸੰਗੀਤ ਦੀ ਤਾਲ ਤੇ ਮਹਿੰਦਰ ਕਪੂਰ ਦਾ ਗਾਇਆ ਇਕ ਗੀਤ ਸੁਣਾਇਆ:
ਅਰੀ ਓ ਸੋਖ ਕਲੀਆਂ ਮੁਸਕਰਾ ਦੇਨਾ, ਵੋਹ ਜਬ ਆਇ ਸੁਨੋ ਫੂਲੋਂ, ਮਹਿਕ ਅਪਨੀ ਲੁਟਾ ਦੇਨਾ।

ਜਗਤਜੀਤ ਸਿੰਘ ਅਰਸੀ ਨੇ ਸੇਅਰ: ਹਜਾਰੋਂ ਬਰਸ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ ਅਤੇ ਤੁਲਸੀ ਧਾਗਾ ਪ੍ਰੇਮ ਕਾ ਮਤ ਤੋੜੋ ਝੜਕਾਇ ਸੁਣਾਉਣ ਤੋਂ ਬਾਅਦ ਕਵਿਤਾ ਇਨਕਲਾਬ ਅਤੇ ਇਨਸਾਨੀਅਤ ਦਾ ਖ਼ੂਨ ਹੋ ਰਿਹਾ ਏ ਸੁਣਾਈ।

# ਖਤਰੇ ਦੇ ਪਹਾੜਾਂ ਨੂੰ ਸੰਭਾਲਣ ਦਾ ਵੇਲਾ



ਨੇਪਾਲ 'ਚ ਕੁਝ ਦਿਨ ਪਹਿਲਾਂ ਬਰਫ-ਚੱਟਾਨ ਦੇ ਵਿਸਾਲ ਹਿੱਸੇ ਦੇ ਢਹਿ ਕੇ ਹੇਠਾਂ ਆਉਣ ਨਾਲ ਪੈਦਾ ਹੋਏ ਮਲਬੇ ਦੇ ਤਬਾਹਕਾਰੀ ਹੜ੍ਹ ਨੇ ਇਕ ਵਾਰ ਫਿਰ ਪੂਰੀ ਦੁਨੀਆ ਨੂੰ ਇਹ ਸਪੱਸਟ ਸੁਨੇਹਾ ਦਿੱਤਾ ਹੈ ਕਿ ਹਿਮਾਲਿਆ ਵਰਗੇ ਨਾਜੁਕ ਪਹਾੜੀ ਖੇਤਰਾਂ 'ਚ ਵਾਤਾਵਰਣ ਸੁਰੱਖਿਆ ਅਤੇ ਕੁਦਰਤੀ ਖਤਰਿਆਂ ਨੂੰ ਨਜਰਅੰਦਾਜ ਕਰਕੇ ਕੀਤਾ ਗਿਆ ਵਿਕਾਸ ਆਖਰਕਾਰ ਮਨੁੱਖੀ ਜਾਨਾਂ ਤੇ ਬੁਨਿਆਦੀ ਢਾਂਚੇ ਲਈ ਵੱਡਾ ਜੋਖਮ ਬਣ ਸਕਦਾ ਹੈ। ਅਸੀਂ ਪਹਿਲਾਂ ਹੋਈਆਂ ਤਬਾਹੀਆਂ ਤੋਂ ਕੋਈ ਸਬਕ ਨਹੀਂ ਲੈ ਰਹੇ।

ਤ੍ਰਾਸਦੀ ਤਾਂ ਇਹ ਹੈ ਕਿ ਧਰਤੀ ਦੇ ਔਸਤ ਤਾਪਮਾਨ 'ਚ ਲਗਾਤਾਰ ਹੋ ਰਹੇ ਵਾਧੇ, ਜਿਸ ਨੂੰ ਗਲੋਬਲ ਵਾਰਮਿੰਗ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, 'ਚ ਨਾਮਾਤਰ ਯੋਗਦਾਨ ਪਾਉਣ ਵਾਲੇ ਦੇਸ ਵੀ ਜਲਵਾਯੂ ਤਬਦੀਲੀ ਦੇ ਗੰਭੀਰ ਪ੍ਰਭਾਵ ਝੱਲ ਰਹੇ ਹਨ। ਗਲੋਬਲ ਵਾਰਮਿੰਗ ਮੁੱਖ ਤੌਰ 'ਤੇ ਮਨੁੱਖੀ ਗਤੀਵਿਧੀਆਂ ਕਾਰਨ ਵਾਯੂਮੰਡਲ 'ਚ ਗ੍ਰੀਨਹਾਊਸ ਗੈਸਾਂ, ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ ਦੇ ਜਮ੍ਹਾਂ ਹੋਣ ਨਾਲ ਹੁੰਦੀ ਹੈ। ਸੂਰਜ ਦੀਆਂ ਕਿਰਨਾਂ ਧਰਤੀ ਨੂੰ ਗਰਮ ਕਰਦੀਆਂ ਹਨ। ਧਰਤੀ ਇਸ ਗਰਮੀ ਦਾ ਕੁਝ ਹਿੱਸਾ ਵਾਪਸ ਪੁਲਾੜ 'ਚ ਛੱਡਦੀ ਹੈ ਪਰ ਵਾਯੂਮੰਡਲ 'ਚ ਮੌਜੂਦ ਇਹ ਗ੍ਰੀਨਹਾਊਸ ਗੈਸਾਂ ਧਰਤੀ ਤੋਂ ਪੁਲਾੜ ਵੱਲ ਜਾਣ ਵਾਲੀ ਗਰਮੀ ਦਾ ਕੁਝ ਹਿੱਸਾ ਸੋਖ ਕੇ ਮੁੜ ਵਾਤਾਵਰਣ ਵੱਲ ਭੇਜਦੀਆਂ ਹਨ, ਜਿਸ ਨਾਲ ਧਰਤੀ ਦਾ ਔਸਤ ਤਾਪਮਾਨ ਵਧਦਾ ਹੈ। ਬਿਜਲੀ ਬਣਾਉਣ, ਫੈਕਟਰੀਆਂ ਚਲਾਉਣ ਅਤੇ ਵਾਹਨਾਂ 'ਚ ਤੇਲ-ਕੋਲਾ ਬਾਲਣ ਨਾਲ ਸਭ ਤੋਂ ਵੱਧ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ।

ਜੰਗਲਾਂ ਦੀ ਲਗਾਤਾਰ ਕਟਾਈ ਹੋ ਰਹੀ ਹੈ। ਦਰੱਖਤ ਹਵਾ 'ਚੋਂ ਕਾਰਬਨ ਡਾਈਆਕਸਾਈਡ ਸੋਖਦੇ ਹਨ। ਜੰਗਲਾਂ ਦੇ ਕੱਟਣ ਨਾਲ ਕਾਰਬਨ ਸੋਖਣ ਦੀ ਸਮਰੱਥਾ ਘਟਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਖੇਤੀ ਅਤੇ ਦੁਧਾਰੂ ਪਸੂਆਂ ਦੇ ਪਾਚਨ ਤੰਤਰ 'ਚੋਂ ਵੱਡੀ ਮਾਤਰਾ 'ਚ ਮੀਥੇਨ ਗੈਸ ਨਿਕਲਦੀ ਹੈ। ਸੰਯੁਕਤ ਰਾਸਟਰ ਦੀ ਜਲਵਾਯੂ ਤਬਦੀਲੀ ਬਾਰੇ ਅੰਤਰ-ਸਰਕਾਰੀ ਪੈਨਲ ਦੀ ਛੇਵੀਂ ਮੁਲਾਂਕਣ ਰਿਪੋਰਟ ਮੁਤਾਬਕ ਪਿਛਲੇ 100 ਸਾਲ ਦੇ ਪੈਮਾਨੇ 'ਤੇ ਮੀਥੇਨ ਕਾਰਬਨ ਡਾਈਆਕਸਾਈਡ ਨਾਲੋਂ ਲਗਭਗ 2730 ਗੁਣਾ ਅਤੇ 20 ਸਾਲ ਦੇ ਪੈਮਾਨੇ 'ਤੇ ਲਗਭਗ 8183 ਗੁਣਾ ਗਰਮੀ ਵਧਾਉਣ ਦੀ ਸਮਰੱਥਾ ਰੱਖਦੀ ਹੈ। ਵਾਤਾਵਰਣ ਤੇ ਕੁਦਰਤੀ ਆਫਤਾਂ ਦੇ ਸੰਦਰਭ 'ਚ ਨੇਪਾਲ ਤੇ ਭੁਟਾਨ ਦੀ ਤ੍ਰਾਸਦੀ ਇਹ ਹੈ ਕਿ ਭੁਟਾਨ ਦੁਨੀਆ ਦਾ ਪਹਿਲਾ 'ਕਾਰਬਨ ਨੈਗੇਟਿਵ' ਦੇਸ ਹੋਣ ਅਤੇ ਨੇਪਾਲ ਦੇ ਘੱਟ ਨਿਕਾਸ ਦੇ ਬਾਵਜੂਦ, ਦੋਵੇਂ ਗਲੋਬਲ ਗ੍ਰੀਨਹਾਊਸ ਗੈਸਾਂ ਦੇ ਪ੍ਰਭਾਵਾਂ ਦੀ ਕੀਮਤ ਜਾਨਾਂ ਅਤੇ ਵਾਤਾਵਰਣ ਦੀ ਤਬਾਹੀ ਰਾਹੀਂ ਚੁਕਾ ਰਹੇ ਹਨ। ਨੇਪਾਲ 'ਚ ਇਸੇ 26 ਅਗਸਤ ਨੂੰ ਲੈਂਗਟਾਂਗ ਲਿਰੁੰਗ ਦੇ ਉੱਤਰੀ ਪਾਸੇ ਰਾਸੁਵਾ ਵਿਖੇ ਬਰਫ ਤੇ ਚੱਟਾਨਾਂ ਢਹਿਣ ਨਾਲ ਘਟਨਾਵਾਂ ਦੀ ਲੜੀ ਸੁਰੂ ਹੋਈ। ਭਾਰੀ ਮਲਬਾ ਅਤੇ ਪਾਣੀ ਹੇਠਾਂ ਵਗਿਆ ਅਤੇ ਭੋਟੇ ਕੋਸੀ-ਤ੍ਰਿਸੂਲੀ ਘਾਟੀ 'ਚ ਵਿਨਾਸਕਾਰੀ ਹੜ੍ਹ ਆਇਆ।

ਮਲਬੇ ਦੀ ਰਫਤਾਰ ਬੇਹੱਦ ਤੇਜ ਸੀ ਅਤੇ ਇਹ ਘਟਨਾਸਥਲ ਤੋਂ 22 ਕਿਲੋਮੀਟਰ ਦੂਰ ਰਾਸੁਵਾਗਾਧੀ ਤੱਕ ਸੱਤ ਮਿੰਟ ਤੋਂ ਥੋੜ੍ਹੇ ਵੱਧ ਸਮੇਂ 'ਚ ਪਹੁੰਚ ਗਿਆ। ਇਸ ਘਟਨਾ ਦਾ ਪ੍ਰਭਾਵ ਕਰੀਬ ਸੌ ਕਿਲੋਮੀਟਰ ਤੱਕ ਦੇਖਿਆ ਗਿਆ। ਮੁੱਢਲੇ ਅਨੁਮਾਨ ਮੁਤਾਬਕ ਪ੍ਰਭਾਵਿਤ ਖੇਤਰਾਂ 'ਚ ਲਗਭਗ 22 ਲੱਖ ਟਨ ਮਲਬਾ ਮੌਜੂਦ ਹੈ। ਮ੍ਰਿਤਕਾਂ ਤੇ ਲਾਪਤਾ ਲੋਕਾਂ ਦੀ ਗਿਣਤੀ ਹਾਲੇ ਵੀ ਬਦਲ ਰਹੀ ਹੈ। ਜਿੱਥੋਂ ਤੱਕ ਦੂਸਰੇ ਨੁਕਸਾਨਾਂ ਦਾ ਸਵਾਲ ਹੈ, ਸੁਰੂਆਤੀ ਸਰਕਾਰੀ ਅੰਕੜਿਆਂ ਅਨੁਸਾਰ ਦਰਜਨਾਂ ਪੁਲ ਅਤੇ ਲਗਭਗ 40 ਕਿਲੋਮੀਟਰ ਸੜਕਾਂ ਤਬਾਹ ਜਾਂ ਨੁਕਸਾਨੀ ਹੋਈਆਂ। ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਵੀ ਭਾਰੀ ਨੁਕਸਾਨ ਹੋਇਆ। ਹਿਮਾਲਿਆ 'ਚ ਤਾਪਮਾਨ ਵਧਣ ਅਤੇ ਗਲੇਸੀਅਰਾਂ ਦੇ ਪਿੱਛੇ ਹਟਣ ਨਾਲ ਕਈ ਥਾਵਾਂ 'ਤੇ ਕੁਦਰਤੀ ਰੁਕਾਵਟਾਂ ਦੇ ਪਿੱਛੇ ਪਾਣੀ ਇਕੱਠਾ ਹੋ ਕੇ ਗਲੇਸੀਅਰ ਝੀਲਾਂ ਬਣ ਸਕਦੀਆਂ ਹਨ। ਜਿੱਥੇ ਪਰਮਾ-ਫਰੌਸਟ ਜਾਂ ਲੰਬੇ ਸਮੇਂ ਤੱਕ ਜੰਮੀ ਜਮੀਨ ਮੌਜੂਦ ਰਹਿੰਦੀ ਹੈ, ਉੱਥੇ ਬਰਫ ਪਿਘਲਣ ਅਤੇ ਤਾਪਮਾਨ ਵਧਣ ਨਾਲ ਢਲਾਣਾਂ ਦੀ ਸਥਿਰਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਕਰਕੇ ਉੱਪਰੋਂ ਬਰਫ ਜਾਂ ਚੱਟਾਨਾਂ ਝੀਲ 'ਚ ਡਿੱਗਣ, ਭਾਰੀ ਮੀਂਹ ਜਾਂ ਝੀਲ 'ਚ ਪਾਣੀ ਦਾ ਪੱਧਰ ਬਹੁਤ ਵਧ ਜਾਣ ਵਰਗੇ ਕਾਰਨਾਂ ਨਾਲ ਕੁਦਰਤੀ ਬੰਨ੍ਹ ਟੁੱਟ ਸਕਦਾ ਹੈ ਅਤੇ ਝੀਲ ਦਾ ਪਾਣੀ ਅਚਾਨਕ ਹੇਠਾਂ ਵਗ ਸਕਦਾ ਹੈ। ਇਸ ਨੂੰ ਗਲੇਸੀਅਲ ਲੇਕ ਆਉਟਬਰਸਟ ਫਲੱਡ (ਗਲੋਫ) ਕਿਹਾ ਜਾਂਦਾ ਹੈ ਪਰ ਨੇਪਾਲ ਚੀਨ ਸਰਹੱਦ ਤੇ ਰਾਸੁਵਾ ਦੀ 26 ਅਗਸਤ ਦੀ ਘਟਨਾ ਨੂੰ ਤਕਨੀਕੀ ਤੌਰ 'ਤੇ ਗਲੋਫ ਕਹਿਣਾ ਠੀਕ ਨਹੀਂ ਹੋਵੇਗਾ। ਮੁੱਢਲੇ ਵਿਗਿਆਨਕ ਸਬੂਤ ਇਸ ਨੂੰ ਬਰਫ-ਚੱਟਾਨ ਦੇ ਵਿਸਾਲ ਹਿੱਸੇ ਦੇ ਡਿੱਗਣ ਨਾਲ ਸੁਰੂ ਹੋਈ ਲੜੀਵਾਰ ਤਬਾਹੀ ਵਜੋਂ ਦਰਸਾਉਂਦੇ ਹਨ। ਇਸ 'ਚ ਮਲਬੇ ਨੇ ਲਹੇਂਦੇ ਖੋਲਾ ਨੂੰ ਅਸਥਾਈ ਤੌਰ 'ਤੇ ਰੋਕਿਆ ਅਤੇ ਬਾਅਦ 'ਚ ਉਸ ਰੁਕਾਵਟ ਦੇ ਟੁੱਟਣ ਨਾਲ ਮਲਬੇ ਦਾ ਭਿਆਨਕ ਹੜ੍ਹ ਆਇਆ। ਤਕਨੀਕੀ ਤੌਰ 'ਤੇ ਦੋਵਾਂ 'ਚ ਫਰਕ ਹੈ ਪਰ ਨਤੀਜੇ ਜਾਨ ਅਤੇ ਮਾਲ ਦੇ ਨੁਕਸਾਨ ਦੇ ਰੂਪ 'ਚ ਹੀ ਸਾਹਮਣੇ ਆਉਂਦੇ ਹਨ।

ਭਾਰਤੀ ਹਿਮਾਲਿਆ ਦੇ ਕਈ ਖੇਤਰ ਗਲੇਸੀਅਰਾਂ ਦੇ ਪਿੱਛੇ ਹਟਣ, ਵਧਦੀਆਂ ਝੀਲਾਂ, ਅਸਥਿਰ ਢਲਾਣਾਂ ਅਤੇ ਗਲੋਫ ਸਮੇਤ ਗਲੇਸੀਅਰ-ਚੱਟਾਨ ਸਰਕਣ ਦੇ ਖਤਰਿਆਂ ਲਈ ਸੰਵੇਦਨਸੀਲ ਹਨ। ਇਸਰੋ ਦੇ ਸਰਵੇਖਣ ਅਨੁਸਾਰ 201617 'ਚ ਪਛਾਣੀਆਂ ਗਈਆਂ 10 ਹੈਕਟੇਅਰ ਤੋਂ ਵੱਡੀਆਂ 2,431 ਗਲੇਸੀਅਰ ਝੀਲਾਂ 'ਚੋਂ 676 ਦੇ ਖੇਤਰਫਲ 'ਚ 1984 ਤੋਂ ਬਾਅਦ ਮਹੱਤਵਪੂਰਨ ਵਾਧਾ ਹੋਇਆ ਹੈ, ਇਨ੍ਹਾਂ 'ਚੋਂ 130 ਝੀਲਾਂ ਭਾਰਤ ਦੇ ਅੰਦਰ ਹਨ। ਹਿਮਾਚਲ ਦੀ ਘੇਪਾਂਗ ਘਾਟ ਝੀਲ 1989 ਤੋਂ 2022 ਤੱਕ 36.49 ਤੋਂ ਵਧ ਕੇ 101.30 ਹੈਕਟੇਅਰ ਹੋ ਗਈ-ਲਗਭਗ 178 % ਵਾਧਾ। ਲੱਦਾਖ, ਜੰਮੂ-ਕਸਮੀਰ ਤੇ ਅਰੁਣਾਚਲ ਪ੍ਰਦੇਸ ਵੀ ਸੰਵੇਦਨਸੀਲ ਹਨ। ਅਰੁਣਾਚਲ 'ਚ ਗਲੇਸੀਅਰ ਤੇ ਉੱਚ-ਪਹਾੜੀ ਢਲਾਣਾਂ ਨਾਲ ਸਬੰਧਤ ਘਟਨਾਵਾਂ ਸਿਆਂਗ/ਬ੍ਰਹਮਪੁੱਤਰ ਪ੍ਰਣਾਲੀ 'ਚ ਅਚਾਨਕ ਹੜ੍ਹਾਂ ਦਾ ਖਤਰਾ ਵਧਾ ਸਕਦੀਆਂ ਹਨ। ਇਸੇ ਤਰ੍ਹਾਂ ਪੱਛਮੀ ਹਿਮਾਲਿਆ 'ਚ ਅਜਿਹੀਆਂ ਘਟਨਾਵਾਂ ਸਤਲੁਜ, ਬਿਆਸ, ਰਾਵੀ ਅਤੇ ਹੋਰ ਦਰਿਆਈ ਪ੍ਰਣਾਲੀਆਂ ਰਾਹੀਂ ਹੇਠਲੇ ਇਲਾਕਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਸਤਲੁਜ ਦਾ ਉੱਪਰੀ ਕੈਚਮੈਂਟ ਤਿੱਬਤ ਤੇ ਹਿਮਾਚਲ ਦੇ ਉੱਚ ਹਿਮਾਲਿਆਈ ਖੇਤਰਾਂ ਤੱਕ ਫੈਲਿਆ ਹੋਣ ਕਾਰਨ ਉੱਥੇ ਬਰਫ-ਚੱਟਾਨ ਦੇ ਵੱਡੇ ਪੱਧਰ ਤੇ ਖਿਸਕਣ, ਗਲੋਫ ਜਾਂ ਬੇਹੱਦ ਜਿਆਦਾ ਮੀਂਹ ਵਰਗੀਆਂ ਘਟਨਾਵਾਂ ਕਾਰਨ ਪਾਣੀ ਅਤੇ ਮਲਬਾ ਹੇਠਲੇ ਡੈਮਾਂ ਲਈ ਮਹੱਤਵਪੂਰਨ ਖਤਰਾ ਬਣ ਸਕਦਾ ਹੈ।

ਇਸ ਲਈ ਭਾਖੜਾ-ਗੋਬਿੰਦ ਸਾਗਰ ਸਮੇਤ ਸਤਲੁਜ ਦੇ ਇਸ ਪੂਰੇ ਇਲਾਕੇ ਲਈ ਹਰ ਤਰ੍ਹਾਂ ਦੇ ਖਤਰੇ ਨੂੰ ਧਿਆਨ 'ਚ ਰੱਖਣਾ ਜਰੂਰੀ ਹੈ। ਮਾਹਿਰਾਂ ਮੁਤਾਬਕ ਇਸ ਤਰਾਂ ਦੀ ਤਬਾਹੀ ਤੋਂ ਬਚਾਉਣ ਲਈ ਬੇਹੱਦ ਜਰੂਰੀ ਹੈ ਕਿ ਸੰਵੇਦਨਸੀਲ ਗਲੇਸੀਅਰ ਝੀਲਾਂ 'ਤੇ ਸੈਂਸਰ ਅਤੇ ਸੈਟੇਲਾਈਟ ਆਧਾਰਿਤ ਨਿਗਰਾਨੀ ਸਿਸਟਮ ਲਗਾਏ ਜਾਣ। ਖਤਰਨਾਕ ਝੀਲਾਂ 'ਚੋਂ ਸਾਈਫਨ ਪਾਈਪਾਂ ਜਾਂ ਹੋਰ ਉਚਿਤ ਤਰੀਕਿਆਂ ਰਾਹੀਂ ਪਾਣੀ ਦਾ ਪੱਧਰ ਪਹਿਲਾਂ ਹੀ ਘਟਾਇਆ ਜਾਵੇ। ਨਾਜੁਕ ਪਹਾੜੀ ਇਲਾਕਿਆਂ ਅਤੇ ਉੱਚ-ਜੋਖਮ ਵਾਲੇ ਸਥਾਨਾਂ 'ਤੇ ਅੰਨ੍ਹੇਵਾਹ ਡੈਮਾਂ ਤੇ ਵੱਡੇ ਬੁਨਿਆਦੀ ਢਾਂਚੇ ਦੇ ਨਿਰਮਾਣ ਤੋਂ ਪਰਹੇਜ ਕੀਤਾ ਜਾਵੇ। ਇਸ ਤੋਂ ਇਲਾਵਾ ਸਰਹੱਦ ਪਾਰ ਸਹਿਯੋਗ ਵੀ ਬੇਹੱਦ ਜਰੂਰੀ ਹੈ। ਦੁਨੀਆਂ ਦੇ ਇਸ ਖਿੱਤੇ 'ਚ ਚੀਨ, ਨੇਪਾਲ ਤੇ ਭਾਰਤ ਵਿਚਕਾਰ ਨਾ ਕੇਵਲ ਦਰਿਆਈ ਅਤੇ ਗਲੇਸੀਅਲ ਡਾਟਾ ਸਾਂਝਾ ਕਰਨ ਦੀ ਲੋੜ ਹੈ, ਬਲਕਿ ਇਸ ਨੂੰ ਬਿਨਾ ਕੋਈ ਸਮਾਂ ਗਵਾਏ ਤੁਰੰਤ ਸਾਂਝਾ ਕਰਨ ਦੀ ਸਾਂਝੀ ਵਿਵਸਥਾ ਕਾਇਮ ਕੀਤੀ ਜਾਣੀ ਜਰੂਰੀ ਹੈ ਤਾਂ ਕਿ ਸੰਕਟ ਦੀ ਘੜੀ ਆਉਣ ਤੋਂ ਪਹਿਲਾਂ ਹੀ ਚੌਕਸ ਹੋਇਆ ਜਾ ਸਕੇ। ਕੁਦਰਤੀ ਖਤਰਾ ਆਪਣੇ ਆਪ ਹਮੇਸਾ ਵੱਡੀ ਤਬਾਹੀ ਨਹੀਂ ਬਣਦਾ। ਗਲਤ ਨਿਰਮਾਣ, ਕਮਜੋਰ ਬੁਨਿਆਦੀ ਢਾਂਚਾ, ਬੇਤਰਤੀਬ ਸਹਿਰੀਕਰਨ ਅਤੇ ਨਿਗਰਾਨੀ ਤੇ ਚੇਤਾਵਨੀ ਦੀ ਘਾਟ ਇਸ ਨੂੰ ਮਨੁੱਖੀ ਤ੍ਰਾਸਦੀ ਬਣਾਉਂਦੇ ਹਨ। ਇਸ ਲਈ ਹਿਮਾਲਿਆ 'ਚ ਵਿਕਾਸ ਰੋਕਣ ਦੀ ਨਹੀਂ, ਸਗੋਂ ਵਾਤਾਵਰਣ ਸੁਰੱਖਿਆ ਅਤੇ ਵਿਗਿਆਨਕ ਤੌਰ ਤੇ ਖਤਰੇ ਦੇ ਮੁਲਾਂਕਣ ਨਾਲ ਵਿਕਾਸ ਦੀ ਦਿਸਾ ਬਦਲਣ ਦੀ ਲੋੜ ਹੈ।

ਗੁਰ ਕ੍ਰਿਪਾਲ ਸਿੰਘ ਅਸ਼ਕ

# ਵਿਦਿਆਰਥੀ ਵੀਜਿਆਂ 'ਤੇ ਹੱਦਬੰਦੀ ਕਿਉਂ ?

ਬੀਤੇ 20 ਕੁ ਸਾਲਾਂ ਤੋਂ ਕੈਨੇਡਾ ਦੇ ਕਾਲਜ ਤੇ ਯੂਨੀਵਰਸਿਟੀਆਂ ਵਿਦੇਸੀ ਵਿਦਿਆਰਥੀਆਂ ਦੀ ਸਿੱਖਿਆ ਦੇ ਖੇਤਰ ਵਿਚ ਵੱਡਾ ਲਾਹੇਵੰਦ ਧੰਦਾ ਚਲਾ ਰਹੀਆਂ ਸਨ। ਸੰਨ 2003 ਤੋਂ 2023 ਦਰਮਿਆਨ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਅੱਠ ਗੁਣਾ ਵਧੀ ਸੀ ਜੋ ਇਸ ਦੇਸ ਦੀ ਆਰਥਿਕਤਾ ਦਾ ਇਕ ਮਜਬੂਤ ਥੰਮ੍ਹ ਬਣ ਕੇ ਉੱਭਰੀ ਸੀ।

ਇੱਥੇ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੈਨੇਡਾ ਦੇ ਸਿੱਖਿਆ ਖੇਤਰ ਵਿਚ ਵਿਦੇਸੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲਾ ਸਿਸਟਮ ਇੰਨਾ ਲਾਹੇਵੰਦ ਹੋਣ ਦੇ ਬਾਵਜੂਦ ਸੰਨ 2024 ਵਿਚ ਫੈਡਰਲ ਸਰਕਾਰ ਨੇ ਨਵੇਂ ਵੀਜਿਆਂ 'ਤੇ ਹੱਦਬੰਦੀ ਕਿਉਂ ਮਿੱਥੀ? ਦਰਅਸਲ, ਇਸ ਸਿਸਟਮ ਵਿਚ ਬਹੁਤ ਸਾਰੀਆਂ ਕਮੀਆਂ, ਹੇਰਾਫੇਰੀਆਂ, ਧੋਖਾਧੜੀਆਂ ਅਤੇ ਕਈ ਥਾਵਾਂ 'ਤੇ ਪਰਵਾਸੀਆਂ ਕਰਕੇ ਨਸਲਵਾਦ, ਇਸਲਾਮੋਫੋਬੀਆ, ਜੈਨੋਫੋਬੀਆ, ਅਪਰਾਧ, ਨਫਰਤ ਤੇ ਅਸਹਿਣਸੀਲਤਾ ਜਿਹੀਆਂ ਸਮੱਸਿਆਵਾਂ ਪੈਦਾ ਹੋਣ ਕਾਰਨ ਫੈਡਰਲ ਸਰਕਾਰ ਨੂੰ ਇਹ ਫੈਸਲਾ ਲੈਣਾ ਪਿਆ ਕਿਉਂਕਿ ਵਿਦੇਸੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਦੇਸ ਵਿਚ ਇਕ ਭਖਦਾ ਸਿਆਸੀ ਮੁੱਦਾ ਬਣ ਗਿਆ ਸੀ। ਵਿਦਿਆਰਥੀਆਂ ਦੀ ਬਹੁਤਾਤ ਕਾਰਨ ਘਰਾਂ ਵਿਚ ਭੀੜਾਂ ਵਧ ਗਈਆਂ, ਸਾਫ-ਸਫਾਈ ਘਟ ਗਈ, ਸਮਾਜਿਕ ਅਨੁਸਾਸਨਹੀਣਤਾ ਤੇ ਅਪਰਾਧਾਂ ਵਿਚ ਵਾਧਾ ਹੋਇਆ। ਕੈਨੇਡਾ ਦੇ ਮੂਲ ਵਾਸੀਆਂ ਦੇ ਰੁਜਗਾਰਾਂ 'ਤੇ ਅਸਰ ਪਿਆ। ਆਰਥਿਕ ਤੇ ਸਮਾਜਿਕ ਸੋਸਣ ਵਿਚ ਵਾਧਾ ਹੋਣ ਲੱਗਾ। ਘਰਾਂ ਦੀ ਉਪਲਬਧਤਾ ਘਟ ਗਈ ਤੇ ਕਿਰਾਏ ਵਧ ਗਏ। ਸੋ, ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਸਰਕਾਰ ਨੇ ਦੇਸ ਅੰਦਰ ਆਰਜੀ ਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦੇ 5 ਪ੍ਰਤੀਸਤ ਤੋ ਹੇਠਾਂ ਲਿਆਉਣ ਦਾ ਫੈਸਲਾ ਕੀਤਾ।

ਇਸ ਬਾਰੇ ਸਰਕਾਰੀ ਪੱਖ ਹੈ ਕਿ ਇਹ ਕਟੌਤੀ ਸਮਾਜਿਕ ਸੰਤੁਲਨ ਬਣਾਉਣ, ਲੋਕਾਂ ਲਈ ਘਰਾਂ ਦੀ ਉਪਲਬਧਤਾ ਅਤੇ ਕਿਰਾਏ ਕੰਟਰੋਲ ਕਰਨ ਲਈ ਸਰਕਾਰ 'ਤੇ ਵੱਡੇ ਦਬਾਅ ਕਰਕੇ ਜਰੂਰੀ ਸੀ। ਸਭ ਤੋਂ ਜਰੂਰੀ ਗੱਲ ਇਹ ਕਿ ਰਾਜਾਂ ਅਤੇ ਸਹਿਰਾਂ ਲਈ ਭਵਿੱਖੀ ਵਿਕਾਸ ਯੋਜਨਾਵਾਂ ਨੂੰ ਮਜਬੂਤ ਬਣਾਉਣ ਲਈ ਇਹ ਫੈਸਲਾ ਜਰੂਰੀ ਸੀ ਤੇ ਸਰਕਾਰ ਪਿਛਲੇ ਬੂਹਿਓਂ ਅਸੀਮਤ ਘੰਟਿਆਂ ਲਈ ਰੁਜਗਾਰ ਪ੍ਰਾਪਤ ਕਰਨ ਦੀ ਬਿਮਾਰੀ ਨੂੰ ਰੋਕਣਾ ਚਾਹੁੰਦੀ ਸੀ।

ਪਰ ਇਸ ਕਾਰਨ ਵਿੱਦਿਅਕ ਅਦਾਰਿਆਂ ਅਤੇ ਉੱਚ ਸਿੱਖਿਆ ਲਈ ਵਿੱਤੀ ਚੁਣੌਤੀਆਂ ਵਿਚ ਭਾਰੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਵਿਸਲੇਸਕ ਅੰਕੜਾ ਰਿਪੋਰਟ ਅਨੁਸਾਰ ਦੇਸ ਵਿਚ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਇਸ ਸਾਲ ਦੇ ਚਾਲੂ ਅਕਾਦਮਿਕ ਸੈਸਨ ਵਿਚ 64% ਘਟ ਗਈ। ਪਹਿਲੀ ਵਾਰ ਕੈਨੇਡਾ ਦੇ ਇਤਿਹਾਸ ਵਿਚ ਇਹ ਗਿਣਤੀ 216 867 ਤੋਂ ਧੜਾਮ ਥੱਲੇ ਡਿੱਗ ਕੇ 77939 ਰਹਿ ਗਈ। ਇਸ ਕਾਰਨ ਕਾਲਜਾਂ, ਯੂਨੀਵਰਸਿਟੀਆਂ ਦੀ ਫੰਡਿੰਗ, ਦਾਖਲਿਆਂ, ਆਮਦਨ ਤੇ ਸਟਾਫ ਕਟੌਤੀ ਦੇ ਵੱਡੇ ਮਸਲੇ ਖੜ੍ਹੇ ਹੋ ਗਏ ਹਨ। ਕਈ ਫੈਕਲਟੀਜ ਬੰਦ ਕਰਨੀਆਂ ਪਈਆਂ। ਲਗਪਗ 600 ਕਾਲਜ ਅਤੇ ਹੋਰ ਵਿੱਦਿਅਕ ਅਦਾਰੇ ਬੰਦ ਹੋ ਗਏ। ਸਿਰਫ ਓਂਟਾਰੀਓ ਸੂਬੇ ਵਿਚ 8000 ਰੁਜਗਾਰ ਖਤਮ ਹੋ ਗਏ। ਮੈਨੀਟੋਬਾ ਸੂਬੇ ਵਿਚ ਟਰੇਡ ਤੇ ਤਕਨੀਕੀ ਸਿਖਲਾਈ ਵਚ 55% ਕਟੌਤੀ ਵੇਖਣ ਨੂੰ ਮਿਲੀ ਜਿਸ ਕਰਕੇ ਉਸ ਨੂੰ ਕਈ ਪ੍ਰੋਗਰਾਮ ਬੰਦ ਕਰਨੇ ਪਏ। ਸਸਕੈਚਵਨ ਸੂਬੇ ਵਿਚ ਵਿਦਿਆਰਥੀਆਂ ਦੇ ਦਾਖਲਿਆਂ ਵਿਚ 63% ਕਮੀ ਵੇਖਣ ਨੂੰ ਮਿਲੀ। ਸਸਕੈਚਵਨ ਯੂਨੀਵਰਸਿਟੀ ਦੇ ਵਾਈ ਪ੍ਰੋਵਸਟ ਮਰਜੋਰੀ ਡੈਲਬੇਰੇ ਅਨੁਸਾਰ ਇਹ ਨੀਤੀਗਤ ਤਬਦੀਲੀਆਂ ਦਾ ਨਤੀਜਾ ਹੈ। ਅਲਬਰਟਾ ਵਿਚ ਦਸ ਪ੍ਰਤੀਸਤ ਵਾਧੇ ਦੀ ਆਸ ਤੇ ਉਲਟ 65 ਪ੍ਰਤੀਸਤ ਕਮੀ ਦੇਖੀ ਗਈ। ਆਰਥਿਕ ਸੰਕਟ ਕਾਰਨ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਦੇਸ ਛੱਡ ਕੇ ਜਾਣ ਲਈ ਕਹਿ ਦਿੱਤਾ ਜਿਨ੍ਹਾਂ ਦੇ ਵੀਜਾ ਪਰਮਿਟਾਂ ਵਿਚ ਵਾਧਾ ਨਹੀਂ ਹੋਇਆ ਸੀ। ਕੈਨੇਡਾ 'ਚ ਬੀਤੇ ਦੋ ਸਾਲਾਂ 'ਚ ਬਿਜਨਸ, ਹਿਊਮੈਨਿਟੀਜ, ਆਰਟਸ, ਸੋਸਲ ਸਾਇੰਸਿਜ ਪ੍ਰੋਗਰਾਮਾਂ 'ਚ 33 ਫੀਸਦ ਜਦਕਿ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ ਆਦਿ ਪ੍ਰੋਗਰਾਮਾਂ 'ਚ 26 ਪ੍ਰਤੀਸਤ ਦੀ ਕਟੌਤੀ ਵੇਖਣ ਨੂੰ ਮਿਲੀ। 1,24,000 ਵਿਦਿਆਰਥੀਆਂ ਦੀ ਵਾਪਸੀ ਕਾਰਨ ਕੈਨੇਡਾ ਵਿਚ ਘਰਾਂ ਦੇ ਸੰਕਟ ਤੋਂ ਕੁਝ ਰਾਹਤ ਮਿਲੀ ਪਰ ਰਿਟੇਲ ਲੇਬਰ, ਸਿਹਤ ਸੰਭਾਲ ਸਹਾਇਕ, ਪ੍ਰਾਹੁਣਚਾਰੀ, ਖੇਤ ਕਾਮਿਆਂ ਦੇ ਖੇਤਰਾਂ ਵਿਚ ਘਾਟ ਵੇਖੀ ਜਾ ਰਹੀ ਹੈ।




ਹਾਲ ਦੀ ਘੜੀ ਕੁਝ ਹੱਦ ਤੱਕ ਸਥਿਤੀ ਇਸ ਲਈ ਸਥਿਰ ਲੱਗ ਰਹੀ ਹੈ ਕਿਉਂਕਿ ਵਿੱਦਿਅਕ ਅਦਾਰਿਆਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪਹਿਲਾਂ ਤੋਂ ਚੱਲ ਰਹੇ ਪ੍ਰੋਗਰਾਮ, ਕੋਰਸ ਤੇ ਡਿਪਲੋਮੇ ਜਾਰੀ ਹਨ ਪਰ ਕੈਨੇਡੀਅਨ ਅੰਕੜਾ ਸਿਸਟਮ ਦਰਸਾਉਂਦਾ ਹੈ ਕਿ 2024-25 ਸੈਸਨ ਵਿਚ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲਿਆਂ ਵਿਚ 4% ਅਤੇ 2025-26 ਵਿਚ 26 ਪ੍ਰਤੀਸਤ ਕਟੌਤੀ ਵੇਖਣ ਨੂੰ ਮਿਲੀ। ਨਵੀਂ ਫੈਡਰਲ ਨੀਤੀ ਦਾ ਅਸਰ ਸਾਰੇ ਜਨਤਕ ਖੇਤਰਾਂ ਤੇ ਕਾਲਜਾਂ, ਅਦਾਰਿਆਂ ਤੇ ਯੂਨੀਵਰਸਿਟੀਆਂ 'ਤੇ ਇਕਸਾਰ ਨਹੀਂ ਪਿਆ। ਦੋ ਸਾਲਾ ਕੋਰਸਾਂ ਵਿਚ ਪਬਲਿਕ ਕਾਲਜਾਂ ਵਿਚ 1,02,188 ਵਿਦਿਆਰਥੀਆਂ ਭਾਵ ਦਾਖਲੇ ਵਿਚ 75% ਕਮੀ ਆਈ ਜਦਕਿ ਪਬਲਿਕ ਯੂਨੀਵਰਸਿਟੀਆਂ ਵਿਚ ਇਹ ਕਟੌਤੀ 46 ਪ੍ਰਤੀਸਤ ਭਾਵ 36,740 ਵਿਦਿਆਰਥੀ ਰਹੀ। ਸਭ ਤੋਂ ਵੱਧ ਕਟੌਤੀ ਓਂਟਾਰੀਓ ਸੂਬੇ ਵਿਚ ਵੇਖਣ ਨੂੰ ਮਿਲੀ। ਇੱਥੇ ਪਬਲਿਕ ਅਦਾਰੇ ਵਿਦੇਸੀ ਵਿਦਿਆਰਥੀਆਂ ਦੀ ਫੀਸ 'ਤੇ ਨਿਰਭਰ ਕਰਦੇ ਹਨ ਕਿਉਂਕਿ ਸੰਨ 2019 ਵਿਚ ਪ੍ਰੀਮੀਅਰ ਡਗ ਫੋਰਡ ਨੇ ਘਰੇਲੂ ਵਿਦਿਆਰਥੀਆਂ ਦੀ ਫੀਸ ਘਟਾ ਦਿੱਤੀ ਸੀ। ਸੰਨ 2023 ਵਿਚ ਕੈਨੇਡਾ 'ਚ ਕੁੱਲ ਦਾਖਲਾ ਲੈਣ ਵਾਲੇ ਵਿਦੇਸੀ ਵਿਦਿਆਰਥੀਆਂ ਵਿੱਚੋਂ 63 ਫੀਸਦੀ ਇਸ ਰਾਜ ਵਿਚ ਦਾਖਲ ਹੋਏ। ਸੰਨ 2024 ਵਿਚ ਪਰਵਾਸ ਵਿਭਾਗ ਨੇ ਜਿੰਨੇ ਵਿਦਿਆਰਥੀ ਆਉਣਾ ਚਾਹੁੰਦੇ ਸਨ, ਉਨ੍ਹਾਂ ਵਿੱਚੋਂ ਅੱਧਿਆਂ ਨਾਲੋਂ ਵੀ ਘੱਟ ਨੂੰ ਆਗਿਆ ਦਿੱਤੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪਰਵਾਸ ਵਿਭਾਗ ਇਸ ਕਮੀ ਬਾਰੇ ਕੋਈ ਠੋਸ ਜਵਾਬ ਨਹੀਂ ਦੇ ਸਕਿਆ।

ਕੈਨੇਡਾ 'ਚ ਸਿਆਸੀ, ਆਰਥਿਕ ਤੇ ਵਿੱਤੀ ਮਾਹਰ ਸਮਝਦੇ ਹਨ ਕਿ ਵਿਦੇਸੀ ਵਿਦਿਆਰਥੀਆਂ ਦੇ ਦਾਖਲੇ, ਸਟੱਡੀ ਵੀਜੇ ਅਤੇ ਵਰਕ ਪਰਮਿਟਾਂ 'ਚ ਅੰਦਰੂਨੀ ਕਮੀਆਂ, ਵਧਦੀ ਗਿਣਤੀ ਕਾਰਨ ਦਰਪੇਸ ਮੁਸਕਲਾਂ 'ਚ ਸੁਧਾਰ ਕਰਨ ਦੀ ਲੋੜ ਸੀ, ਨਾ ਕਿ ਉਸ ਵਿਚ ਅਚਾਨਕ ਹੱਦਬੰਦੀ ਸਿਸਟਮ ਲਾਗੂ ਕਰ ਕੇ ਖਲਬਲੀ ਪੈਦਾ ਕਰਨ ਦੀ।

ਸਿੱਖਿਆ ਖੇਤਰ ਵਿਚ ਕੈਨੇਡਾ ਵਿਸਵ ਵਿਚ ਬਹੁਤ ਉੱਚਤਮ ਸਥਾਨ ਰੱਖਣ ਵਾਲਾ ਮੁਲਕ ਹੈ। ਉਹ ਆਰਥਿਕ ਮਿਲਵਰਤਨ ਤੇ ਵਿਕਾਸ ਸੰਸਥਾ ਨਾਲ ਸਬੰਧਤ ਦੇਸਾਂ ਵਿਚ ਸਰਬਉੱਚ ਸਥਾਨ ਰੱਖਦਾ ਹੈ। ਇਸੇ ਲਈ ਕੈਨੇਡੀਅਨ ਵਿੱਦਿਅਕ ਅਦਾਰਿਆਂ 'ਚ ਸਿੱਖਿਆ ਪ੍ਰਾਪਤ ਕਰਨ ਅਤੇ ਇਸ ਦੀ ਵਿਕਸਤ ਆਰਥਿਕਤਾ ਦਾ ਹਿੱਸਾ ਬਣਨ ਲਈ ਵਿਦੇਸਾਂ ਤੋਂ ਲੱਖਾਂ ਵਿਦਿਆਰਥੀ ਆਉਂਦੇ ਰਹੇ ਹਨ ਤੇ ਉੱਚੀਆਂ ਫੀਸਾਂ ਅਦਾ ਕਰਦੇ ਰਹੇ ਹਨ। ਉਨ੍ਹਾਂ ਨੇ ਲਗਪਗ 30 ਬਿਲੀਅਨ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਜਿਸ ਨਾਲ 2022 ਵਿਚ ਕੈਨੇਡਾ ਨੇ 360000 ਰੁਜਗਾਰ ਪੈਦਾ ਕੀਤੇ। ਸਿਆਸੀ ਤੇ ਵਿੱਤੀ ਮਾਹਰਾਂ ਦਾ ਮੰਨਣਾ ਹੈ ਕਿ 2024-25 ਵਿਚ ਵਿਦੇਸੀ ਵਿਦਿਆਰਥੀਆਂ ਦੇ ਦਾਖਲਿਆਂ ਲਈ ਹੱਦ ਮਿਥਣਾ ਬਹੁਤ ਵੱਡੀ ਆਰਥਿਕ ਗਲਤੀ ਹੈ। ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਘਰ ਉਪਲਬਧ ਕਰਾਉਣਾ ਨਿਸਚਿਤ ਤੌਰ 'ਤੇ ਇਕ ਸਮੱਸਿਆ ਹੈ ਪਰ ਇਹ ਨਵੀਂ ਯੋਜਨਾ, ਨਿਵੇਸ ਤੇ ਘਰਾਂ ਦੀ ਉਸਾਰੀ ਨਾਲ ਦੂਰ ਕੀਤੀ ਜਾ ਸਕਦੀ ਹੈ। ਅਨੇਕ ਕਾਲਜ ਤੇ ਅਦਾਰੇ ਸਿੱਖਿਆ ਦੇਣ ਦੀ ਥਾਂ ਵਰਕ ਪਰਮਿਟ ਵੇਚਣ ਤੇ ਪਿਛਲੇ ਦਰਵਾਜਿਓਂ ਸੋਸਣ ਭਰਪੂਰ ਰੁਜਗਾਰ ਮੁਹੱਈਆ ਕਰਾਉਣ ਲਈ ਬਦਨਾਮ ਹੋਏ ਹਨ। ਉਨ੍ਹਾਂ ਨੇ ਪੂਰੇ ਸਿਸਟਮ ਵਿਚ ਵਿਗਾੜ ਪੈਦਾ ਕੀਤਾ ਪਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਟੋਰਾਂਟੋ, ਮੈਕਗਿੱਲ, ਵਾਟਰਲੂ, ਕੁਈਨਜ ਤੇ ਯੂਬੀਸੀ ਆਦਿ ਵਿਸਵ ਪ੍ਰਸਿੱਧ ਸਿੱਖਿਆ ਤੇ ਖੋਜ ਭਰਪੂਰ ਪ੍ਰਾਜੈਕਟਾਂ ਵਾਲੀਆਂ ਯੂਨੀਵਰਸਿਟੀਆਂ ਦਾ ਵੱਕਾਰ ਦਾਅ 'ਤੇ ਲਗਾ ਦਿੱਤਾ ਜਾਂਦਾ। ਸਥਾਨਕ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਟੌਤੀ ਦੇ ਬਾਵਜੂਦ ਅਟਾਰਨੀ ਜਨਰਲ ਅਨੁਸਾਰ ਕਾਲਜਾਂ ਵਿਚ ਭਾਵੇਂ ਵਿਦੇਸੀ ਵਿਦਿਆਰਥੀਆਂ ਦੀ ਗਿਣਤੀ 30 ਪ੍ਰਤੀਸਤ ਸੀ ਪਰ ਉਨ੍ਹਾਂ ਦਾ ਕੁੱਲ ਫੀਸਾਂ ਵਿਚ 68% ਯੋਗਦਾਨ ਭਾਵ ਪ੍ਰਤੀ ਸਾਲ 1.7 ਬਿਲੀਅਨ ਡਾਲਰ ਸੀ। ਅਟਾਰਨੀ ਜਨਰਲ ਦੀ ਵਿਸਥਾਰਤ ਰਿਪੋਰਟ 'ਤੇ ਪਰਵਾਸ ਮੰਤਰੀ ਲੇਨਾ ਮੈਟਲਜ ਨੇ ਖਾਮੀਆਂ ਦੂਰ ਕਰਨ ਦਾ ਭਰੋਸਾ ਦਿੱਤਾ ਹੈ। ਰੈੱਡ ਫਲੈਗ ਵਿਦਿਆਰਥੀਆਂ ਦੇ ਕੇਸਾਂ 'ਤੇ ਨਜਰਸਾਨੀ ਕੀਤੀ ਜਾਵੇਗੀ ਕਿਉਂਕਿ ਸਰਕਾਰ ਸਿਰਫ 153324 ਵਿੱਚੋਂ 4057 ਦੀ ਜਾਂਚ ਕਰ ਸਕੀ ਹੈ।

ਮਾਰਕ ਕਾਰਨੀ ਸਰਕਾਰ ਨੇ ਸੰਨ 2028 ਲਈ ਨੀਤੀਗਤ ਬਦਲਾਅ ਦਾ ਫੈਸਲਾ ਕੀਤਾ ਹੈ ਜਿਸ ਅਨੁਸਾਰ ਆਰਥਿਕ ਪਰਵਾਸ ਮਜਬੂਤ ਕਰਨਾ, ਆਰਜੀ ਰੈਜੀਡੈਂਟ ਨਿਰਭਰਤਾ ਘਟਾਉਣਾ, ਆਲਮੀ ਪੱਧਰ 'ਤੇ ਹੁਨਰ ਆਧਾਰਤ ਦਾਖਲਿਆਂ ਨੂੰ ਲੰਮੇ ਸਮੇਂ ਲਈ ਜਾਰੀ ਰੱਖਣਾ, ਕਮੀ ਵਾਲੇ ਖੇਤਰਾਂ ਵਿਚ ਸਥਾਈ ਨਿਵਾਸ ਦੇ ਮੌਕਿਆਂ ਵਿਚ ਵਾਧਾ ਕਰਨਾ, ਇਹ ਯਕੀਨੀ ਬਣਾਉਣਾ ਕਿ ਵਿਦਿਆਰਥੀ ਪ੍ਰੋਗਰਾਮ ਲੇਬਰ ਮਾਰਕੀਟ ਦੇ ਪਾੜੇ ਨਾਲ ਸਬੰਧਤ ਹੋਵੇ ਤੇ ਉੱਚ ਮੰਗ ਵਾਲੇ ਵਿਦਿਆਰਥੀਆਂ ਦੇ ਰਸਤੇ ਸਰਲ ਬਣਾਉਣੇ।

ਰੂਸ ਤੋਂ ਬਾਅਦ ਕੈਨੇਡਾ ਖੇਤਰਫਲ ਪੱਖੋਂ ਵਿਸਵ ਦਾ ਦੂਜਾ ਵੱਡਾ ਦੇਸ ਹੈ ਜਿਸ ਕੋਲ ਅਥਾਹ ਕੁਦਰਤੀ ਸਰੋਤਾਂ ਦਾ ਸਰਮਾਇਆ ਹੈ। ਇਸ ਸਮੇਂ ਵਿਸਵ 'ਚ ਕੈਨੇਡਾ ਦੀ ਆਰਥਿਕਤਾ 11ਵੇਂ ਨੰਬਰ 'ਤੇ ਹੈ। ਇਸ ਦੀ ਆਬਾਦੀ 4.14 ਕਰੋੜ ਹੈ ਜਦ ਕਿ ਜੀਡੀਪੀ 2.51 ਟ੍ਰਿਲੀਅਨ ਡਾਲਰ ਹੈ। ਜੇ ਇਸ ਦੀ ਆਬਾਦੀ ਘੱਟੋ-ਘੱਟ 10 ਕਰੋੜ ਹੋਵੇ ਤਾਂ ਇਹ ਵਿਸਵ ਦੀ ਤੀਜੇ ਨੰਬਰ ਦੀ ਤਾਕਤਵਰ ਆਰਥਿਕਤਾ ਵਜੋਂ ਉੱਭਰ ਸਕਦਾ ਹੈ। ਪ੍ਰਧਾਨ ਮੰਤਰੀ ਕਾਰਨੀ ਵਿਸਵ ਦੇ ਨਾਮਵਰ ਅਰਥ-ਸਾਸਤਰੀ ਹੋਣ ਦੇ ਬਾਵਜੂਦ ਕੈਨੇਡਾ ਦੇ ਵਧੀਆ ਵਿੱਦਿਅਕ ਸਿਸਟਮ ਦੀ ਲਾਹੇਵੰਦ ਮਾਰਕੀਟ 'ਤੇ ਹੱਦਬੰਦੀ ਆਇਦ ਕਰ ਕੇ ਟਪਲਾ ਖਾ ਗਏ ਲੱਗਦੇ ਹਨ।

ਦਰਬਾਰਾ ਸਿੰਘ ਕਾਹਲੋਂ


ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਸ਼ਾਇਦ ਇਸੇ ਦਾ ਨਾਂ ਪਿਉ ਹੈ

ਹਰ ਸਵੇਰ ਦੀ ਤਰ੍ਹਾਂ ਅੱਜ ਵੀ ਮੈਂ ਆਪਣੀ ਜੀਵਨ-ਸਾਥਣ ਤੇ ਮਾਂ ਨਾਲ ਘਰ ਦੇ ਨੇੜੇ ਬਣੇ ਪਾਰਕ ਵਿਚ ਸੈਰ ਕਰਨ ਗਿਆ। ਪਾਰਕ ਬਹੁਤ ਵੱਡਾ ਨਹੀਂ ਹੈ ਪਰ ਸਵੇਰ ਵੇਲੇ ਉਹ ਮੈਨੂੰ ਕਿਸੇ ਵੱਡੇ ਬਾਗ ਤੋਂ ਘੱਟ ਨਹੀਂ ਲੱਗਦਾ। ਹੌਲੀ-ਹੌਲੀ ਚੱਲਦੀ ਹਵਾ, ਪੱਤਿਆਂ ਦੀ ਸਰਸਰਾਹਟ, ਪੰਛੀਆਂ ਦਾ ਚਹਿਕਣਾ ਤੇ ਪਹੁ-ਫੁਟਾਲਾ ਬਹੁਤ ਖੁਸ਼ਗਵਾਰ ਅਹਿਸਾਸ ਕਰਵਾਉਂਦੇ ਹਨ ਜਿਸ ਨੂੰ ਸਾਇਦ ਸਬਦਾਂ ਵਿਚ ਪੂਰਾ ਨਾ ਉਤਾਰਿਆ ਜਾ ਸਕੇ।

ਪਾਰਕ ਦੇ ਨਾਲ ਇਕ ਬਰਸਾਤੀ ਨਾਲਾ ਵਗਦਾ ਹੈ। ਨਾਲੇ ਦੇ ਕਿਨਾਰੇ ਇਕ ਪੁਰਾਣੀ ਪਰ ਮਜਬੂਤ ਕੰਧ ਹੈ। ਲਗਪਗ ਦੋ-ਤਿੰਨ ਫੁੱਟ ਉੱਚੀ। ਡੇਢ ਕੁ ਫੁੱਟ ਚੌੜੀ। ਅਸੀਂ ਹਰ ਰੋਜ ਉਸ ਦੇ ਇਕ ਕੋਨੇ ਵਿਚ ਪੰਛੀਆਂ ਲਈ ਥੋੜ੍ਹਾ ਜਿਹਾ ਚੋਗਾ ਪਾ ਦਿੰਦੇ ਹਾਂ। ਇਹ ਕੋਈ ਬਹੁਤ ਵੱਡਾ ਪੁੰਨ ਦਾ ਕੰਮ ਨਹੀਂ ਪਰ ਜਦੋਂ ਕੋਈ ਪੰਛੀ ਆ ਕੇ ਉਹ ਦਾਣਾ ਚੁਗਦਾ ਹੈ ਤਾਂ ਮਨ ਨੂੰ ਇਕ ਅਜੀਬ ਜਿਹੀ ਖੁਸੀ ਮਿਲਦੀ ਹੈ। ਲੱਗਦਾ ਹੈ ਕਿ ਕੁਦਰਤ ਨਾਲ ਸਾਡਾ ਵੀ ਕੋਈ ਨਿੱਕਾ ਜਿਹਾ ਰਿਸਤਾ ਹੈ।

ਪਿਛਲੇ ਕੁਝ ਦਿਨਾਂ ਤੋਂ ਇਕ ਮੋਰਾਂ ਦਾ ਪਰਿਵਾਰ ਵੀ ਰੋਜ ਉੱਥੇ ਆਉਣ ਲੱਗ ਪਿਆ ਹੈ। ਮੋਰ, ਮੋਰਨੀ ਤੇ ਉਨ੍ਹਾਂ ਦੇ ਚਾਰ ਨਿੱਕੇ-ਨਿੱਕੇ ਬੱਚੇ। ਬੱਚਿਆਂ ਨੂੰ ਤਾਂ ਜਿਵੇਂ ਸਵੇਰ ਹੋਣ ਦੀ ਉਡੀਕ ਰਹਿੰਦੀ ਹੋਵੇ। ਉਹ ਆਉਂਦੇ ਹੀ ਇੱਧਰ-ਉੱਧਰ ਦੌੜਦੇ ਹਨ, ਨਿੱਕੀਆਂ ਚੁੰਝਾਂ ਨਾਲ ਦਾਣੇ ਚੁਗਦੇ ਹਨ ਤੇ ਫਿਰ ਇਕ-ਦੂਜੇ ਦੇ ਪਿੱਛੇ ਭੱਜਣ ਲੱਗ ਪੈਂਦੇ ਹਨ। ਮੋਰਨੀ ਵੀ ਬੇਫਿਕਰੀ ਨਾਲ ਚੋਗਾ ਚੁਗਦੀ ਰਹਿੰਦੀ ਹੈ। ਅੱਜ ਮੇਰੀ ਨਜਰ ਮੋਰ ਉੱਤੇ ਟਿਕ ਗਈ। ਉਹ ਚੋਗੇ ਦੇ ਕੋਲ ਹੋਣ ਦੇ ਬਾਵਜੂਦ ਇਕ ਵੀ ਦਾਣਾ ਨਹੀਂ ਚੁਗ ਰਿਹਾ ਸੀ। ਉਹ ਸਿਰਫ ਖੜ੍ਹਾ ਸੀ। ਉਸ ਦੀ ਗਰਦਨ ਕਦੇ ਸੱਜੇ ਮੁੜਦੀ, ਕਦੇ ਖੱਬੇ। ਕਦੇ ਉਹ ਸਾਡੇ ਵੱਲ ਵੇਖਦਾ, ਕਦੇ ਪਾਰਕ ਦੇ ਰਸਤੇ ਵੱਲ। ਕੋਈ ਵਿਅਕਤੀ ਲੰਘਦਾ ਤਾਂ ਉਸ ਦੀਆਂ ਅੱਖਾਂ ਉਸ ਦਾ ਪਿੱਛਾ ਕਰਦੀਆਂ। ਕੋਈ ਆਵਾਜ ਆਉਂਦੀ ਤਾਂ ਉਹ ਚੌਕੰਨਾ ਹੋ ਜਾਂਦਾ। ਉਸ ਦੇ ਬੱਚੇ ਖਾ ਰਹੇ ਸਨ। ਉਹ ਪਹਿਰਾ ਦੇ ਰਿਹਾ ਸੀ। ਮੈਂ ਕਾਫੀ ਦੇਰ ਉਸ ਨੂੰ ਵੇਖਦਾ ਰਿਹਾ। ਫਿਰ ਅਚਾਨਕ ਮੇਰੇ ਅੰਦਰੋਂ ਇਕ ਗੱਲ ਨਿਕਲੀ, “ਇਹ ਮੋਰ ਨਹੀਂ ਸਗੋਂ ਇਹ ਤਾਂ ਇਕ ਪਿਉ ਵੀ ਹੈ।” ਉਸ ਪਲ ਮੈਨੂੰ ਲੱਗਿਆ ਕਿ ਪਿਉ ਦੀ ਪਰਿਭਾਸਾ ਸਾਇਦ ਕਿਸੇ ਕਿਤਾਬ ਵਿਚ ਨਹੀਂ ਮਿਲਦੀ। ਉਹ ਤਾਂ ਅਜਿਹੇ ਹੀ ਕਿਸੇ ਦ੍ਰਿਸ ਵਿਚ ਮਿਲਦੀ ਹੈ-ਜਿੱਥੇ ਇਕ ਜਣਾ ਆਪਣਾ ਹਿੱਸਾ ਛੱਡ ਕੇ ਕਿਸੇ ਹੋਰ ਦੀ ਰੱਖਿਆ ਕਰ ਰਿਹਾ ਹੋਵੇ। ਸਾਡੇ ਸਮਾਜ ਵਿਚ ਮਾਂ ਦਾ ਦਰਜਾ ਬਹੁਤ ਉੱਚਾ ਹੈ ਤੇ ਹੋਣਾ ਵੀ ਚਾਹੀਦਾ ਹੈ। ਮਾਂ ਬੱਚੇ ਨੂੰ ਆਪਣੀ ਕੁੱਖ ਵਿਚ ਰੱਖਦੀ ਹੈ। ਉਸ ਨੂੰ ਜਨਮ ਦਿੰਦੀ ਹੈ। ਉਸ ਦੀ ਪਰਵਰਿਸ ਵਿਚ ਆਪਣਾ ਸਰੀਰ, ਆਪਣੀ ਨੀਂਦ ਤੇ ਆਪਣਾ ਸੁੱਖ ਲਾ ਦਿੰਦੀ ਹੈ।



ਪਰ ਪਿਉ ਦੀ ਕਹਾਣੀ ਥੋੜ੍ਹੀ ਵੱਖਰੀ ਹੈ। ਉਹ ਅਕਸਰ ਘਰ ਦੀ ਉਹ ਕੰਧ ਹੁੰਦਾ ਹੈ ਜਿਸ ਵੱਲ ਬੱਚਿਆਂ ਦਾ ਧਿਆਨ ਹੀ ਨਹੀਂ ਜਾਂਦਾ। ਬੱਚੇ ਕੰਧ ਦੇ ਪਿੱਛੇ ਸੁਰੱਖਿਅਤ ਰਹਿੰਦੇ ਹਨ ਤੇ ਕੰਧ ਉੱਤੇ ਪੈਂਦੀਆਂ ਹਵਾਵਾਂ, ਬਰਸਾਤਾਂ ਤੇ ਕੁਦਰਤ ਦੇ ਥਪੇੜਿਆਂ ਦਾ ਪਤਾ ਉਨ੍ਹਾਂ ਨੂੰ ਨਹੀਂ ਹੁੰਦਾ।

ਮੈਨੂੰ ਆਪਣੇ ਪਿਤਾ ਜੀ ਯਾਦ ਆਉਂਦੇ ਹਨ। ਉਹ ਫੌਜ ਵਿਚ ਰਹੇ ਸਨ। ਹਾਲਾਤ ਨੇ ਉਨ੍ਹਾਂ ਨੂੰ ਬਿਨਾਂ ਪੈਨਸਨ ਦੇ ਘਰ ਵਾਪਸ ਆਉਣ ਲਈ ਮਜਬੂਰ ਕਰ ਦਿੱਤਾ ਸੀ। ਜਿੰਦਗੀ ਨੇ ਉਨ੍ਹਾਂ ਲਈ ਕੋਈ ਆਸਾਨ ਰਸਤਾ ਨਹੀਂ ਛੱਡਿਆ ਸੀ ਪਰ ਪੰਜ ਬੱਚਿਆਂ ਦਾ ਪਿਉ ਹੋਣਾ ਵੀ ਤਾਂ ਇਕ ਜਿੰਮੇਵਾਰੀ ਸੀ। ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਚੱਪਲਾਂ ਵੇਚਣੀਆਂ ਸੁਰੂ ਕਰ ਦਿੱਤੀਆਂ। ਸਵੇਰੇ ਖੇਤਾਂ ਵਿਚ ਕੰਮ ਕਰਦੇ। ਹਲ ਵਾਹੁੰਦੇ। ਜਮੀਨ ਸੰਭਾਲਦੇ। ਦੁਪਹਿਰ ਤੋਂ ਬਾਅਦ ਸਾਈਕਲ ਲੈ ਕੇ ਪਿੰਡਾਂ ਵੱਲ ਨਿਕਲ ਜਾਂਦੇ। ਉਨ੍ਹਾਂ ਦੇ ਸਾਈਕਲ ਦੇ ਪਿੱਛੇ ਚੱਪਲਾਂ ਹੁੰਦੀਆਂ ਸਨ ਤੇ ਦਿਲ ਵਿਚ ਪੰਜ ਬੱਚਿਆਂ ਦੀਆਂ ਲੋੜਾਂ ਪਰ ਇਕ ਗੱਲ ਅੱਜ ਵੀ ਮੇਰੇ ਮਨ ਨੂੰ ਹਿਲਾ ਦਿੰਦੀ ਹੈ-ਉਹ ਇਹ ਕਿ ਉਨ੍ਹਾਂ ਦਾ ਖੱਬਾ ਹੱਥ ਨਹੀਂ ਸੀ।

ਇਕ ਹੱਥ ਨਾਲ ਸਾਈਕਲ ਚਲਾਉਣਾ, ਸਾਮਾਨ ਲੈ ਕੇ ਪਿੰਡ-ਪਿੰਡ ਜਾਣਾ, ਚੱਪਲਾਂ ਵੇਚਣੀਆਂ ਤੇ ਸਾਮ ਨੂੰ ਘਰ ਵਾਪਸ ਆਉਣਾ। ਇਹ ਸਿਰਫ ਰੋਜੀ-ਰੋਟੀ ਕਮਾਉਣ ਦੀ ਦਾਸਤਾਨ ਨਹੀਂ ਸੀ। ਇਹ ਇਕ ਪਿਉ ਦੇ ਹੌਂਸਲੇ ਦੀ ਕਹਾਣੀ ਸੀ। ਉਨ੍ਹਾਂ ਦੀ ਜਿੰਦਗੀ ਵਿਚ ਸਾਇਦ ਬਹੁਤ ਸਾਰੇ ਦਿਨ ਅਜਿਹੇ ਆਏ ਹੋਣਗੇ ਜਦੋਂ ਸਰੀਰ ਨੇ ਕਿਹਾ ਹੋਵੇਗਾ, “ਅੱਜ ਨਹੀਂ।” ਪਰ ਪਿਉ ਦਾ ਮਨ ਕਹਿੰਦਾ ਹੋਵੇਗਾ, “ਬੱਚਿਆਂ ਲਈ ਅੱਜ ਵੀ ਜਾਣਾ ਹੈ।”

ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਪਿਉ ਕਈ ਵਾਰ ਆਪਣੇ ਬੱਚਿਆਂ ਨੂੰ ਪਾਲਦਾ ਨਹੀਂ, ਸਗੋਂ ਉਨ੍ਹਾਂ ਲਈ ਆਪਣੀ ਪੂਰੀ ਜਿੰਦਗੀ ਹੌਲੀ-ਹੌਲੀ ਖਰਚ ਕਰਦਾ ਜਾਂਦਾ ਹੈ ਤੇ ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਉਸ ਨੂੰ ਇਸ ਦਾ ਹਿਸਾਬ ਵੀ ਨਹੀਂ ਚਾਹੀਦਾ। ਮੇਰੇ ਆਪਣੇ ਜੀਵਨ ਵਿਚ ਵੀ ਇਕ ਸਮਾਂ ਅਜਿਹਾ ਸੀ ਜਦੋਂ ਮੇਰੇ ਆਪਣੇ ਸੁਪਨੇ ਸਨ। ਗਾਉਣ ਦਾ ਸੁਪਨਾ। ਅਦਾਕਾਰੀ ਦਾ ਸੁਪਨਾ। ਕੁਝ ਆਪਣਾ ਕਰਨ ਦਾ ਸੁਪਨਾ। ਫਿਰ ਮੈਂ ਪਿਉ ਬਣਿਆ ਤੇ ਪਿਉ ਬਣਨ ਤੋਂ ਬਾਅਦ ਇਕ ਅਜੀਬ ਗੱਲ ਹੋਈ। ਮੇਰੇ ਸੁਪਨੇ ਮਰੇ ਨਹੀਂ। ਉਨ੍ਹਾਂ ਨੇ ਸਿਰਫ ਆਪਣਾ ਚਿਹਰਾ ਬਦਲ ਲਿਆ। ਜੋ ਕੁਝ ਮੈਂ ਆਪਣੇ ਲਈ ਕਰਨਾ ਚਾਹੁੰਦਾ ਸੀ, ਉਸ ਵਿੱਚੋਂ ਬਹੁਤ ਕੁਝ ਮੈਂ ਆਪਣੇ ਬੱਚਿਆਂ ਦੀਆਂ ਅੱਖਾਂ ਵਿਚ ਦੇਖਣ ਲੱਗ ਪਿਆ। ਮੈਂ ਸੋਚਿਆ ਕਿ ਜੇ ਮੈਂ ਆਪਣੀ ਮੰਜਿਲ ਤੱਕ ਨਹੀਂ ਪਹੁੰਚ ਸਕਿਆ ਤਾਂ ਕੋਈ ਗੱਲ ਨਹੀਂ ਪਰ ਮੇਰੇ ਬੱਚਿਆਂ ਦੇ ਰਸਤੇ ਵਿਚ ਮੇਰੀ ਵਜ੍ਹਾ ਕਰਕੇ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ। ਅੱਜ ਉਹ ਆਪਣੀ ਜਿੰਦਗੀ ਵਿਚ ਅੱਗੇ ਵਧਦੇ ਹਨ, ਲੋਕ ਉਨ੍ਹਾਂ ਦੀ ਕਾਮਯਾਬੀ ਵੇਖਦੇ ਹਨ। ਮੈਂ ਉਸ ਕਾਮਯਾਬੀ ਦੇ ਪਿੱਛੇ ਉਹ ਰਾਤਾਂ ਵੇਖਦਾ ਹਾਂ ਜਦੋਂ ਨੀਂਦ ਨਹੀਂ ਆਈ ਸੀ। ਉਹ ਫੈਸਲੇ ਵੇਖਦਾ ਹਾਂ ਜਿਨ੍ਹਾਂ ਵਿਚ ਆਪਣੀ ਖੁਸੀ ਨਾਲੋਂ ਉਨ੍ਹਾਂ ਦਾ ਭਵਿੱਖ ਵੱਡਾ ਲੱਗਿਆ। ਉਹ ਦਿਨ ਵੇਖਦਾ ਹਾਂ ਜਦੋਂ ਆਪਣੇ ਲਈ ਕੁਝ ਕਰਨ ਦੀ ਥਾਂ ਉਨ੍ਹਾਂ ਲਈ ਕੁਝ ਕਰਨਾ ਜਰੂਰੀ ਲੱਗਿਆ। ਸਾਇਦ ਹਰ ਪਿਉ ਦੀ ਕਹਾਣੀ ਕੁਝ ਇਸੇ ਤਰ੍ਹਾਂ ਦੀ ਹੁੰਦੀ ਹੈ।

ਅੱਜ ਸਵੇਰੇ ਉਸ ਮੋਰ ਨੂੰ ਵੇਖਿਆ। ਮੋਰ ਦੇ ਚਾਰ ਬੱਚੇ ਚੋਗਾ ਚੁਗ ਰਹੇ ਸਨ। ਮੋਰਨੀ ਉਨ੍ਹਾਂ ਦੇ ਨਾਲ ਸੀ ਤੇ ਮੋਰ...? ਉਹ ਆਪ ਨਹੀਂ ਚੁਗ ਰਿਹਾ ਸੀ। ਉਹ ਪਹਿਰਾ ਦੇ ਰਿਹਾ ਸੀ। ਸਾਇਦ ਪਿਉ ਦਾ ਪਿਆਰ ਵੀ ਇਹੋ ਜਿਹਾ ਹੁੰਦਾ ਹੈ। ਉਹ ਕਈ ਵਾਰ ਆਪਣੇ ਹਿੱਸੇ ਦਾ ਦਾਣਾ ਛੱਡ ਦਿੰਦਾ ਹੈ ਤਾਂ ਜੋ ਬੱਚਿਆਂ ਦੀ ਚੁੰਝ ਖਾਲੀ ਨਾ ਰਹੇ।

ਆਪਣੀ ਮੰਜਿਲ ਛੱਡ ਦਿੰਦਾ ਹੈ ਤਾਂ ਜੋ ਬੱਚਿਆਂ ਲਈ ਰਸਤਾ ਬਣ ਸਕੇ। ਆਪਣੇ ਸੁਪਨੇ ਪਿੱਛੇ ਕਰ ਦਿੰਦਾ ਹੈ ਤਾਂ ਜੋ ਬੱਚਿਆਂ ਦੇ ਸੁਪਨੇ ਅੱਗੇ ਜਾ ਸਕਣ ਤੇ ਜਦੋਂ ਇਕ ਦਿਨ ਬੱਚੇ ਆਪਣੀ ਮੰਜਿਲ ਤੱਕ ਪਹੁੰਚ ਜਾਂਦੇ ਹਨ, ਪਿਉ ਸਾਇਦ ਸਭ ਤੋਂ ਅੱਗੇ ਨਹੀਂ ਹੁੰਦਾ। ਉਹ ਥੋੜ੍ਹਾ ਪਿੱਛੇ ਖੜ੍ਹਾ ਹੁੰਦਾ ਹੈ। ਚੁੱਪ-ਚਾਪ। ਉਸ ਦੀਆਂ ਅੱਖਾਂ ਵਿਚ ਮਾਣ ਹੁੰਦਾ ਹੈ, ਚਿਹਰੇ ਉੱਤੇ ਮੁਸਕਰਾਹਟ। ਉਸ ਨੂੰ ਇਨਾਮ ਨਹੀਂ ਚਾਹੀਦਾ। ਉਸ ਨੂੰ ਸਿਰਫ ਇਹ ਯਕੀਨ ਚਾਹੀਦਾ ਹੈ ਕਿ ਉਸ ਦੇ ਬੱਚੇ ਹੁਣ ਆਪਣੇ ਪੈਰਾਂ ਉੱਤੇ ਖੜ੍ਹੇ ਹਨ। ਫਿਰ ਉਹ ਮਨ 'ਚ ਹੀ ਹੌਲੀ ਜਿਹੀ ਕਹਿੰਦਾ ਹੈ, “ਚਲੋ ਬੱਚਿਓ, ਹੁਣ ਤੁਸੀਂ ਉੱਡੋ...ਮੈਂ ਆਪਣਾ ਪਹਿਰਾ ਦੇ ਦਿੱਤਾ ਹੈ।” ਸਾਇਦ ਇਸੇ ਦਾ ਨਾਂ ਪਿਉ ਹੈ। ਆਮੀਨ!

ਗੋਵਰਧਨ ਗੱਬੀ

# ਇੱਕ ਅਣਜਾਣ ਫਰਿਸ਼ਤਾ

ਬਚਪਨ ਦੀਆਂ ਯਾਦਾਂ ਕਿਸੇ ਪੁਰਾਣੀ ਕਿਤਾਬ ਦੇ ਵਰਕਿਆਂ ਵਿੱਚ ਸਾਂਭ ਕੇ ਰੱਖੇ ਮੋਰ ਦੇ ਖੰਭ ਜਾਂ ਗੁਲਾਬ ਦੀਆਂ ਪੱਤੀਆਂ ਵਰਗੀਆਂ ਹੁੰਦੀਆਂ ਹਨ। ਵਕਤ ਭਾਵੇਂ ਕਿੰਨਾ ਵੀ ਬੀਤ ਜਾਵੇ ਜਦੋਂ ਕਦੇ ਯਾਦਾਂ ਦੀ ਉਸ ਕਿਤਾਬ ਦੇ ਪੰਨੇ ਪਲਟੇ ਜਾਂਦੇ ਹਨ ਤਾਂ ਉਨ੍ਹਾਂ ਵਿੱਚੋਂ ਉੱਠਦੀ ਮਹਿਕ ਰੂਹ ਤੱਕ ਨੂੰ ਮਹਿਕਾ ਦਿੰਦੀ ਹੈ। ਕੁਝ ਯਾਦਾਂ ਅਜਿਹੀਆਂ ਹੁੰਦੀਆਂ ਹਨ ਜੋ ਕੈਲੰਡਰਾਂ ਵਿੱਚ ਤਾਂ ਪੁਰਾਣੀਆਂ ਹੋ ਸਕਦੀਆਂ ਹਨ ਪਰ ਦਿਲ ਵਿੱਚ ਕਦੇ ਵੀ ਪੁਰਾਣੀਆਂ ਨਹੀਂ ਪੈਂਦੀਆਂ। ਸੰਨ 1989-90 ਦਾ ਇੱਕ ਖਾਸ ਦਿਨ ਮੇਰੀ ਜਿੰਦਗੀ ਵਿੱਚ ਵੀ ਇਸੇ ਤਰ੍ਹਾਂ ਆਇਆ ਸੀ। ਅੱਜ ਲਗਪਗ ਚਾਰ ਦਹਾਕਿਆਂ ਦਾ ਸਮਾਂ ਗੁਜਰ ਜਾਣ ਦੇ ਬਾਵਜੂਦ ਉਸ ਦਿਨ ਦੇ ਕੁਝ ਦ੍ਰਿਸ ਅੱਜ ਵੀ ਮੇਰੇ ਮਨ ਦੇ ਕੈਨਵਸ 'ਤੇ ਉਸੇ ਤਰ੍ਹਾਂ ਉਕਰੇ ਹੋਏ ਹਨ। ਉਦੋਂ ਮੈਂ ਪ੍ਰਾਇਮਰੀ ਸਕੂਲ ਦੀ ਚੌਥੀ ਜਾਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੋਵਾਂਗਾ ਅਤੇ ਉਮਰ ਮਸਾਂ ਗਿਆਰਾਂ ਕੁ ਸਾਲ ਦੀ ਹੋਵੇਗੀ। ਮੇਰੇ ਨਾਲ ਮੇਰਾ ਜਮਾਤੀ ਕਾਲਾ ਬੇਦੀ ਸੀ ਜੋ ਮੇਰੇ ਤੋਂ ਸਾਲ ਕੁ ਵੱਡਾ ਸੀ।

ਦੁਨੀਆਦਾਰੀ ਦੇ ਛਲ-ਕਪਟ, ਫਿਕਰਾਂ ਅਤੇ ਤਾਣੇ-ਬਾਣੇ ਤੋਂ ਕੋਹਾਂ ਦੂਰ ਅਸੀਂ ਆਪਣੇ ਬਚਪਨ ਦੀ ਮਾਸੂਮੀਅਤ ਵਿੱਚ ਗੁੰਮ ਸਾਂ। ਉਸ ਦਿਨ ਅਸੀਂ ਸਕੂਲੋਂ ਮਿਲਣ ਵਾਲੇ ਵਜੀਫੇ ਦਾ ਫਾਰਮ ਭਰਨ ਲਈ ਮਾਨਸਾ ਕਚਹਿਰੀ ਜਾਣਾ ਸੀ। ਅੱਜ ਦੇ ਬੱਚਿਆਂ ਵਾਂਗ ਨਾ ਸਾਡੇ ਕੋਲ ਮੋਬਾਈਲ ਸਨ ਨਾ ਕੋਈ ਵੱਡਾ ਸਾਡੇ ਨਾਲ ਸੀ ਅਤੇ ਨਾ ਹੀ ਕਿਸੇ ਨੇ ਇਹ ਸਮਝਾਇਆ ਸੀ ਕਿ ਕਿੱਥੇ ਜਾਣਾ ਹੈ ਤੇ ਕੀ ਕਰਨਾ ਹੈ। ਉਸ ਵੇਲੇ ਪਿੰਡਾਂ ਦੇ ਬੱਚਿਆਂ ਦਾ ਬਚਪਨ ਬਿਲਕੁਲ ਭੋਲਾ, ਬੇਫਿਕਰ ਅਤੇ ਮਾਸੂਮ ਹੁੰਦਾ ਸੀ। ਅਸੀਂ ਭੁਨੀਰ ਤੋਂ ਮਾਨਸਾ ਜਾਣ ਵਾਲੀ ਸਰਕਾਰੀ ਬੱਸ ਵਿੱਚ ਚੜ੍ਹ ਗਏ। ਸਾਡੀਆਂ ਨਿੱਕੀਆਂ-ਨਿੱਕੀਆਂ ਜੇਬਾਂ ਵਿੱਚ ਕੁੱਲ ਮਿਲਾ ਕੇ ਢਾਈ-ਤਿੰਨ ਰੁਪਏ ਹੀ ਸਨ। ਇਹ ਵੀ ਨਹੀਂ ਸੀ ਪਤਾ ਕਿ ਉਹ ਪੈਸੇ ਕਿਰਾਏ ਲਈ ਕਾਫੀ ਹਨ ਜਾਂ ਨਹੀਂ। ਬੱਸ ਚੱਲ ਪਈ ਅਤੇ ਕੁਝ ਦੇਰ ਬਾਅਦ ਜਦੋਂ ਕੰਡਕਟਰ ਟਿਕਟ ਕੱਟਣ ਲਈ ਸਾਡੇ ਕੋਲ ਆਇਆ ਤਾਂ ਅਸੀਂ ਆਪਣੀ ਮੁੱਠੀ ਵਿਚਲੇ ਉਹ ਸਾਰੇ ਸਿੱਕੇ ਉਸ ਦੇ ਹੱਥ ਉੱਤੇ ਰੱਖ ਦਿੱਤੇ। ਉਸ ਨੇ ਪੈਸੇ ਗਿਣੇ, ਥੋੜ੍ਹਾ ਗੰਭੀਰ ਹੋਇਆ ਅਤੇ ਫਿਰ ਸਾਡੇ ਚਿਹਰਿਆਂ ਵੱਲ ਵੇਖ ਕੇ ਮੁਸਕਰਾਉਂਦਿਆਂ ਕਿਹਾ, “ਪੁੱਤਰ, ਇਹ ਤਾਂ ਕਿਰਾਏ ਤੋਂ ਕਾਫੀ ਘੱਟ ਨੇ।” ਅਸੀਂ ਵੀ ਪੂਰੀ ਸਾਦਗੀ ਅਤੇ ਲਾਚਾਰੀ ਨਾਲ ਆਪਣੀ ਬੇਬਸੀ ਜਾਹਰ ਕਰਦਿਆਂ ਕਹਿ ਦਿੱਤਾ “ਸਾਡੇ ਕੋਲ ਤਾਂ ਬੱਸ ਇੰਨੇ ਹੀ ਹਨ, ਹੋਰ ਪੈਸੇ ਨਹੀਂ ਹਨ।”

ਅੱਜ ਯਾਦ ਨਹੀਂ ਕਿ ਉਸ ਨੇ ਸਾਡੀ ਪੂਰੀ ਟਿਕਟ ਕੱਟੀ ਸੀ ਜਾਂ ਅੱਧੀ ਪਰ ਇਹ ਜਰੂਰ ਯਾਦ ਹੈ ਕਿ ਉਸ ਨੇ ਸਾਡੀ ਮਜਬੂਰੀ ਨੂੰ ਸਵੀਕਾਰਿਆ ਅਤੇ ਸਾਨੂੰ ਬੱਸ ਤੋਂ ਹੇਠਾਂ ਨਾ ਉਤਾਰਿਆ। ਇਹ ਉਸ ਸਫਰ ਦੌਰਾਨ ਸਾਡੇ ਉੱਤੇ ਹੋਈ ਪਹਿਲੀ ਰਹਿਮਤ ਸੀ। ਬੱਸ ਮਾਨਸਾ ਪਹੁੰਚ ਗਈ। ਬੱਸ ਤੋਂ ਉਤਰ ਕੇ ਕਚਹਿਰੀ ਵੱਲ ਜਾਣ ਲਈ ਅਸੀਂ ਕੁਝ ਹੀ ਕਦਮ ਪੁੱਟੇ ਹੋਣਗੇ ਕਿ ਪਿੱਛੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ। ਮੈਂ ਪਿੱਛੇ ਮੁੜ ਕੇ ਵੇਖਿਆ; ਸਾਹਮਣੇ ਇੱਕ ਸੂਟ-ਬੂਟ ਵਿੱਚ ਸਜਿਆ, ਹੱਥ ਵਿੱਚ ਸੂਟਕੇਸ ਫੜੀ ਇੱਕ ਭੱਦਰਪੁਰਸ ਖੜ੍ਹਾ ਸੀ। ਉਸ ਨੇ ਬੜੀ ਸਹਿਜਤਾ ਨਾਲ ਆਪਣੀ ਜੇਬ ਵਿੱਚੋਂ ਪੰਜ ਰੁਪਏ ਦਾ ਇੱਕ ਨੋਟ ਕੱਢਿਆ, ਮੇਰੀ ਨਿੱਕੀ ਜਿਹੀ ਹਥੇਲੀ 'ਤੇ ਰੱਖਿਆ ਅਤੇ ਮੋਹ ਭਿੱਜੀ ਆਵਾਜ ਵਿੱਚ ਕਿਹਾ, “ਪੁੱਤਰ, ਵਾਪਸ ਘਰ ਵੀ ਤਾਂ ਜਾਣਾ ਹੈ... ਇਹ ਆਪਣੇ ਕੋਲ ਰੱਖ ਲਓ।”

ਮੈਂ ਅਤੇ ਕਾਲਾ ਇੱਕ-ਦੂਜੇ ਦਾ ਮੂੰਹ ਵੇਖਦੇ ਰਹਿ ਗਏ। ਸਾਨੂੰ ਸਮਝ ਹੀ ਨਹੀਂ ਆਈ ਕਿ ਇਹ ਕੀ ਹੋ ਗਿਆ ਹੈ। ਧੰਨਵਾਦ ਕਰਨਾ ਵੀ ਨਹੀਂ ਆਉਂਦਾ ਸੀ; ਸਬਦ ਵੀ ਕਈ ਵਾਰ ਉਮਰ ਦੇ ਨਾਲ ਹੀ ਆਉਂਦੇ ਹਨ। ਉਸ ਉਮਰ ਵਿੱਚ ਸਾਡੇ ਕੋਲ ਸਿਰਫ ਹੈਰਾਨ ਅੱਖਾਂ ਸਨ। ਉਸ ਨੇ ਨਾ ਸਾਡਾ ਨਾਮ ਪੁੱਛਿਆ, ਨਾ ਆਪਣਾ ਦੱਸਿਆ। ਉਹ ਆਇਆ ਵੀ ਚੁੱਪ-ਚਾਪ ਸੀ ਤੇ ਚਲਾ ਵੀ ਚੁੱਪ-ਚਾਪ ਗਿਆ। ਅੱਜ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਕੁਝ ਲੋਕ ਸਾਡੀ ਜਿੰਦਗੀ ਵਿੱਚ ਉਮਰ ਦੇ ਇੱਕ ਪਲ ਨੂੰ ਰੌਸਨ ਕਰਨ ਹੀ ਆਉਂਦੇ ਹਨ। ਇਨਸਾਨੀ ਜਿਹਨ ਵੀ ਕਿੰਨਾ ਅਜੀਬ ਹੈ। ਅੱਜ ਮੈਨੂੰ ਇਹ ਬਿਲਕੁਲ ਯਾਦ ਨਹੀਂ ਕਿ ਕਚਹਿਰੀ ਵਿੱਚ ਸਾਡਾ ਫਾਰਮ ਕਿਸ ਨੇ ਭਰਿਆ, ਕਿੰਨਾ ਸਮਾਂ ਲੱਗਾ ਜਾਂ ਅਸੀਂ ਵਾਪਸ ਪਿੰਡ ਕਿਵੇਂ ਪਹੁੰਚੇ।

ਉਹ ਸਭ ਕੁਝ ਸਮੇਂ ਦੀ ਧੁੰਦ ਵਿੱਚ ਪੂਰੀ ਤਰ੍ਹਾਂ ਵਿਲੀਨ ਹੋ ਚੁੱਕਾ ਹੈ, ਮੇਰੇ ਜਿਹਨ ਵਿੱਚ ਇਸ ਦਾ ਇੱਕ ਵੀ ਅਕਸ ਬਾਕੀ ਨਹੀਂ। ਪਰ ਉਹ ਦੋ-ਤਿੰਨ ਮਿੰਟ, ਮਾਨਸਾ ਦਾ ਬੱਸ ਅੱਡਾ, ਮੇਰੇ ਮੋਢੇ ਉੱਤੇ ਰੱਖੇ ਉਸ ਹੱਥ ਦਾ ਨਿੱਘ ਅਤੇ ਮੇਰੀ ਹਥੇਲੀ ਵਿੱਚ ਆ ਕੇ ਟਿਕਿਆ ਉਹ ਪੰਜ ਰੁਪਏ ਦਾ ਨੋਟ, ਅੱਜ ਚਾਰ ਦਹਾਕਿਆਂ ਬਾਅਦ ਵੀ ਉਹ ਦ੍ਰਿਸ ਮੇਰੀਆਂ ਅੱਖਾਂ ਸਾਹਮਣੇ ਹੂਬਹੂ ਸਾਕਾਰ ਹੋ ਜਾਂਦਾ ਹੈ, ਜਿਵੇਂ ਇਹ ਕੱਲ੍ਹ ਦੀ ਹੀ ਗੱਲ ਹੋਵੇ। ਅੱਜ ਵੀ ਜਦੋਂ ਮੈਂ ਅਤੇ ਕਾਲਾ ਬੇਦੀ ਕਦੇ ਮਿਲਦੇ ਹਾਂ ਤਾਂ ਇਸ ਘਟਨਾ ਦਾ ਜਿਕਰ ਜਰੂਰ ਹੁੰਦਾ ਹੈ। ਪਹਿਲਾਂ ਤਾਂ ਅਸੀਂ ਆਪਣੀ ਸਾਦਗੀ 'ਤੇ ਹੱਸਦੇ ਹਾਂ ਕਿ ਸਾਨੂੰ ਇਹ ਵੀ ਨਹੀਂ ਸੀ ਪਤਾ ਕਿ ਬੱਸ ਵਿੱਚ ਚੜ੍ਹਨ ਲਈ ਪੂਰੇ ਪੈਸੇ ਚਾਹੀਦੇ ਹੁੰਦੇ ਹਨ। ਫਿਰ ਦਿਲ ਵਿੱਚ ਅਗਲਾ ਸਵਾਲ ਉੱਠਦਾ ਹੈ ਕਿ ਜੇ ਉਹ ਸੱਜਣ ਉਸ ਦਿਨ ਨਾ ਮਿਲਦੇ ਅਤੇ ਉਹ ਪੰਜ ਰੁਪਏ ਨਾ ਦਿੰਦੇ ਤਾਂ ਸਾਡਾ ਕੀ ਬਣਦਾ? ਅਸੀਂ ਘਰ ਕਿਸ ਤਰ੍ਹਾਂ ਆਉਂਦੇ? ਸਾਇਦ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਰੋਂਦੇ-ਧੋਂਦੇ ਘਰ ਵਾਪਸ ਆ ਹੀ ਜਾਂਦੇ ਪਰ ਫਿਰ ਮਨੁੱਖਤਾ ਅਤੇ ਰੱਬੀ ਹੋਂਦ ਦਾ ਉਹ ਅਣਮੁੱਲਾ ਪਾਠ ਸਾਨੂੰ ਕੌਣ ਪੜ੍ਹਾਉਂਦਾ? ਉਹ ਪੰਜ ਰੁਪਏ ਅੱਜ ਵੀ ਮੇਰੇ ਲਈ ਅਣਮੁੱਲੀ ਦੌਲਤ ਹਨ, ਕਿਉਂਕਿ ਉਸ ਅਣਜਾਣ ਸਖਸ ਨੇ ਸਾਡੀ ਜੇਬ ਵਿੱਚ ਮਹਿਜ ਪੈਸੇ ਨਹੀਂ ਪਾਏ ਸਨ, ਸਗੋਂ ਸਾਡੇ ਡੋਲਦੇ ਬਾਲ ਮਨਾਂ ਨੂੰ ਇਨਸਾਨੀਅਤ 'ਤੇ ਇੱਕ ਅਟੁੱਟ ਭਰੋਸਾ ਦਿੱਤਾ ਸੀ। ਮੈਨੂੰ ਨਹੀਂ ਪਤਾ ਉਹ ਸੱਜਣ ਅੱਜ ਕਿੱਥੇ ਹੋਣਗੇ। ਉਸ ਦਿਨ ਮੈਂ ਪਹਿਲੀ ਵਾਰ ਜਾਣਿਆ ਸੀ ਕਿ ਕਈ ਵਾਰ ਰੱਬ ਮੰਦਰਾਂ ਜਾਂ ਮਸਜਿਦਾਂ ਵਿੱਚ ਹੀ ਨਹੀਂ ਮਿਲਦਾ, ਉਹ ਇੱਕ ਅਣਜਾਣ ਮੁਸਾਫਿਰ ਬਣ ਕੇ ਤੁਹਾਡੇ ਮੋਢੇ 'ਤੇ ਹੱਥ ਰੱਖਦਾ ਹੈ, ਤੁਹਾਡੀ ਮਦਦ ਕਰਦਾ ਹੈ ਅਤੇ ਭੀੜ ਵਿੱਚ ਗੁੰਮ ਹੋ ਜਾਂਦਾ ਹੈ।

ਨਵਦੀਪ ਸਿੰਘ ਭੁਨੀਰ




# ਕੂੜਾ ਕਿਤਾਬਾਂ

"ਜਦ ਤੱਕ ਕੋਈ ਲਿਖਤ ਪਾਠਕਾਂ (ਸਿੱਖਿਅਤ ਅਤੇ ਅਰਧ-ਸਿੱਖਿਅਤ), ਵਿਦਵਾਨਾਂ ਜਾਂ ਬੁੱਧੀਜੀਵੀ ਸੰਸਥਾਨਾਂ ਦੇ ਨਜ਼ਰ ਨਾ ਚੜ੍ਹੇ ਤੇ ਜਦ ਤੱਕ ਇਸ ਵਿੱਚੋਂ ਕਿਤੇ ਕੋਈ ਹਵਾਲਾ ਨਾ ਦਿੱਤਾ ਗਿਆ ਹੋਵੇ ਉਦੋਂ ਤੱਕ ਉਹ ਲਿਖਤ ਤਕਰੀਬਨ ਕੂੜਾ ਹੀ ਹੁੰਦੀ ਏ। ਜੇ ਕਿਤੇ ਕਿਸੇ ਰਸਮੀ ਵਿੱਦਿਆ ਪ੍ਰਾਪਤ ਕੀਤੇ ਤੋਂ ਬਗੈਰ ਵਿਅਕਤੀ ਵੱਲੋਂ ਲਿਖਿਆ ਗਿਆ ਜਾਂ ਉਚਾਰਿਆ ਹੋਇਆ ਜਾਂ ਪੇਂਟ ਕੀਤਾ ਹੋਇਆ ਜਾਂ ਬੰਨ੍ਹਿਆ ਹੋਇਆ ਜਾਂ ਕਿਸੇ ਹੋਰ ਤਰੀਕੇ ਨਾਲ ਸਰਅੰਜਾਮ ਦਿੱਤਾ ਹੋਇਆ ਸ਼ਬਦ/ ਕਲਾ ਦਾ ਨਮੂਨਾ/ ਪ੍ਰਗਟਾਵਾ/ ਅਦਾ/ ਨ੍ਰਿਤ ਆਮ ਲੋਕਾਂ ਤੇ ਬੁੱਧੀਜੀਵੀਆਂ ਨੂੰ ਪ੍ਰਭਾਵਿਤ ਕਰ ਦੇਵੇ ਇਹ ਤਾਂ ਫਿਰ ਸੋਨੇ ਤੇ ਸੁਹਾਗੇ ਜਿਹਾ ਪ੍ਰਭਾਵ ਛੱਡ ਜਾਂਦਾ ਹੈ। ਆਪਣੀਆਂ ਖੁਦ ਛਪਵਾਈਆਂ ਪੁਸਤਕਾਂ ਨੂੰ ਮੂਹਰੇ ਰੱਖ ਕੇ ਐਵੇਂ ਚੌੜੇ ਹੋਈ ਜਾਣਾ ਮੂਰਖਤਾ ਹੈ।"

ਇਹ ਸਟੇਟਮੈਂਟ ਮੈਂ ਇੱਕ ਐਸੇ ਸੇਵਾ ਮੁਕਤ ਵਿਅਕਤੀ ਦੇ ਫੋਨ ਤੇ ਦੇ ਦਿੱਤੀ ਜਿਹੜਾ ਲੰਬਾ ਸਮਾਂ ਬੈਂਕ ਦੀ ਨੌਕਰੀ ਕਰਨ ਤੋਂ ਬਾਅਦ ਹੁਣ ਸਾਹਿਤਕ ਕਲਾਕਾਰ ਬਣਨ ਦੀ ਕੋਸ਼ਿਸ਼ ਕਰ ਰਿਹਾ ਏ। ਪਹਿਲੀ ਸਟੇਜ ਤੇ ਸਾਹਿਤਕ ਕਲਾਕਾਰੀ (ਖਾਸ ਕਰਕੇ ਕਵਿਤਾ ਰਚਨਾ) ਕਰਨ ਦਾ ਭੂਤ ਬੰਦੇ ਦੇ ਦਿਮਾਗ ਤੇ ਉਦੋਂ ਸਵਾਰ ਹੁੰਦਾ ਹੈ ਜਦੋਂ ਉਹ 20 ਕੁ ਸਾਲ ਦੀ ਉਮਰ ਵਿੱਚ ਪਿਆਰ ਮੁਹੱਬਤ ਦੇ ਸਮੁੰਦਰਾਂ ਵਿੱਚ ਗੋਤੇ ਲਗਾਉਣੇ ਸ਼ੁਰੂ ਕਰਦਾ ਹੈ। ਉਦੋਂ ਬਹੁਤੇ ਅਜਿਹੇ ਕਲਾਕਾਰ ਸੋਚਦੇ ਹਨ ਕਿ ਸ਼ਾਇਦ ਉਹ ਕੀਟਸ, ਸ਼ੈਲੀ, ਸ਼ਿਵ ਬਟਾਲਵੀ, ਨੰਦ ਲਾਲ ਨੂਰਪੁਰੀ ਆਦਿ ਬਣ ਜਾਣ। ਛੇਤੀਂ ਛੇਤੀਂ ਕੁਝ ਕਵਿਤਾ ਕੈਨਵਸ ਤੇ ਉਤਾਰ ਕੇ ਤੇ ਛਪਾ ਕੇ ਸ਼ੇਖੀ ਵਿੱਚ ਆ ਜਾਣਗੇ ਕਿ ਸ਼ਾਇਦ ਉਹ ਵੀ ਵੱਡੇ ਕਵੀ ਬਣ ਗਏ ਹਨ। ਜੇ ਇਸ ਪਲੇਠੀ ਕ੍ਰਿਤ ਦੀ ਕਿਤੇ ਵੀ ਕੋਈ ਕਦਰ ਨਹੀਂ ਪੈਂਦੀ ਫਿਰ ਉਹ ਮਾੜਾ ਮਾੜਾ ਸੋਚਣਗੇ ਕਿ ਇਹ ਤਾਂ ਭਵਸਾਗਰ ਹੈ। ਜਦ ਤੱਕ ਇਹਦੇ ਵਿੱਚ ਕੋਈ ਅੱਧਾ ਪਚੱਧਾ ਜਾਂ ਪੂਰਾ ਨਹੀਂ ਡੁੱਬਦਾ ਉਦੋਂ ਤੱਕ ਕੋਈ ਵੀ ਕਦਰ ਪੈਣੀ ਸੰਭਵ ਨਹੀਂ। ਜੋ ਜ਼ਿਆਦਾ ਇਸ ਸਮੁੰਦਰ ਵਿੱਚ ਡੁੱਬ ਜਾਂਦੇ ਹਨ ਉਹ ਜਾਂ ਤਾਂ ਸ਼ਰਾਬ ਪੀਣ ਦੇ ਆਦੀ ਹੋ ਜਾਂਦੇ ਹਨ ਤੇ ਆਪਣਾ ਆਪ ਗੁਆ ਬਹਿੰਦੇ ਹਨ ਤੇ ਜਾਂ ਫਿਰ ਅਰਧ-ਜੀਵਨ ਜਿਉਣ ਜੋਗੇ ਹੀ ਰਹਿ ਜਾਂਦੇ ਹਨ। ਉਹ ਥੋੜੇ ਹਨ ਜੋ ਪ੍ਰਸਿੱਧੀ ਵੀ ਖੱਟ ਲੈਂਦੇ ਹਨ ਤੇ ਲੰਬੀ ਜ਼ਿੰਦਗੀ ਵੀ ਮਾਣ ਲੈਂਦੇ ਹਨ। ਪੰਜਾਬੀ ਵਿੱਚ ਪ੍ਰੋਫੈਸਰ ਮੋਹਨ ਸਿੰਘ ਇਸ ਪ੍ਰਕਾਰ ਦੇ ਜੀਵਨ ਦੀ ਇੱਕ ਵਿਲੱਖਣ ਮਿਸਾਲ ਹਨ। ਬਹੁਤੀ ਵਾਰ ਜ਼ਿੰਦਗੀ ਦੀਆਂ ਹੋਰ ਜ਼ਿੰਮੇਵਾਰੀਆਂ ਦੇ ਭਾਰ ਹੇਠ ਕਿਤਾਬਾਂ ਜਾਂ ਸਾਹਿਤਕ ਕਲਾਕਾਰੀ ਨੂੰ ਜਨਮ ਦੇਣ ਦੀ ਤੜਫ ਘਮੇਟਣੀ ਖਾ ਕੇ ਮੂੰਹ ਭਾਰ ਜ਼ਮੀਨ ਤੇ ਡਿੱਗ ਪੈਂਦੀ ਹੈ। ਜਵਾਨੀ ਦੀ ਜਜ਼ਬਾਤੀ ਘੁੰਮਣਘੇਰੀ ਨੇ ਅਕਸਰ ਤਿੰਨ ਪੜਾਵਾਂ ਵਿੱਚ ਬਦਲਣਾ ਹੁੰਦਾ ਏ। (1). ਜਿਵੇਂ ਇੱਕ ਬੀਜ ਆਪਾ ਗੁਆ ਕੇ ਪੌਦਾ ਬਣ ਪੁੰਗਰ ਪੈਂਦਾ ਹੈ ਇਵੇਂ ਹੀ ਸਿਰਜਨਾਤਮਕ ਚਿੰਤਨ ਨੇ ਵੀ ਕਾਵਿ ਰੂਪ ਵਿੱਚ ਕੋਈ ਨਵਾਂ ਗੁੱਲ ਖਿਲਾਉਣਾ ਹੁੰਦਾ ਏ। ਸ਼ਿਵ ਬਟਾਲਵੀ ਤੇ ਸਾਹਿਰ ਲੁਧਿਆਣਵੀ ਦੀ ਮਿਸਾਲ ਸਾਡੇ ਸਾਹਮਣੇ ਹੈ। (2). ਘੁਮੇਟੇ ਤੋਂ ਬਾਅਦ ਸਾਹਿਤਿਕ ਕਲਾਕਾਰੀ ਤਿਆਗ ਕੇ ਸਿਰਫ ਦਾਲ ਰੋਟੀ ਦੇ ਚੱਕਰ ਵਿੱਚ ਪੈ ਜਾਣਾ। (3). ਸਾਹਿਤਕ ਚੇਟਕ ਧੀਵੀਂ ਗਤੀ ਨਾਲ ਚਲਦੀ ਰਹਿਣੀ ਤੇ ਆਖਰ 50-60 ਸਾਲ ਦੀ ਉਮਰ ਵਿੱਚ ਇਸ ਚੇਟਕ ਦਾ ਕਿਸੇ ਠੋਸ ਪ੍ਰਾਪਤੀ ਦੇ ਰੂਪ ਵਿੱਚ ਪੁਨਰ ਜਨਮ ਹੋਣਾ। ਪਹਿਲੀ ਸਟੇਜ ਵਿੱਚ ਰਚੀ ਸਮੱਗਰੀ ਵਿੱਚ ਛਾਣ ਬੂਰਾ ਜ਼ਿਆਦਾ ਹੁੰਦਾ ਏ। ਉਦੋਂ ਕਲਾਕਾਰ ਨੂੰ ਇਸ ਕੂੜੇ ਕਰਕਟ ਦਾ ਪਤਾ ਹੀ ਨਹੀਂ ਲਗਦਾ। ਕਈ ਵਾਰ ਜਦ ਇਹ ਕਲਾਕਾਰ ਆਪਣੇ ਅੰਤਲੇ ਪੜਾਅ ਵਿੱਚ ਇਹ ਸਮਗਰੀ ਪੜ੍ਹਦਾ ਹੈ ਤਾਂ ਉਸ ਨੂੰ ਆਪਣੇ ਆਪ ਤੇ ਸ਼ਰਮ ਵੀ ਆਉਣ ਲੱਗ ਪੈਂਦੀ ਏ। ਉਹ ਹੈਰਾਨ ਹੁੰਦਾ ਹੈ ਕਿ ਉਹ ਆਪਣੇ ਮਾੜੇ ਮਾਲ ਨੂੰ ਵੀ ਬਹੁਤ ਅੱਵਲ ਦਰਜੇ ਦਾ ਸਮਝਦਾ ਰਿਹਾ। ਜਦ ਦੁਨੀਆਂ ਦੇ ਸਾਹਿਤਿਕ ਸਾਗਰ ਵਿੱਚ ਉਸਦੀ ਕੋਈ ਪੁੱਛ ਪ੍ਰਤੀਤ ਹੀ ਨਹੀਂ ਹੁੰਦੀ ਜਾਂ ਉਸਦਾ ਕੋਈ ਕਿਤੇ ਹਵਾਲਾ ਹੀ ਨਹੀਂ ਦਿੰਦਾ ਫਿਰ ਉਹ ਕੁਝ ਉਦਾਸ ਤੇ ਪਰੇਸ਼ਾਨ ਹੋਣ ਲੱਗਦਾ ਏ। ਫਿਰ ਉਹਨੂੰ ਆਪਣੀਆਂ ਕ੍ਰਿਤਾਂ ਕੂੜਾ ਲੱਗਣ ਲੱਗ ਪੈਂਦੀਆਂ ਹਨ। ਬਹੁਤੇ ਕਲਾਕਾਰਾਂ ਦੀਆਂ ਪਹਿਲੀ ਉਮਰ ਵਿੱਚ ਰਚੀਆਂ ਕ੍ਰਿਤਾਂ ਠੁੱਸ ਹੋ ਜਾਂਦੀਆਂ ਹਨ। ਇਹ ਬਚਕਾਨੀਆਂ ਵੀ ਲੱਗਣ ਲੱਗ ਪੈਂਦੀਆਂ ਹਨ। 'ਸਾਤ ਹਿੰਦੁਸਤਾਨੀ' ਫਿਲਮ ਵਿੱਚ ਅਮਿਤਾਭ ਬੱਚਨ ਉਹ ਨਹੀਂ ਸੀ ਜੋ ਉਹ 'ਆਨੰਦ ' ਵਿੱਚ ਜਾਂ 'ਜੰਜੀਰ' ਵਿੱਚ ਹੈ। 'ਆਓ ਕੋਈ ਖੁਆਬ ਬੁਨੇ' ਵਿੱਚ ਸਾਹਿਰ ਉਹ ਨਹੀਂ ਹੈ ਜੋ ਉਹ 'ਤਲਖੀਆਂ' ਵਿੱਚ ਹੈ। 'ਬਿਰਹਾ ਦਾ ਸੁਲਤਾਨ' ਵਿੱਚ ਸ਼ਿਵ ਉਹ ਨਹੀਂ ਹੈ ਜੋ ਉਹ 'ਲੂਣਾ' ਵਿੱਚ ਹੈ। ਕੀਟਸ ਜੋ 'Ode to Nightingale' ਵਿੱਚ ਹੈ ਉਹ 'Endymion' ਵਿੱਚ ਨਹੀਂ ਹੈ। ਸ਼ੈਲੀ ਦੇ 'Ode to the West Wind' and 'To a Skylark' ਵਿੱਚ ਵੱਧ ਡੂੰਘਾਈ ਨਜ਼ਰ ਆ ਰਹੀ ਏ।

ਅੱਜ ਕੱਲ ਇੱਕ ਹੋਰ ਕੀੜਾ ਵੀ ਨਵੀਆਂ ਆ ਰਹੀਆਂ ਪੁਸਤਕਾਂ ਨੂੰ ਚੁੰਬੜਿਆ ਹੋਇਆ ਹੈ। ਇਹ ਕੀੜਾ ਹੈ 'ਘੁੰਡ ਚੁਕਾਈ' ਦਾ ਤੇ 'ਪ੍ਰਸ਼ੰਸਾ ਟਿੱਪਣੀਆਂ' ਲਿਖਵਾਉਣ ਦਾ। ਮੈਂ ਖੁਦ ਵੀ ਇਸ ਕੀੜੇ ਦਾ ਸ਼ਿਕਾਰ ਹਾਂ। ਜੇ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਕਿਸੇ ਵਿਲੱਖਣ ਕ੍ਰਿਤ ਨੂੰ ਕਿਸੇ ਪ੍ਰਕਾਰ ਦੀ ਪਬਲੀਸਿਟੀ ਦੀ ਜਰੂਰਤ ਨਹੀਂ ਪੈਂਦੀ। ਵਿਲੱਖਣ ਕ੍ਰਿਤ ਤਾਂ ਕਦੀ ਮਰਦੀ ਹੀ ਨਹੀਂ। ਤੁਸੀਂ ਦੱਸੋ 'ਗੁਲਿਸਤਾਂ ਬੋਸਤਾਂ', 'ਮੇਰਾ ਪਿੰਡ', 'War and Peace', 'Mother', 'ਸਾਵੇ ਪੱਤਰ', 'ਪਿੰਜਰ', 'ਰਾਤ ਬਾਕੀ ਹੈ', 'ਸੱਚ ਨੂੰ ਫਾਂਸੀ' ਆਦਿ ਕਿਤਾਬਾਂ ਕਦੀ ਮਰ ਸਕਦੀਆਂ ਹਨ ? ਕਦੀ ਵੀ ਨਹੀਂ। ਕੋਈ ਲਿਖਤ, ਕ੍ਰਿਤ ਜਾਂ ਕਲਾ ਉਦੋਂ ਸਦੀਵੀ ਹੁੰਦੀ ਹੈ ਜਦ ਉਸ ਵਿੱਚ ਤਿੰਨ ਗੁਣ ਹੋਣ:

(1). ਨਵਾਂਪਣ (Novelty) (2). ਨਿਵੇਕਲਾਪਣ (Innovation) (3). ਕਲਾਤਮਕ ਫੁੱਲਪੱਤੀਆਂ (Embellishments) । ਅੰਗਰੇਜੀ ਸਾਹਿਤ ਵਿੱਚ ਐਡੀਸਨ, ਸਟੀਫਨ ਲੀਕਾਕ, ਆਰ. ਐਲ ਸਟੀਵਨਸਨ, ਜੇ. ਬੀ. ਪਰੀਸਟਲੇ, ਰੱਸਲ, ਜੇਨ ਔਸਟਿਨ, ਚਾਰਲਸ ਡਿਕਨਜ਼, ਥਾਮਸ ਹਾਰਡੀ, ਖੁਸ਼ਵੰਤ ਸਿੰਘ, ਆਰ. ਕੇ ਨਰਾਇਣ, ਅਮਿਤਾਬ ਘੋਸ਼ ਆਦਿ ਲਿਖਾਰੀ ਬੜੀ ਰੀਝ ਨਾਲ ਪੜ੍ਹੇ ਜਾਂਦੇ ਹਨ। ਇਸ ਦੇ ਉਲਟ ਲਾਰਡ ਮੈਕਾਲੇ, ਕਾਰਲਾਈਲ ਅਤੇ ਰਸਕਿਨ ਜਿਹੇ ਲਿਖਾਰੀ ਓਨੇ ਚਾਅ ਨਾਲ ਨਹੀਂ ਪੜ੍ਹੇ ਜਾਂਦੇ ਕਿਉਂਕਿ ਉਹ ਲੰਬੇ ਲੰਬੇ ਅਤੇ ਅਸਪਸ਼ਟ ਫਿਕਰੇ ਲਿਖਦੇ ਹਨ।

ਆਓ ਆਪਣੀਆਂ ਲਿਖਤਾਂ ਵਿੱਚ ਨਵਾਂਪਣ ਤੇ ਨਿਵੇਕਲਾਪਣ ਲਿਆਈਏ। ਦੂਜੇ ਮਸ਼ਹੂਰ ਹੋ ਚੁੱਕੇ ਲੇਖਕਾਂ ਤੋਂ ਪ੍ਰਸ਼ੰਸਾ ਟਿੱਪਣੀਆਂ (blurbs) ਲਿਖਾ ਕੇ ਪੁਸਤਕ ਨੂੰ ਉਧਾਰ ਦਾ ਸਿੰਧੂਰ ਲਗਾ ਕੇ ਮਸ਼ਹੂਰ ਕਰਨ ਬਾਰੇ ਨਾ ਸੋਚੀਏ। ਜਿਸ ਕ੍ਰਿਤ ਵਿੱਚ ਜਾਨ ਹੈ ਉਹ ਹਰ ਹਾਲਤ ਵਿੱਚ ਮਸ਼ਹੂਰ ਹੋ ਹੀ ਜਾਂਦੀ ਹੈ ਤੇ ਟਿਕਾਊ ਵੀ ਬਣੀ ਰਹਿੰਦੀ ਹੈ। ਨਾਲ਼ੇ ਜਾਦੂ ਉਹੀ ਹੁੰਦਾ ਹੈ ਜਿਹੜਾ ਸਿਰ ਚੜ੍ਹ ਬੋਲਦਾ ਹੈ।

# - ਮਿੱਟੀ ਦੀ ਮਹਿਕ -

## ਪੀਰ ਦਾ ਪ੍ਰਸ਼ਾਦ



ਉਦੋਂ ਵਕਤ ਚੰਗੇ ਸਨ।ਅਸੀਂ ਤੜਕਸਾਰ ਉਠਦੇ। ਚਣਕੋਆ ,ਘਰ ਤੋਂ ਇੱਕ ਕਿਲੋਮੀਟਰ ਦੂਰ ਖੇਤਾਂ ਚੋਂ ਚਰ੍ਹੀ ਖੋਤ ਕੇ ਲਿਆਉਂਦੇ।( ਭਾਵ ਰੰਬੇ ਨਾਲ ਫਸਲ ਨੂੰ ਜਮੀਨ ਦੇ ਬਰਾਬਰ ਤੋਂ ਵਢਣਾ) ।ਕੁਤਰਦੇ ।ਫਿਰ ਹੱਥ ਮੂੰਹ ਧੋਂਦੇ। ਨਹਾਉਂਦੇ ਵੀ ਸੀ। ਕਿਉਂ ਪੀ ਟੀ ਆਈ ਮੂਲ੍ਹਾ ਸਿੰਘ ਵਲੋਂ ਪ੍ਰੇਅਰ/ ਪ੍ਰਾਰਥਨਾ ਵਿੱਚ ਖੜ੍ਹੇ ਕਰ ਲਿਆ ਜਾਂਦਾ ਸੀ। ਜਿਹੜੇ ਨਹਾ ਕੇ ਨਹੀਂ ਆਏ, ਖੜ੍ਹੇ ਹੋ ਜਾਓ । ਖੜ੍ਹੇ ਹੋਣਾ, ਨਮੋਸ਼ੀ ਦਾ ਕਾਰਨ ਬਣਦਾ ।ਇਸ ਕਰਕੇ ਨਹਾਉਂਦੇ। ਸਕੂਲ ਸਾਡੇ ਪਿੰਡ ਕੌਲਗੜ੍ਹ ਤੋਂ ਪੰਜ ਛੇ ਕਿਲੋਮੀਟਰ ਤਾਂ ਹੋਵੇਗਾ ਹੀ ,ਸਰਕਾਰੀ ਹਾਈ ਸਕੂਲ ਸਾਹਿਬਾ ।ਕੱਚੇ ਰਸਤੇ ।ਪੈਦਲ ਮਾਰਚ ।ਦੋਲੂ ਦੇ ਬਲਵੀਰ ਨੇ ਪੱਗ ਵੀ ਰਸਤੇ ਵਿੱਚ ਜਾਂਦਿਆਂ ਜਾਂਦਿਆਂ ਹੀ ਬਨ੍ਹਣੀ।

ਦਸਵੀਂ ਚ ਕਾਹਦੇ ਹੋਏ ।ਮਾਨੋ ਸਾਡੇ ਲਈ ਤਾਂ ਐਮਰਜੈਂਸੀ ਲੱਗ ਗਈ ਹੋਵੇ। ਸੁਰਜੀਤ ਸਿੰਘ ਥਿਆੜਾ ਸਾਡੇ ਸਾਇੰਸ ਮਾਸਟਰ ਸਨ। ਉਹਨਾਂ ਦੇ ਦਿਹਾੜੀ ਚ ਚਾਰ ਪੀਰੀਅਡ ਹੋਇਆ ਕਰਦੇ ਸਨ। ਦੋ ਹਿਸਾਬ ਦੇ ਇੱਕ ਸਾਇੰਸ ਦਾ ਇਕ ਸਵੇਰ ਸਮੇਂ ਓਵਰ ਟਾਈਮ। ਓਵਰ ਟਾਈਮ ਲਈ ਹਦਾਇਤ ਹੁੰਦੀ ਸੀ," ਸੂਰਜ ਇਹਨਾਂ ਟਾਹਲੀਆਂ ਹੇਠ ਨਿਕਲਣਾ ਚਾਹੀਦਾ ਹੈ"। ਥਿਆੜਾ ਜੀ ਬੜੇ ਹੀ ਹਸ ਮੁਖ ਸੁਭਾ ਦੇ ਅਧਿਆਪਕ ਸਨ। ਉਨ੍ਹਾਂ ਦੇ ਸੱਜੇ ਹੱਥ ਵਿੱਚ ਲੰਬੀ ਸੋਟੀ " ਡੰਡਾ ਪੀਰ ਹੈ ਬਿਗੜਿਆਂ ਤਿਗੜਿਆਂ ਦਾ " । ਮਾਨੋ ਨੂੰ ਉਹਨਾਂ ਦਾ ਤਕੀਆ ਕਲਾਮ ਹੁੰਦਾ ਸੀ ਉਹਨਾਂ ਦਾ ਇੱਕ ਨੇਮ ਸੀ ਕਿ ਹਰ ਵਿਦਿਆਰਥੀ ਨੂੰ ਉਹਨਾਂ ਹਰ ਰੋਜ ਹੀ ਇੱਕ ਵਾਰ ਜਰੂਰ ਹੀ ਪੀਰ ਦਾ ਪ੍ਰਸਾਦ ਦੇਣਾ ਹੀ ਦੇਣਾ ਹੁੰਦਾ ਸੀ। ਜਿਹਨਾਂ ਨੂੰ ਸਵੇਰੇ ਓਵਰ ਟਾਈਮ ਵਿੱਚ ਪ੍ਰਸਾਦ ਮਿਲ ਗਿਆ, ਉਸ ਦਾ ਸਾਰਾ ਦਿਨ ਸੌਖਾ ਲੰਘ ਜਾਂਦਾ ਸੀ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਛੁੱਟੀ ਵੇਲੇ ਤੱਕ ਚਿੰਤਾ ਬਣੀ ਰਹਿਣੀ। ਸਕੂਲ ਮਿਲੇ ਪ੍ਰਸਾਦ ਬਾਰੇ ਸਕੂਲੋਂ ਪੜ੍ਹ ਕੇ ਵਾਪਸ ਘਰ ਨੂੰ ਜਾਂਦਿਆਂ, ਇੱਕ ਦੂਸਰੇ ਨੂੰ ਆਖਣਾ ਕਿ ਘਰ ਜਾ ਕੇ ਨਾ ਦੱਸਣਾ । ਨਹੀਂ ਤਾਂ ਘਰ ਵੀ ਫਿਰ ਪੀਰ ਦੇ ਪ੍ਰਸਾਦ ਦੀ ਕਿਰਪਾ ਹੋ ਸਕਦੀ ਸੀ। ਦਸਵੀਂ ਤੱਕ ਪੁੱਜਦਿਆਂ ਸਕੂਲ ਤੋਂ ਅਤੇ ਘਰ ਭਾਈਆ ਜੀ ਤੋਂ ਕਿੰਨੇ ਵਾਰ ਪੀਰ ਦਾ ਪ੍ਰਸਾਦ ਪ੍ਰਾਪਤ ਹੋਇਆ, ਰਿਕਾਰਡ ਨਹੀਂ ਹੈ। ਮੈਟਰਿਕ ਉਪਰੰਤ ਪਹਿਲਾਂ ਆਈ ਟੀ ਆਈ ਨਵਾਂ ਸਹਿਰ ਤੋਂ ਇਲੈਕਟਰੀਸਨ ਡਿਪਲੋਮਾ ਲਈ ਦਾਖਲਾ ਲੈ ਲਿਆ। ਭਾਅਜੀ ਜਗਤ ਸਿੰਘ ਨਾਗਰਾ ( ਮਾਸੀ ਜੀ ਊਧਮ ਕੌਰ ਦੇ ਵੱਡੇ ਸਪੁੱਤਰ)ਜਿਹੜੇ ਉਹਨਾਂ ਦਿਨਾਂ ਵਿੱਚ ਸਰਕਾਰੀ ਹਾਇਰ ਸੈਕੰਡਰੀ ਅਤੇ ਜੇਬੀਟੀ ਟ੍ਰੇਨਿੰਗ ਸਕੂਲ ਗੜ੍ਹਸੰਕਰ ਵਿਖੇ ਬਤੌਰ ਲੈਕਚਰਾਰ ਸੇਵਾਵਾਂ ਦੇ ਰਹੇ ਸਨ ਅਤੇ ਜੇਬੀਟੀ ਦੀ ਕਲਾਸ ਦੇ ਇਨਚਾਰਜ ਹੋਇਆ ਕਰਦੇ ਸਨ,ਦਾ ਸੁਨੇਹਾ ਮਿਲ੍ਹਿਆ। ਦੀਦਾਰ ਬਲਾਚੌਰ ਜੇਬੀਟੀ ਖੁਲ੍ਹ ਗਈ ਹੈ। ਜਾਕੇ ਚੌਧਰੀ ਸੰਕਰ ਦਾਸ ( ਪ੍ਰਿੰਸੀਪਲ)ਨੂੰ ਮਿੱਲ੍ਹ ।ਫਿਰ ਬੀ ਏ ਵੀ ਹਾਇਰ ਸੈਕੰਡਰੀ ਐਂਡ ਜੇਬੀਟੀ ਟ੍ਰੇਨਿੰਗ ਸਕੂਲ ਬਲਾਚੌਰ ਤੋਂ ਜੇਬਟੀ ਕਰਨ ਤੱਕ ਮਿਲ੍ਹੇ ' ਪੀਰ ਦੇ ਪ੍ਰਸਾਦ ' ਦੇ ਬੋਝ ਹੋ ਜਾਣ ਕਾਰਨ ਕਈ ਵਾਰ ਘਰੋਂ ਭੱਜਣ ਦਾ ਮਨ ਵੀ ਬਣਾਇਆ। ਹਰ ਵਾਰ ਫੈਸਲਾ ਪਲਟ ਦੇਣਾ। ਟਰੇਨਿੰਗ ਪੂਰੀ ਕਰਕੇ ਘਰੋਂ ਭੱਜ ਜਾਵਾਂਗਾ।। ਟਰੇਨਿੰਗ ਉਪਰੰਤ ਆਪਣੇ ਬਚਪਨ ਦੇ ਦੋਸਤ ਸਵਰਨ ਸਿੰਘ ਨਾਲ ਗੱਲ ਕਰਕੇ ਉਸ ਨੂੰ ਦੱਸ ਕੇ ਭੂਆ ਜੀ( ਉਸ ਦੀ ਭੂਆ ਊਧਮ ਕੌਰ ਦਿੱਲੀ ਵਾਲਿਆਂ) ਦਾ ਐਡਰੈਸ ਲੈ ਕੇ ਬਲਾਚੌਰ ਤੋਂ ਆਲੂਆਂ ਵਾਲਾ ਟਰੱਕ ਫੜ ਕੇ ( ਇਹ ਟਰੱਕ ਬਲਾਚੌਰ ਸਕੂਲ ਦੇ ਸਾਹਮਣੇ ਖੜ੍ਹਾ ਸੀ ।ਡਰਾਈਵਰ ਨੂੰ ਪੁੱਛ ਕੇ ਆਲੂਆਂ ਦੀਆਂ ਬੋਰੀਆਂ ਦੇ ਉਪਰ ਜਾ ਚੜ੍ਹਿਆ) ਦਿੱਲੀ ਸਬਜੀ ਮੰਡੀ ਜਾ ਉਤਰਿਆ ।ਐਡਰੈਸ ਕੋਲ ਹੈ ਹੀ ਸੀ। ਜੋਰ੍ਹ ਬਾਗ ਟੈਕਸੀ ਸਟੈਂਡ ਤੇ ਪੁੱਜ ਗਿਆ। ਭੂਆ ਜੀ ਨੇ ਪੂਰੀ ਸੇਵਾ ਕੀਤੀ ।ਪੂਰਾ ਭੂਆ ਵਾਲਾ ਪਿਆਰ ਦਿੱਤਾ ।ਫੁੱਫੜ ਜੀ ਬਹੁਤ ਹੀ ਸਖਤ ਸੁਭਾਅ ਦੇ ਸਨ ।ਉਹਨਾਂ ਤੋਂ ਹਰ ਵਿਅਕਤੀ ਸਮੇਤ ਉਹਨਾਂ ਦੇ ਛੋਟੇ ਭਰਾਵਾਂ ਦੇ ਤ੍ਰਭਕ ਦੇ ਸਨ। ਉਹਨਾਂ ਨੂੰ ਦੱਸਿਆ ਕਿ ਮੈਂ ਟੈਕਸੀ ਚਲਾਉਣੀ ਸਿੱਖਣੀ ਹੈ। ਮੇਰਾ ਕੱਦ ਉਦੋਂ ਬਹੁਤ ਛੋਟਾ ਸੀ।। ਲਗਭਗ ਪੰਜ ਕੁ ਫੁੱਟ । ਦਾੜ੍ਹੀ ਮੁੱਛ ਵੀ ਨਹੀਂ ਸੀ ਉੱਤਰੀ। ਫੁੱਫੜ ਜੀ ਨੇ ਸਵੇਰੇ ਸਵੇਰੇ ਗੱਡੀਆਂ ਧੋਣ ਦੀ ਡਿਊਟੀ ਲਗਾ ਦਿੱਤੀ। ਵੀਰੇ ( ਭਾਅਜੀ ਸੋਹਨ ਸਿੰਘ)ਦੀ ਡਿਊਟੀ ਉਦੋਂ ਸ੍ਰੀਨਗਰ ਸੀ । ਵੀਰੇ ਨੂੰ ਚਿੱਠੀ ਲਿਖ ਦਿੱਤੀ ਕਿ ਮੈਂ ਘਰ ਤੋਂ ਨਿਰਾਸ ਹੋ ਕੇ , ਨਰਾਜ ਹੋ ਕੇ ਦਿੱਲੀ ਆ ਗਿਆਂ ।ਕੁਝ ਹੀ ਦਿਨਾਂ ਬਾਅਦ ਵੀਰੇ ਵਲੋਂ 25 ਰੁਪਏ ਦਾ ਮਨੀ ਆਰਡਰ ਮਿਲਿਆ। ਨਾਲ ਹੀ ਚਿੱਠੀ ਚ ਹਦਾਇਤ ਸੀ, ਕਿ ਚਿੱਠੀ ਮਿਲਦਿਆਂ ਹੀ ਪਿੰਡ ਨੂੰ ਵਾਪਿਸ ਪਰਤ ਜਾਹ । ਦਿੱਲੀ ਦਾ ਉਹਨੀਂ ਦਿਨੀਂ ਸਾਇਦ ਕਰਾਇਆ 12 ਕੁ ਰੁਪਏ ਹੁੰਦਾ ਸੀ। ਹੋਰ ਛੋਟੇ ਛੋਟੇ ਖਰਚਿਆਂ ਉਪਰੰਤ ,ਪਹਿਲਾਂ ਰੋਪੜ ਤੱਕ ਟਿਕਟ ਲਈ ।ਫਿਰ ਰੋਪੜ ਤੋਂ ਸੁਧਾ ਮਾਜਰਾ ਤੱਕ ਬੱਸ ਸਫਰ ਕੀਤਾ । ਹਨ੍ਹੇਰਾ ਕਰਨ ਲਈ ਫਿਰ ਸੁਧਾ ਮਾਜਰਾ ਤੋਂ ਪੈਦਲ ਬਲਾਚੌਰ। ਬਲਾਚੌਰ ਤੋਂ ਫਿਰ ਪੈਦਲ ਘਮੌਰ ਵਿਚੋਂ ਹੁੰਦੇ ਹੋਇਆਂ ਸਿੱਧੇ ਰਾਹ ਪਿੰਡ ਪਹੁੰਚਿਆ। ਬਲਾਚੌਰ ਤੋਂ ਚਣਕੋਆ ਤੱਕ ਬੱਸ ਦਾ ਕਿਰਾਇਆ ਉਹਨੀਂ ਦਿਨੀਂ ਚੁਆਨੀ ( ਨਵੇਂ 25 ਪੈਸੇ) ਹੋਇਆ ਕਰਦਾ ਸੀ ।ਘਰ ਨੌ ਕੁ ਵਜੇ ਰਾਤ ਨੂੰ ਪੁੱਜਿਆ ।ਬੀਬੀ ਨੇ ਰੱਜਮਾ ਪਿਆਰ ਦਿੱਤਾ। ਘਿਓ ਸ਼ੱਕਰ ਨਾਲ ਰੋਟੀ ਖਵਾਈ।

ਇਸ ਤਰ੍ਹਾਂ ਦੀ ਇੱਕ ਘਟਨਾ ਨਿਆਣੇ ਹੁੰਦਿਆਂ ਸਾਇਦ ਉਦੋਂ ਮੈਂ ਪੰਜਵੀਂ ਚ ਪੜ੍ਹਦਾ ਹੋਵਾਂਗਾ। ਭਾਈਆ ਜੀ ਨੇ ਫੈਂਟਾ ਚਾੜ ਦਿੱਤਾ । ਮੈਂ ਰੁੱਸ ਕੇ ਚੁਪ ਚੁਪੀਤੇ ਰੇਤਿਆਂ ਵਾਲੇ ਖੇਤ ਵੱਲ ਹੋ ਤੁਰਿਆ ।ਰਾਤ ਕੱਟਣ ਲਈ ਖੂਹ ਤੇ ਲੱਗੇ ਅੰਬ ਦੇ ਦਰਖਤ ਤੇ ਚੜ੍ਹ ਗਿਆ ।ਟਿਕੀ ਰਾਤ ਹੋਈ ,ਜੰਗਲੀ ਜਾਨਵਰ ਸਾਇਦ ਲੱਕੜ ਬੱਗਾ ਜਾਂ ਨੀਲ ਗਾਂ ਹੋਵੇਗੀ ,ਖੂਹ ਦੀ ਖੈਲ੍ਹ ਵਿੱਚ ਪਾਣੀ ਪੀਣ ਆ ਗਏ। ਮੈਂ ਉੱਪਰ ਅੰਬ ਤੋਂ ਦੇਖ ਰਿਹਾ ਹਾਂ। ਡਰ ਗਿਆ। ਜਾਨਵਰ ਪਾਣੀ ਪੀ ਕੇ ਚਲੇ ਗਏ ।ਡਰਦਾ ਡਰਦਾ ਉਤਰਿਆ। ਪਿੰਡ ਵੱਲ ਨੂੰ ਹੋ ਤੁਰਿਆ ।ਵਾੜੇ (ਪਸੂਆਂ ਲਈ ਬਾਹਰਲਾ ਘਰ) ਆ ਕੇ ਚੁੱਪ ਚੁਪੀਤੇ ਸੌਂ ਗਿਆ। ਹੁਣ ਜਦੋਂ ਅੱਜ ਦੇ ਸੋਹਲ ਬੱਚਿਆਂ ਨੂੰ ਦੇਖਦਾ ਹਾਂ ,ਸੋਚਦਾ ਹਾਂ ਕਿ ਇਹਨਾਂ ਬੱਚਿਆਂ ਵਿੱਚਲੀ ਉਦੋਂ ਵਰਗੀ ਸਹਿਣ ਸਕਤੀ ਕਿੱਧਰ ਚਲੀ ਗਈ ਹੈ ।ਨਿਤ ਨਵੇਂ ਦਿਨ ਹੈਰਾਨੀ ਜਨਕ ਖਬਰਾਂ। ਦਿਲ ਦਹਿਲਾ ਦਿੰਦੀਆਂ ਹਨ ।ਕਿਸਾਨਾਂ ਦੀਆਂ ਖੁਦਕਸੀਆਂ । ਬੱਚਿਆਂ ਵੱਲੋਂ ਚੁੱਕੇ ਜਾ ਰਹੇ ਅਸਹਿਣਯੋਗ ਕਦਮ। ਸੋਚਣ ਲਈ ਮਜਬੂਰ ਕਰ ਰਹੇ ਹਨ, ਕੀ ਸਾਡੀਆਂ ਵਿਦਿਅਕ ਸੰਸਥਾਵਾਂ ਵਿੱਚ ਤਾਂ ਨਹੀਂ ਕਿਧਰੇ ਕੋਈ ਊਣਤਾਈ ਰਹਿ ਗਈ ।ਸਰਕਾਰਾਂ ਤੋਂ ਆਸ ਰੱਖਣੀ ਊਠ ਦਾ ਬੁੱਲ੍ਹ ਡਿੱਗਣ ਦੀ ਕਹਾਣੀ ਬਣ ਗਈ ਹੈ ।ਲੋਕ ਲੁਭਾਊ ਸਰਕਾਰੀ ਬਿਆਨ ਨਾ ਕਿਸਾਨ ਦਾ ਢਿੱਡ ਭਰ ਰਹੇ ਹਨ ਨਾ ਹੀ ਨੌਜਵਾਨ ਪੀੜ੍ਹੀ ਦਾ। ਤੁਸੀਂ ਯੂਨੀਵਰਸਿਟੀ ਵਿੱਚ ਟੋਪ ਕਰਕੇ ( ਯੂਨੀਵਰਸਿਟੀ ਵਿਚੋਂ ਪਹਿਲਾ ਸਥਾਨ)ਭਾਵੇਂ ਐਮਐਸਸੀ ਬਾਇਓ ਟੈਕਨੋਲੋਜੀ, ਭਾਵੇਂ ਡਿਪਲੋਮਾ ਇਨ ਫਾਰਮੇਸੀ ਸੂਬੇ ਦੇ 135 ਸੰਸਥਾਵਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰ ਕੇ ਪਾਸ ਕਰ ਲਵੋ ----ਨੌਕਰੀ ਵੇਲੇ ਸਿਵਾਏ ਲਾਰਿਆਂ ਦੇ ਕੁਝ ਵੀ ਪੱਲੇ ਨਹੀਂ ਪਵੇਗਾ । ਫਿਰ ਵੀ ਜਿਉਣਾ ਹੈ। ਹਾਰ ਕਦੀ ਮੰਨਣੀ ਨਹੀਂ ।ਇਹ ਸਿੱਖਿਆ ਹੈ ਮਾਪਿਆਂ ਦੀ। ਮੈਦਾਨੋ ਭੱਜ ਜਾਣਾ ਮੇਹਣਾ ਮਰਦਾਂ ਨੂੰ, ਡੁੱਬ ਜਾਣਾ ਮੱਛੀਆਂ ਨੂੰ ---- ।ਪੀਰ ਦਾ ਪ੍ਰਸਾਦ ਦੀ ਕਿਰਪਾ ਹੀ ਸਮਝੋ ਕਿ ਅੱਜ ਪਿੰਡ ਵਿੱਚ ਖੂਬਸੂਰਤ ਖੇਤੀਬਾੜੀ ਫਾਰਮ ਸਹਿਰ ਵਿੱਚ ਕਰੋੜਾਂ ਦੀ ਜਾਇਦਾਦ ਹੈ ।ਪੀਰ ਦਾ ਪ੍ਰਸਾਦ ਵਰਤਾਉਣ ਵਾਲੇ ਸਾਇੰਸ ਮਾਸਟਰ ਸੁਰਜੀਤ ਸਿੰਘ ਥਿਆੜਾ ਅਤੇ ਪੀਟੀਆਈ ਮੂਲ੍ਹਾ ਸਿੰਘ ਜਿੰਦਾ ਬਾਦ। ਜਿੰਦਗੀ ਜਿੰਦਾਬਾਦ ।



ਦੀਦਾਰ ਸਿੰਘ ਸ਼ੇਤਰਾ

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜ੍ਹਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮੈਹਲਾ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2025)
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ ਤੇ ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀਆਂ ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ', 'ਸਿਡਨੀ ਦੀਆਂ ਰੇਲ ਗੱਡੀਆਂ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ। ਇਨ੍ਹਾਂ ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ ਤੇ 1 ਕਹਾਣੀ'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ 3 ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ'**, '.....**'ਤੇ ਪ੍ਰੀਖਿਆ ਚਲਦੀ ਰਹੀ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
27). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।
28). ਲੇਖਕ ਦੀਆਂ ਚਾਰ ਕਹਾਣੀਆਂ ਮੁਫਤ ਰੇਲ ਸਫਰ, ਬੱਦਲਾਂ ਹੇਠ ਛੁਪਿਆ ਸੂਰਜ, ਟੇਢੀ ਲੱਕੜੀ ਤੇ ਚੋਰ ਅੱਖ ਪ੍ਰਸਿੱਧ ਆਡੀਓਗ੍ਰਾਫਰ ਸ਼੍ਰੀਮਤੀ ਦਵਿੰਦਰ ਕੌਰ ਸੈਣੀ ਆਪਣੇ ਯੂ-ਟਿਊਬ ਚੈਨਲ ਤੇ ਪਾ ਚੁੱਕੇ ਹਨ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਰਾਘਵ ਚੱਢਾ: ਨਾ ਪੰਜਾਬ ਦੇ ਰਹੇ, ਨਾ ਦਿੱਲੀ ਦੇ..!

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਪ੍ਰਕਿਰਿਆ ਮਗਰੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਪਹਿਲਾਂ ਪੰਜਾਬ ਦੀ ਖਰੜਾ ਵੋਟਰ ਸੂਚੀ 'ਚੋਂ ਅਤੇ ਹੁਣ ਦਿੱਲੀ ਦੀ ਰਜਿੰਦਰ ਨਗਰ ਹਲਕੇ ਦੀ ਵੋਟਰ ਸੂਚੀ 'ਚੋਂ ਵੀ ਗਾਇਬ ਹੋ ਗਏ ਹਨ। ਚੋਣ ਕਮਿਸ਼ਨ ਨੇ ਪੰਜਾਬ 'ਚ ਵਿਸ਼ੇਸ਼ ਸੁਧਾਈ ਮਗਰੋਂ ਜੋ 13 ਅਗਸਤ ਨੂੰ ਖਰੜਾ ਵੋਟਰ ਸੂਚੀ ਦੀ ਪ੍ਰਕਾਸਨਾਂ ਹੋਈ ਤਾਂ ਉਸ 'ਚ ਰਾਘਵ ਚੱਢਾ ਨੂੰ 'ਪੱਕੇ ਤੌਰ 'ਤੇ ਸ਼ਿਫਟ' ਹੋਣ ਦਾ ਹਵਾਲਾ ਦੇ ਕੇ ਵੋਟਰ ਸੂਚੀ ਚੋਂ ਆਊਟ ਕਰ ਦਿੱਤਾ ਗਿਆ ਹੈ।

ਉੱਧਰ, ਵਿਸ਼ੇਸ਼ ਸੁਧਾਈ ਪ੍ਰਕਿਰਿਆ ਮਗਰੋਂ ਦਿੱਲੀ ਦੇ ਹਲਕਾ ਰਜਿੰਦਰ ਨਗਰ ਦੀ ਵੋਟਰ ਸੂਚੀ ਦੀ 31 ਅਗਸਤ ਨੂੰ ਪ੍ਰਕਾਸਨਾ ਹੋਈ ਹੈ ਅਤੇ ਇਸ ਸੂਚੀ 'ਚ ਵੀ ਰਾਘਵ ਚੱਢਾ ਦਾ ਨਾਮ ਦਰਜ ਨਹੀਂ ਹੈ। 'ਪੰਜਾਬੀ ਟ੍ਰਿਬਿਊਨ' ਵੱਲੋਂ ਕੀਤੀ ਘੋਖ ਮਗਰੋਂ ਰਾਘਵ ਚੱਢਾ ਦੇ ਨਿਊ ਰਜਿੰਦਰ ਨਗਰ ਦੇ ਮਕਾਨ ਨੰਬਰ 473 'ਚ ਇਸ ਵੇਲੇ ਦੋ ਵੋਟਰ ਹੀ ਹਨ। ਇਸ ਮਕਾਨ ਨੰਬਰ 'ਚ ਰਾਘਵ ਚੱਢਾ ਦੇ ਪਿਤਾ ਸੁਨੀਲ ਚੱਢਾ ਅਤੇ ਮਾਤਾ ਅਲਕਾ ਚੱਢਾ ਦੀ ਵੋਟ ਦਰਜ ਹੈ।

ਇਸੇ ਤਰ੍ਹਾਂ ਮੁਹਾਲੀ ਨਿਗਮ ਦੀ ਵੋਟਰ ਸੂਚੀ 'ਚ ਵਾਰਡ ਨੰਬਰ 44 'ਚ ਸੀਰੀਅਲ ਨੰਬਰ 253 ਅਤੇ ਬੂਥ ਨੰਬਰ 160 'ਚ ਰਾਘਵ ਚੱਢਾ ਦੀ ਪਹਿਲਾਂ ਵੋਟ ਬਣੀ ਹੋਈ ਸੀ। ਮੁਹਾਲੀ ਦੇ ਵਾਰਡ ਨੰਬਰ 44 'ਚ ਪੈਂਦੇ ਰੀਜੈਂਸੀ ਹਾਈਟਸ 'ਚ ਰਾਘਵ ਚੱਢਾ ਦੀ ਰਿਹਾਇਸ਼ ਹੈ ਜਿੱਥੋਂ ਉਨ੍ਹਾਂ ਦੇ ਹੁਣ ਪੱਕੇ ਤੌਰ 'ਤੇ ਸ਼ਿਫਟ ਹੋਣ ਦੀ ਗੱਲ ਕਹੀ ਗਈ ਹੈ।



ਆਮ ਆਦਮੀ ਪਾਰਟੀ ਨੇ ਜਦੋਂ ਰਾਘਵ ਚੱਢਾ ਦੀ ਰਾਜ ਸਭਾ ਲਈ 21 ਮਾਰਚ 2022 ਨੂੰ ਨਾਮਜ਼ਦਗੀ ਦਾ ਐਲਾਨ ਕੀਤਾ ਸੀ ਤਾਂ ਉਸ ਵਕਤ ਪੰਜਾਬ 'ਚ ਸਿਆਸੀ ਹਿਲਜੁਲ ਹੋਈ ਸੀ ਕਿ ਪੰਜਾਬ ਤੋਂ ਬਾਹਰ ਦੇ ਬਾਸ਼ਿੰਦੇ ਨੂੰ ਰਾਜ ਸਭਾ ਦੀ ਟਿਕਟ ਦਿੱਤੀ ਗਈ ਹੈ। ਰਾਘਵ ਚੱਢਾ ਅਪਰੈਲ 2022 'ਚ ਪੰਜਾਬ ਤੋਂ ਰਾਜ ਸਭਾ ਮੈਂਬਰ ਬਣੇ ਸਨ। ਰਾਜ ਸਭਾ ਦੀ ਸਾਲ 2022 'ਚ ਨਾਮਜ਼ਦਗੀ ਮੌਕੇ ਚੋਣ ਕਮਿਸ਼ਨ ਕੋਲ ਦਾਇਰ ਕੀਤੇ ਹਲਫ਼ੀਆ ਬਿਆਨ ਮੁਤਾਬਿਕ ਰਾਘਵ ਚੱਢਾ ਦੀ ਦਿੱਲੀ ਦੇ ਵਿਧਾਨ ਸਭਾ ਹਲਕਾ ਰਜਿੰਦਰ ਨਗਰ 'ਚ ਸੀਰੀਅਲ ਨੰਬਰ 313, ਪਾਰਟ ਨੰਬਰ 52 ਤਹਿਤ ਵੋਟ ਬਣੀ ਹੋਈ ਸੀ।

ਉਸ ਮਗਰੋਂ ਰਜਿੰਦਰ ਨਗਰ ਦਿੱਲੀ ਦੀ ਵੋਟਰ ਸੂਚੀ 'ਚ ਰਾਘਵ ਚੱਢਾ ਦਾ ਨਾਮ ਦਰਜ ਨਹੀਂ ਸੀ। ਸੂਤਰਾਂ ਅਨੁਸਾਰ ਰਾਘਵ ਚੱਢਾ ਨੇ ਦਿੱਲੀ ਤੋਂ ਆਪਣੀ ਵੋਟ ਕਟਾਉਣ ਮਗਰੋਂ ਨਵੀਂ ਵੋਟ ਪੰਜਾਬ 'ਚ ਬਣਾ ਲਈ ਸੀ। ਹੁਣ ਵਿਸ਼ੇਸ਼ ਸੁਧਾਈ ਪ੍ਰਕਿਰਿਆ ਦੌਰਾਨ ਪੰਜਾਬ ਚੋਂ ਵੀ ਰਾਘਵ ਚੱਢਾ ਦੀ ਵੋਟ ਕੱਟੀ ਗਈ ਹੈ। ਪ੍ਰੰਤੂ ਹੁਣ ਉਨ੍ਹਾਂ ਦੀ ਵੋਟ ਉਨ੍ਹਾਂ ਦੀ ਦਿੱਲੀ ਵਿਚਲੀ ਜੱਦੀ ਰਿਹਾਇਸ਼ 'ਤੇ ਵੀ ਨਹੀਂ ਬਣੀ ਹੋਈ ਹੈ। ਖਰੜਾ ਵੋਟਰ ਸੂਚੀ ਅਨੁਸਾਰ ਇਸ ਵੇਲੇ ਰਾਘਵ ਚੱਢਾ ਨਾ ਪੰਜਾਬ ਦੇ ਵੋਟਰ ਰਹੇ ਹਨ ਅਤੇ ਨਾ ਹੀ ਆਪਣੇ ਜੱਦੀ ਹਲਕੇ ਦਿੱਲੀ ਦੇ।

ਲੋਕ ਸਭਾ ਚੋਣਾਂ 2024 ਸਮੇਂ ਰਾਘਵ ਚੱਢਾ ਨੇ ਮੁਹਾਲੀ ਦੇ ਪਿੰਡ ਲਖਨੌਰ ਦੇ ਪੋਲਿੰਗ ਸਟੇਸ਼ਨ 'ਤੇ ਆਪਣੀ ਵੋਟ ਪਾਈ ਸੀ।

ਦੱਸਣਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ 13 ਅਗਸਤ ਨੂੰ ਖਰੜਾ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ ਜਿਸ 'ਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਦਾ ਪਤਾ ਚੱਲਿਆ ਹੈ। ਪੰਜਾਬ 'ਚ 20.66 ਲੱਖ ਵੋਟਰਾਂ ਦੇ ਨਾਮ ਕੱਟੇ ਗਏ ਹਨ ਜੋ ਕਿ ਕੁੱਲ ਵੋਟਰ ਸੂਚੀ ਦਾ ਕਰੀਬ 9.7 ਫੀਸਦੀ ਬਣਦੇ ਹਨ।

ਵੇਰਵਿਆਂ ਅਨੁਸਾਰ ਰਾਘਵ ਚੱਢਾ ਨੇ ਜਦੋਂ ਤੋਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਿਹਾ ਹੈ, ਉਸ ਮਗਰੋਂ ਸਿਰਫ ਇੱਕ ਵਾਰ ਉਹ ਪੰਜਾਬ 'ਚ ਨਜ਼ਰ ਆਏ ਹਨ। ਪਿਛਲੀਆਂ ਨਗਰ ਨਿਗਮ ਚੋਣਾਂ 'ਚ ਵੀ ਰਾਘਵ ਚੱਢਾ ਨੇ ਆਪਣੀ ਵੋਟ ਦਾ ਇਸਤੇਮਾਲ ਨਹੀਂ ਕੀਤਾ ਸੀ।

**ਰਾਘਵ ਚੱਢਾ ਦੀ ਵੋਟ ਕੱਟਣ ਤੋਂ ਸਿਆਸੀ ਜੰਗ ਛਿੜੀ**

ਪੰਜਾਬ 'ਚ ਵੋਟ ਕੱਟੇ ਜਾਣ ਮਗਰੋਂ ਹੁਣ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਆਮ ਆਦਮੀ ਪਾਰਟੀ ਆਹਮੋ ਸਾਹਮਣੇ ਹੋ ਗਏ ਹਨ। ਕੁੱਝ ਸਮਾਂ ਪਹਿਲਾਂ ਭਾਜਪਾ 'ਚ ਸ਼ਾਮਲ ਹੋਏ ਰਾਘਵ ਚੱਢਾ ਨੇ ਆਪਣੀ ਵੋਟ ਕੱਟੇ ਜਾਣ ਨੂੰ 'ਸਿਆਸੀ ਬਦਲਾਖੋਰੀ' ਕਰਾਰ ਦਿੰਦਿਆਂ ਪੰਜਾਬ ਦੀ 'ਆਪ' ਸਰਕਾਰ 'ਤੇ ਗੁੱਸਾ ਕੱਢਿਆ ਹੈ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਆਖਦੇ ਹਨ ਕਿ ਭਾਰਤੀ ਚੋਣ ਕਮਿਸ਼ਨ ਦੀ ਵਿਸ਼ੇਸ਼ ਸੁਧਾਈ ਪ੍ਰਕਿਰਿਆ 'ਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਨਾਲ ਸੂਬਾਈ ਸਰਕਾਰ ਦੀ ਕੀ ਤੁਅੱਲਕ।

ਰਾਘਵ ਚੱਢਾ ਨੇ ਅੱਜ ਮੋੜਵਾਂ ਵਾਰ ਕਰਦਿਆਂ ਕਿਹਾ ਹੈ ਕਿ ਪੰਜਾਬ ਵਿੱਚ 'ਆਪ' ਸਰਕਾਰ ਹੁਣ ਆਪਣੀ ਬਦਲੇ ਦੀ ਰਾਜਨੀਤੀ ਨੂੰ ਖਰੜਾ ਵੋਟਰ ਸੂਚੀਆਂ ਤੱਕ ਲੈ ਆਈ ਹੈ। ਉਨ੍ਹਾਂ ਕਿਹਾ ਕਿ 'ਸ਼ੁਕਰ ਹੈ ਕਿ ਇਹ ਸਿਰਫ਼ ਖਰੜਾ ਵੋਟਰ ਸੂਚੀਆਂ ਹਨ, ਅੰਤਿਮ ਵੋਟਰ ਸੂਚੀਆਂ ਨਹੀਂ। ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਕਿਰਿਆ ਹਾਲੇ ਬਾਕੀ ਹੈ।' ਉਨ੍ਹਾਂ ਕਿਹਾ ਕਿ ਇਹ ਕੋਈ ਮਾਮੂਲੀ ਕਲੈਰੀਕਲ ਗਲਤੀ ਨਹੀਂ ਬਲਕਿ ਸਿਆਸੀ ਬਦਲਾਖੋਰੀ ਦਾ ਸਪਸਟ ਮਾਮਲਾ ਹੈ।

# ਸੁਖਬੀਰ ਬਾਦਲ ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ਼

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅੱਜ ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਨਾਲ ਜੁੜੇ ਹੋਰਨਾਂ ਮਾਮਲਿਆਂ ਵਿੱਚ ਹੋਰਨਾਂ ਮੁਲਜਮਾਂ ਸਮੇਤ ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ ਹੋਏ।

ਸੁਣਵਾਈ ਦੌਰਾਨ ਅਦਾਲਤ ਵਿੱਚ ਭਾਰੀ ਸੁਰੱਖਿਆ ਬਲ ਤਾਇਨਾਤ ਰਿਹਾ। ਅਦਾਲਤ ਦੇ ਬਾਹਰ ਵੀ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜਮ ਤਾਇਨਾਤ ਕੀਤੇ ਗਏ ਸਨ।

ਇਸ ਤੋਂ ਪਹਿਲਾਂ 10 ਅਗਸਤ ਨੂੰ ਹੋਈ ਸੁਣਵਾਈ ਦੌਰਾਨ ਪੰਜਾਬ ਪੁਲੀਸ ਵੱਲੋਂ ਪਬਲਿਕ ਪ੍ਰੌਸੀਕਿਊਟਰ ਜਰੀਏ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਬਕਾਇਆ ਜਾਂਚ ਬਾਰੇ ਇੱਕ ਸੀਲਬੰਦ ਲਿਫਾਫੇ ਵਿੱਚ ਸਟੇਟਸ ਰਿਪੋਰਟ ਚੰਡੀਗੜ੍ਹ ਦੀ ਅਦਾਲਤ ਵਿੱਚ ਦਾਖਲ ਕੀਤੀ ਗਈ ਸੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸਾਂ 'ਤੇ ਅਪਰੈਲ 2026 ਵਿੱਚ ਕੋਟਕਪੂਰਾ ਗੋਲੀ ਕਾਂਡ ਅਤੇ ਜਾਇਦਾਦ ਦੇ ਨੁਕਸਾਨ ਨਾਲ ਸਬੰਧਤ ਬੇਅਦਬੀ ਕੇਸਾਂ ਦੀ ਸੁਣਵਾਈ ਚੰਡੀਗੜ੍ਹ ਸੈਸਨ ਕੋਰਟ ਵਿੱਚ ਤਬਦੀਲ ਕਰ ਦਿੱਤੀ ਗਈ ਸੀ।



ਕੋਟਕਪੂਰਾ ਗੋਲੀ ਕਾਂਡ ਦੀ ਇਹ ਘਟਨਾ 14 ਅਕਤੂਬਰ 2015 ਨੂੰ ਵਾਪਰੀ ਸੀ, ਜੋ ਕਿ ਜੂਨ ਅਤੇ ਸਤੰਬਰ 2015 ਵਿੱਚ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਵਾਪਰੀ ਸੀ। ਬੇਅਦਬੀ ਦੀਆਂ ਇਨ੍ਹਾਂ ਘਟਨਾਵਾਂ ਵਿਰੁੱਧ ਰੋਸ ਪ੍ਰਦਰਸਨ ਕਰ ਰਹੇ ਪ੍ਰਦਰਸਨਕਾਰੀਆਂ 'ਤੇ ਪੁਲੀਸ ਵੱਲੋਂ ਗੋਲੀਬਾਰੀ ਕੀਤੀ ਗਈ ਸੀ।

ਇਸ ਦੌਰਾਨ ਬਹਿਬਲ ਕਲਾਂ ਵਿਖੇ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਦੋਂ ਕਿ ਕੋਟਕਪੂਰਾ ਦੀ ਘਟਨਾ ਵਿੱਚ ਕਈ ਲੋਕ ਜਖਮੀ ਹੋ ਗਏ ਸਨ।

ਇਸ ਮਾਮਲੇ ਵਿੱਚ ਸਾਬਕਾ ਪੁਲੀਸ ਮੁਖੀ (ਡੀ.ਜੀ.ਪੀ.) ਸੁਮੇਧ ਸਿੰਘ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸਿੰਘ ਸਰਮਾ, ਅਮਰ ਸਿੰਘ ਚਾਹਲ ਅਤੇ ਸੁਖਮਿੰਦਰ ਸਿੰਘ ਮਾਨ ਸਮੇਤ ਕਈ ਸੀਨੀਅਰ ਪੁਲੀਸ ਅਧਿਕਾਰੀ ਵੀ ਮੁਲਜਮ ਹਨ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜਮਾਂ ਵਿੱਚ ਸਾਮਲ ਹਨ।

ਜਿਵੇਂ ਹੀ ਸੁਣਵਾਈ ਸੁਰੂ ਹੋਈ, ਮੁਲਜਮਾਂ ਦੇ ਵਕੀਲਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਪ੍ਰੌਸੀਕਿਊਸਨ ਨੂੰ ਇਨ੍ਹਾਂ ਕੇਸਾਂ ਦੀ ਬਕਾਇਆ ਜਾਂਚ ਬਾਰੇ ਸਥਿਤੀ ਸਪੱਸਟ ਕਰਨ ਦੇ ਨਿਰਦੇਸ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਲੈ ਕੇ ਕਾਫੀ ਉਲਝਣ ਬਣੀ ਹੋਈ ਹੈ।

ਅਦਾਲਤ ਨੇ ਵੀ ਪ੍ਰੌਸੀਕਿਊਸਨ ਨੂੰ ਸੁਣਵਾਈ ਦੀ ਅਗਲੀ ਤਰੀਕ ਤੱਕ ਸਾਰੇ ਮਾਮਲਿਆਂ ਦੀ ਬਕਾਇਆ ਜਾਂਚ ਸਬੰਧੀ ਸਥਿਤੀ ਸਪੱਸਟ ਕਰਨ ਦੇ ਆਦੇਸ ਦਿੱਤੇ ਹਨ।

# ਅਕਾਲੀ-ਭਾਜਪਾ ਗਠਜੋੜ ਸੱਤਾ ਵਿੱਚ ਆਇਆ ਤਾਂ ਮੁੜ ਥੋਪ ਸਕਦੇ ਹਨ ਖੇਤੀ ਕਾਨੂੰਨ: ਸੀਐੱਮ ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਜੇ ਸ੍ਰੋਮਣੀ ਅਕਾਲੀ ਦਲ ਤਿੰਨ ਖੇਤੀ ਕਾਨੂੰਨਾਂ ਨੂੰ ਪਾਸ ਕਰਨ ਦੀ ਸਰਤ ਨੂੰ ਸਵੀਕਾਰ ਕਰ ਲੈਂਦਾ ਹੈ, ਤਾਂ ਭਾਜਪਾ ਉਸ ਨਾਲ ਗਠਜੋੜ ਕਰ ਲਵੇਗੀ। ਮੁੱਖ ਮੰਤਰੀ ਨੇ ਇਹ ਵੀ ਜੋਰ ਦੇ ਕੇ ਕਿਹਾ ਕਿ ਭਾਜਪਾ ਵੋਟਾਂ ਹਾਸਲ ਕਰਨ ਲਈ ਫਿਰਕੂ ਵੰਡ ਦਾ ਸਹਾਰਾ ਲੈ ਰਹੀ ਹੈ ਅਤੇ ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੀਆਂ ਚੋਣਾਂ ਵਿੱਚ ਇਸ ਦੀ ਜਿੱਤ, ਜੋ ਕਿ ਉਨ੍ਹਾਂ ਅਕਾਲੀ ਦਲ ਦੇ ਸਮਰਥਨ ਨਾਲ ਹੋਈ ਦੱਸੀ, ਨੇ ਦੋਵਾਂ ਪਾਰਟੀਆਂ ਵਿਚਕਾਰ ਗਠਜੋੜ ਨੂੰ ਬੇਨਕਾਬ ਕਰ ਦਿੱਤਾ ਹੈ।



ਆਪਣੀ ਸਰਕਾਰ ਦੀ ਕਾਰਗੁਜਾਰੀ ਨਾਲ ਇਸ ਰਾਜਨੀਤੀ ਦੀ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਕੂਲਾਂ, ਹਸਪਤਾਲਾਂ, ਬਿਜਲੀ, ਪਾਣੀ ਅਤੇ ਸੜਕਾਂ ਦੇ ਖੇਤਰ ਵਿੱਚ ਤੇਜੀ ਨਾਲ ਕੰਮ ਕਰਦਿਆਂ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ।

ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਸੂਬੇ ਦੇ ਹਿੱਤਾਂ ਦੇ ਵਿਰੋਧੀ ਤਾਕਤਾਂ ਨਾਲ ਹੱਥ ਮਿਲਾ ਕੇ ਹਮੇਸਾ ਪੰਜਾਬ ਵਿਰੋਧੀ ਰੁਖ ਅਪਣਾਇਆ ਹੈ। ਉਨ੍ਹਾਂ ਕਿਹਾ, "ਅਕਾਲੀ ਆਗੂਆਂ ਨੇ ਡਰਾਉਣੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਸਹਾਦਤ ਲਈ ਜਿੰਮੇਵਾਰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਬਾਵਜੂਦ ਸੱਤਾ ਦੀ ਖਾਤਰ ਭਗਵਾ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰ ਹਨ। ਇਹ ਦਰਸਾਉਂਦਾ ਹੈ ਕਿ ਅਕਾਲੀ ਲੀਡਰਸਿਪ ਕੋਲ ਕੋਈ ਵਿਚਾਰਧਾਰਾ ਨਹੀਂ ਬਚੀ ਹੈ ਅਤੇ ਉਹ ਸੱਤਾ ਲਈ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਨ ਲਈ ਤਿਆਰ ਹਨ।"

ਮੁੱਖ ਮੰਤਰੀ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਅਕਾਲੀ-ਭਾਜਪਾ ਗਠਜੋੜ ਸੱਤਾ ਵਿੱਚ ਆਉਂਦਾ ਹੈ, ਤਾਂ ਉਹ ਕਿਸਾਨਾਂ 'ਤੇ ਮੁੜ ਤੋਂ ਡਰਾਉਣੇ ਖੇਤੀ ਕਾਨੂੰਨ ਥੋਪ ਸਕਦੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਸੂਬਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨਾਲ ਗਠਜੋੜ ਕਰਨ ਲਈ ਸ੍ਰੋਮਣੀ ਅਕਾਲੀ ਦਲ ਦੀ ਲੀਡਰਸਿਪ 'ਗੋਡਿਆਂ ਭਾਰ' ਹੈ।

ਉਨ੍ਹਾਂ ਕਿਹਾ ਕਿ 2021 ਵਿੱਚ, ਸਰਕਾਰੀ ਸਕੂਲਾਂ ਦੇ ਸਿਰਫ 80 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਸੀ। ਜਦੋਂ ਕਿ 2026 ਵਿੱਚ ਇਹ ਗਿਣਤੀ 11 ਗੁਣਾ ਤੋਂ ਵੱਧ ਵਧ ਕੇ 882 ਹੋ ਗਈ ਹੈ। ਉਨ੍ਹਾਂ ਕਿਹਾ, "ਇਹ ਸਾਡੇ ਸਾਸਨ ਅਤੇ ਅਤੀਤ ਦੀਆਂ ਸਰਕਾਰਾਂ ਵਿੱਚ ਅੰਤਰ ਹੈ, ਜਿਨ੍ਹਾਂ ਨੇ ਕਦੇ ਵੀ ਸਕੂਲਾਂ ਅਤੇ ਸਿੱਖਿਆ ਖੇਤਰ ਦੀ ਪਰਵਾਹ ਨਹੀਂ ਕੀਤੀ। ਅਸੀਂ ਸਿੱਖਿਆ ਵਿੱਚ ਨਿਵੇਸ ਕਰ ਰਹੇ ਹਾਂ ਕਿਉਂਕਿ ਇਹ ਪੰਜਾਬ ਦੇ ਲੋਕਾਂ ਨੂੰ ਸਸਕਤ ਬਣਾਉਣ ਲਈ ਸਭ ਤੋਂ ਮਜਬੂਤ ਉਪਕਰਣ ਹੈ।

ਖੇਤੀਬਾੜੀ ਅਤੇ ਬੁਨਿਆਦੀ ਢਾਂਚੇ 'ਤੇ, ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਨਹਿਰੀ ਪਾਣੀ 1,587 ਪਿੰਡਾਂ ਦੇ ਖੇਤਾਂ ਤੱਕ ਪਹੁੰਚਿਆ ਹੈ ਜਿਨ੍ਹਾਂ ਨੂੰ ਪਹਿਲਾਂ ਕਦੇ ਨਹਿਰੀ ਪਾਣੀ ਨਹੀਂ ਮਿਲਿਆ ਸੀ। ਮੁੱਖ ਮੰਤਰੀ ਪੰਜਾਬ ਨੇ ਕਿਹਾ, "ਸਾਡੀ ਸਰਕਾਰ ਦੇ ਅਹੁਦਾ ਸੰਭਾਲਣ ਤੋਂ ਬਾਅਦ, ਨਹਿਰੀ ਸਿੰਚਾਈ ਅਧੀਨ ਖੇਤਰ 26% ਤੋਂ ਵਧ ਕੇ 80% ਹੋ ਗਿਆ ਹੈ। 2022 ਵਿੱਚ, ਸਿਰਫ 20 ਲੱਖ 89 ਹਜਾਰ ਏਕੜ ਨੂੰ ਨਹਿਰੀ ਪਾਣੀ ਮਿਲਿਆ ਸੀ, ਜਦੋਂ ਕਿ ਅੱਜ ਨਹਿਰੀ ਸਿੰਚਾਈ 60 ਲੱਖ 30 ਹਜਾਰ ਏਕੜ ਤੱਕ ਪਹੁੰਚ ਗਈ ਹੈ। ਇਹ ਉਹ ਤਬਦੀਲੀ ਹੈ ਜੋ ਸਾਡੀ ਸਰਕਾਰ ਪੰਜਾਬ ਵਿੱਚ ਲੈ ਕੇ ਆਈ ਹੈ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਗ੍ਰਿਫਤਾਰ

ਅੰਮ੍ਰਿਤਸਰ ਪੁਲੀਸ ਨੇ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਬੇਅਦਬੀ ਕਰਨ ਦੇ ਦੋਸ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਉਸ ਨੇ ਕਥਿਤ ਤੌਰ 'ਤੇ ਗੁਟਕਾ ਸਾਹਿਬ ਦੇ 'ਅੰਗ' ਪਾੜ ਦਿੱਤੇ ਅਤੇ ਬਾਅਦ ਵਿੱਚ ਇੱਕ ਔਰਤ ਸਰਧਾਲੂ ਦੇ ਸੂਟ ਨਾਲ ਬੰਨ੍ਹ ਦਿੱਤੇ।



ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਾ, ਤਾਂ ਉਸ ਨੇ ਤੁਰੰਤ ਇਸ ਸਬੰਧ ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੋਮਣੀ ਕਮੇਟੀ) ਨਾਲ ਸੰਪਰਕ ਕੀਤਾ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਘਾਲਣ (ਸਕੈਨ ਕਰਨ) ਦੌਰਾਨ, ਮੁਲਜਮ ਦੀ ਪਛਾਣ ਸਹੀਦ ਊਧਮ ਸਿੰਘ ਨਗਰ ਇਲਾਕੇ ਦੇ ਰਹਿਣ ਵਾਲੇ ਮਨਦੀਪ ਸਿੰਘ ਵਜੋਂ ਹੋਈ।

ਸਹਾਇਕ ਪੁਲੀਸ ਕਮਿਸਨਰ ਸੁਰਿੰਦਰ ਸਿੰਘ ਨੇ ਘਟਨਾ ਦੀ ਪੁਸਟੀ ਕਰਦਿਆਂ ਕਿਹਾ ਕਿ ਕੋਤਵਾਲੀ ਪੁਲੀਸ ਨੂੰ ਪਰਿਕਰਮਾ ਵਿੱਚ ਤਾਇਨਾਤ ਸ੍ਰੋਮਣੀ ਕਮੇਟੀ ਕਰਮਚਾਰੀ ਸਿਮਰਨਜੀਤ ਸਿੰਘ ਵੱਲੋਂ ਇਸ ਘਟਨਾ ਬਾਰੇ ਸਿਕਾਇਤ ਮਿਲੀ ਹੈ। ਉਨ੍ਹਾਂ ਕਿਹਾ ਕਿ ਮੁਲਜਮ ਨੂੰ ਮਾਮਲੇ ਵਿੱਚ ਨਾਮਜਦ ਕਰਨ ਮਗਰੋਂ ਕਾਬੂ ਕਰ ਲਿਆ ਗਿਆ ਹੈ ਅਤੇ ਘਟਨਾ ਦੇ ਪਿੱਛੇ ਦੇ ਮਕਸਦ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਔਰਤ ਅਤੇ ਉਸ ਦਾ ਪਰਿਵਾਰ, ਜੋ ਕਿ ਸਹੀਦ ਊਧਮ ਸਿੰਘ ਨਗਰ ਨਾਲ ਸਬੰਧਤ ਹਨ, ਅੱਜ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਵਾਸਤੇ ਗਏ ਸਨ। ਇਸ ਦੌਰਾਨ ਜਦੋਂ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਉੱਥੇ ਬੈਠੇ ਹੋਏ ਸਨ, ਤਾਂ ਮੁਲਜਮ ਨੇ ਗੁਟਕਾ ਸਾਹਿਬ ਦੇ ਫਟੇ ਹੋਏ 'ਅੰਗਾਂ' ਨੂੰ ਉਸ ਦੇ ਸੂਟ ਨਾਲ ਬੰਨ੍ਹ ਦਿੱਤਾ।

ਉਸ ਨੂੰ ਬਾਅਦ ਵਿੱਚ ਇਸ ਬਾਰੇ ਪਤਾ ਲੱਗਾ। ਉਸ ਨੇ ਤੁਰੰਤ ਇਸ ਬਾਰੇ ਸ੍ਰੋਮਣੀ ਕਮੇਟੀ ਦੇ ਸਟਾਫ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਇਹ ਘਟਨਾ ਸਾਹਮਣੇ ਆਈ।

ਇਸ ਦੀ ਪੁਸਟੀ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਅੱਜ ਸਵੇਰ ਦੀ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਵੱਲੋਂ ਪੁੱਛਗਿੱਛ ਦੌਰਾਨ ਪਤਾ ਲਾਇਆ ਜਾਵੇਗਾ ਕਿ ਇਸ ਵਿਅਕਤੀ ਵੱਲੋਂ ਗੁਰੂ ਘਰ ਵਿਖੇ ਅਜਿਹੀ ਘਟਨਾ ਨੂੰ ਕਿਉਂ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵਿੱਚ ਇਹ ਵਿਅਕਤੀ ਔਰਤ ਦੇ ਸੂਟ ਨਾਲ ਗੁਟਕੇ ਦੇ ਅੰਗ ਬੰਨ੍ਹਦਾ ਹੋਇਆ ਦਿਖਾਈ ਦੇ ਰਿਹਾ ਹੈ। ਗੁਟਕੇ ਦੇ ਇਹ ਅੰਗ ਕਿੱਥੇ ਪਾੜੇ ਗਏ ਅਤੇ ਕਿੱਥੋਂ ਲਿਆਂਦੇ ਗਏ, ਇਹ ਜਾਂਚ ਦਾ ਵਿਸਾ ਹੈ।

# ਵਰਲਡ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਨੀਲਕੰਠ ਮਿਸ਼ਰਾ ਵੱਲੋਂ ਆਲੋਚਕਾਂ ਦੇ ਦਾਅਵੇ ਖਾਰਜ

ਵਰਲਡ ਬੈਂਕ ਦੇ ਕਾਰਜਕਾਰੀ ਨਿਰਦੇਸਕ ਨੀਲਕੰਠ ਮਿਸਰਾ ਨੇ ਉਨ੍ਹਾਂ ਦਾਅਵਿਆਂ ਨੂੰ "ਘੱਟ ਪੜ੍ਹੇ-ਲਿਖੇ" (-) ਅਤੇ " ਸਰਾਸਰ ਗਲਤ" ਕਰਾਰ ਦਿੱਤਾ ਹੈ ਜਿਨ੍ਹਾਂ ਵਿੱਚ ਇਹ ਕਿਹਾ ਗਿਆ ਸੀ ਕਿ ਚਾਲੂ ਵਿੱਤ ਸਾਲ ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੀ ਅਰਥਵਿਵਸਥਾ 7.8 ਪ੍ਰਤੀਸਤ ਦੇ ਮੁਕਾਬਲੇ 2.6 ਪ੍ਰਤੀਸਤ ਦੀ ਦਰ ਨਾਲ ਵਧੀ ਹੈ।

ਸਰਕਾਰ ਵੱਲੋਂ ਜਾਰੀ ਕੀਤੇ ਗਏ ਵਿਕਾਸ ਅੰਕੜਿਆਂ ਨੂੰ ਲੈ ਕੇ ਸਾਬਕਾ ਵਿੱਤ ਸਕੱਤਰ ਐੱਸ.ਸੀ. ਗਰਗ ਵੱਲੋਂ ਸਵਾਲ ਉਠਾਏ ਜਾਣ ਤੋਂ ਬਾਅਦ ਮਿਸਰਾ ਦਾ ਇਹ ਬਿਆਨ 'ਐਕਸ' () 'ਤੇ ਆਇਆ ਹੈ।

ਮਿਸਰਾ ਨੇ ਕਿਹਾ, "... ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਕੁਝ ਲੋਕਾਂ ਵੱਲੋਂ ਕਿੰਨੇ ਘੱਟ ਪੜ੍ਹੇ-ਲਿਖੇ ਅਤੇ ਸਰਾਸਰ ਗਲਤ ਦਾਅਵੇ ਕੀਤੇ ਗਏ ਹਨ ਕਿ ਜੇ ਜੂਨ-2025 ਤਿਮਾਹੀ ਦਾ 'ਅਸਲ' ਆਧਾਰ ਵਰਤਿਆ ਜਾਂਦਾ, ਤਾਂ ਜੂਨ-2026 ਤਿਮਾਹੀ ਵਿੱਚ ਵਿਕਾਸ ਦਰ ਬਹੁਤ ਘੱਟ ਹੁੰਦੀ।"

ਗਰਗ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਸਾਲ ਮੌਜੂਦਾ ਕੀਮਤਾਂ 'ਤੇ ਜੀ.ਡੀ.ਪੀ. 86 ਲੱਖ ਕਰੋੜ ਰੁਪਏ ਸੀ, ਜਿਸ ਨੂੰ ਘਟਾ ਕੇ 80 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ, ਅਤੇ ਜੇ ਅਜਿਹਾ ਨਾ ਕੀਤਾ ਜਾਂਦਾ, ਤਾਂ ਜੀ.ਡੀ.ਪੀ. ਵਿਕਾਸ ਦਰ ਸਿਰਫ 2.6 ਫੀਸਦੀ ਹੋਣੀ ਸੀ।

ਮਿਸਰਾ ਨੇ ਕਿਹਾ, "ਜਿਵੇਂ ਕਿ ਉਮੀਦ ਸੀ, ਵਿੱਤੀ ਰੁਕਾਵਟਾਂ ਦੇ ਘਟਣ ਅਤੇ ਮੁਦਰਾ ਸੰਬੰਧੀ ਰੁਕਾਵਟਾਂ (26 ਦੀ ਪਹਿਲੀ ਛਿਮਾਹੀ ਤੱਕ ਕਰਜੇ ਦੇ ਵਾਧੇ ਵਿੱਚ ਗਿਰਾਵਟ) ਦੇ ਅਨੁਕੂਲ ਹਾਲਤਾਂ ਵਿੱਚ ਬਦਲਣ (ਕਰਜੇ ਦਾ ਤੇਜੀ ਨਾਲ ਵਧਣਾ) ਨਾਲ, ਜੀ.ਡੀ.ਪੀ. ਵਿਕਾਸ ਦਰ ਉੱਪਰ ਵੱਲ ਹੈਰਾਨ ਕਰ ਰਹੀ ਹੈ, ਅਤੇ ਇਸ ਨਾਲ ਸਰਬਸੰਮਤੀ ਨਾਲ ਤੈਅ ਰੁਝਾਨ-ਵਿਕਾਸ ਅਨੁਮਾਨਾਂ ਨੂੰ 7 ਫੀਸਦੀ ਤੋਂ ਉੱਪਰ ਪਹੁੰਚਾਉਣ ਵਿੱਚ ਮਦਦ ਮਿਲਣੀ ਚਾਹੀਦੀ ਹੈ। ਭਾਵ ਕਿ ਇੱਕ ਨਿਰਪੱਖ ਵਿੱਤੀ ਅਤੇ ਮੁਦਰਾ




ਨੀਤੀ ਦੇ ਨਾਲ, ਅਰਥਵਿਵਸਥਾ ਨੂੰ ਫਿਰ ਵੀ 7.5 ਫੀਸਦੀ ਵਿਕਾਸ ਦਰ ਦਰਜ ਕਰਨੀ ਚਾਹੀਦੀ ਹੈ।"

ਉਨ੍ਹਾਂ ਕਿਹਾ ਕਿ ਫਰਵਰੀ-2026 ਵਿੱਚ ਪੇਸ਼ ਕੀਤੀ ਗਈ ਨਵੀਂ ਲੜੀ ਨੇ ਡਾਟਾ ਨੂੰ ਸਾਫ ਕੀਤਾ ਅਤੇ ਵਿਧੀ () ਵਿੱਚ ਵੀ ਮਹੱਤਵਪੂਰਨ ਸੁਧਾਰ ਕੀਤਾ।

ਮਿਸਰਾ ਨੇ ਕਿਹਾ, "ਉਨ੍ਹਾਂ ਲਈ ਜੋ ਇਸ ਨੂੰ ਰੋਜਾਨਾ ਟਰੈਕ ਕਰਦੇ ਹਨ (ਅਤੇ ਮੈਂ 45 ਦਿਨ ਪਹਿਲਾਂ ਤੱਕ ਅਜਿਹਾ ਹੀ ਇੱਕ ਵਿਅਕਤੀ ਸੀ) ਆਧਾਰ ਵਿੱਚ ਹੇਠਾਂ ਵੱਲ ਸੋਧ (ਡਾਊਨਵਾਰਡ ਰਿਵੀਜਨ) ਬਾਰੇ ਮਾਰਚ ਵਿੱਚ ਪਤਾ ਸੀ... ਨਵੀਂ ਲੜੀ ਨੇ ਅਸਲ ਉਤਪਾਦਨ ਦੇ ਅਨੁਮਾਨਾਂ ਦੀ ਭਰੋਸੇਯੋਗਤਾ ਨੂੰ ਵਧਾਇਆ।"

ਮਿਸਰਾ ਨੇ ਕਿਹਾ, "ਉਹ ਦਾਅਵਾ ਇੰਨਾ ਸਪੱਸਟ ਤੌਰ 'ਤੇ ਗਲਤ ਹੈ ਕਿ ਇਸ ਦੇ ਕਈ ਤਰਕਸੰਗਤ ਖੰਡਨ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਪਰ ਮਾੜੀ ਜਾਣਕਾਰੀ ਚੰਗੀ ਜਾਣਕਾਰੀ ਨਾਲੋਂ ਦੂਰ ਤੱਕ ਜਾਂਦੀ ਹੈ, ਇਸ ਲਈ ਦਲੀਲ ਨੂੰ ਦੁਹਰਾਉਣਾ ਅਤੇ ਮਜਬੂਤ ਕਰਨਾ ਮਹੱਤਵਪੂਰਨ ਹੈ," ਉਹ, ਜੋ ਹਾਲ ਹੀ ਤੱਕ ਐਕਸਪੀਸ ਬੈਂਕ ਦੇ ਮੁੱਖ ਅਰਥ ਸਾਸਤਰੀ ਸਨ। ਉਨ੍ਹਾਂ ਬਿਨਾਂ ਗਰਗ ਦਾ ਨਾਮ ਲਏ ਕਿਹਾ, "ਇਹ ਆਪਣੇ ਆਪ ਵਿੱਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਅਜਿਹੇ ਦਾਅਵਿਆਂ ਨੂੰ ਸਮਰਥਨ ਮਿਲਿਆ, ਜਦੋਂ ਕਿ ਆਰਥਿਕ ਗਤੀਵਿਧੀ ਦੇ ਆਸਾਨੀ ਨਾਲ ਟਰੈਕ ਕੀਤੇ ਜਾਣ ਵਾਲੇ ਅਤੇ ਨਾ-ਫਰਜੀਵਾੜੇ ਯੋਗ ਸੂਚਕ () ਬਹੁਤ ਮਜਬੂਤ ਰਹੇ ਹਨ।"

ਮਿਸਰਾ ਨੇ ਕਿਹਾ ਕਿ ਜੂਨ ਤਿਮਾਹੀ ਦਾ ਡਾਟਾ ਮਜਬੂਤ ਸੀ ਅਤੇ ਗਤੀ ਫੜੀ ਗਈ ਹੈ।

ਉਨ੍ਹਾਂ ਕਿਹਾ ਕਿ ਨਿਰਯਾਤ ਵਿੱਚ ਸਿਰਫ 9 ਫੀਸਦੀ ਵਾਧੂ ਦੇ ਬਾਵਜੂਦ ਅਗਸਤ ਵਿੱਚ ਨਿੱਜੀ ਵਾਹਨਾਂ (ਕਾਰਾਂ, ਐੱਸ.ਯੂ.ਵੀ.) ਦੀ ਡਿਸਪੈਚ ਸਾਲ-ਦਰ-ਸਾਲ () 35 ਫੀਸਦੀ ਵਧੀ ਹੈ।

ਇੱਥੋਂ ਤੱਕ ਕਿ ਦੁਪਹੀਆ ਵਾਹਨਾਂ ਦਾ ਵਾਧਾ ਵੀ ਹੁਣ 20 ਫੀਸਦੀ ਤੋਂ ਵੱਧ ਹੈ ਅਤੇ ਵਪਾਰਕ ਵਾਹਨਾਂ ਦੀ ਡਿਸਪੈਚ 40 ਫੀਸਦੀ ਤੋਂ ਵੱਧ ਵਧੀ ਹੈ।

ਮਿਸਰਾ ਨੇ ਕਿਹਾ ਕਿ ਟੈਕਸ ਉਗਰਾਹੀ ਦਾ ਵਾਧਾ ਮਹੱਤਵਪੂਰਨ ਤੌਰ 'ਤੇ ਵਧਿਆ ਹੈ ਅਤੇ ਕਰਜੇ ਦਾ ਵਾਧਾ ਲਗਾਤਾਰ ਉੱਪਰ ਵੱਲ ਹੈਰਾਨ ਕਰ ਰਿਹਾ ਹੈ, ਭਾਵੇਂ ਕਿ ਇਹ ਘੱਟ ਆਧਾਰ 'ਤੇ ਸੀ।

ਉਨ੍ਹਾਂ ਕਿਹਾ, "ਪਿਛਲੇ ਸਾਲ ਜਿਆਦਾਤਰ ਲੋਕਾਂ ਦਾ ਮੰਨਣਾ ਸੀ ਕਿ ਉਸ ਸਮੇਂ ਦਾ ਕਮਜੋਰ ਕਰਜਾ ਵਾਧਾ ਇੱਕ ਮੰਗ ਦੀ ਸਮੱਸਿਆ ਸੀ, ਜਦੋਂ ਕਿ ਅਸੀਂ ਦ੍ਰਿੜਤਾ ਨਾਲ ਕਿਹਾ ਸੀ ਕਿ ਇਹ ਇੱਕ ਸਪਲਾਈ ਦੀ ਸਮੱਸਿਆ ਸੀ ਇਸ ਨੂੰ ਹੁਣ ਲਈ ਹੱਲ ਕਰ ਲਿਆ ਗਿਆ ਹੈ," ਅਤੇ ਨਾਲ ਹੀ ਜੋੜਿਆ ਕਿ ਉਸਾਰੀ ਦੇ ਸੂਚਕ ਮਜਬੂਤ ਹਨ।

# ਕੈਨੇਡਾ ਤੋਂ ਆਈ ਭਾਰਤੀ ਮਹਿਲਾ ਕੋਲੋਂ 1.3 ਕਿਲੋ ਸੋਨੇ ਦੇ ਗਹਿਣੇ ਜਬਤ, ਮਾਮਲਾ ਦਰਜ



ਇੰਦਰਾ ਗਾਂਧੀ ਅੰਤਰਰਾਸਟਰੀ (ਆਈ.ਜੀ.ਆਈ.) ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਨੇ ਕੈਨੇਡਾ ਦੇ ਟੋਰਾਂਟੋ ਤੋਂ ਦਿੱਲੀ ਪਹੁੰਚੀ 46 ਸਾਲਾ ਇੱਕ ਭਾਰਤੀ ਮਹਿਲਾ ਕੋਲੋਂ 1.3 ਕਿਲੋਗ੍ਰਾਮ ਤੋਂ ਵੱਧ ਸੋਨੇ ਦੇ ਗਹਿਣੇ ਬਰਾਮਦ ਕਰਕੇ ਉਸ ਵਿਰੁੱਧ ਸੋਨੇ ਦੀ ਤਸਕਰੀ ਦਾ ਮਾਮਲਾ ਦਰਜ ਕੀਤਾ ਹੈ।

ਕਸਟਮ ਵਿਭਾਗ ਦੇ ਅਨੁਸਾਰ ਯਾਤਰੀ 24 ਅਗਸਤ ਨੂੰ ਟੋਰਾਂਟੋ ਤੋਂ ਆਈ.ਜੀ.ਆਈ. ਹਵਾਈ ਅੱਡੇ 'ਤੇ ਪਹੁੰਚੀ ਸੀ। ਉਸ ਨੂੰ ਉਸ ਦੇ ਸਰੀਰ ਅਤੇ ਸਮਾਨ ਦੀ ਜਾਂਚ ਲਈ ਕਸਟਮ ਅਧਿਕਾਰੀਆਂ ਨੇ ਰੋਕ ਲਿਆ ਸੀ। ਇਸ ਤੋਂ ਬਾਅਦ ਦੀ ਤਲਾਸੀ ਵਿੱਚ ਕੁੱਲ 1,327.4 ਗ੍ਰਾਮ ਵਜਨ ਵਾਲੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਬਰਾਮਦ ਕੀਤੇ ਗਏ ਸੋਨੇ ਦਾ ਕਸਟਮ ਮੁਲਾਂਕਣ ਮੁੱਲ 1,76,93,507 ਰੁਪਏ, ਭਾਵ ਲਗਪਗ 1.77 ਕਰੋੜ ਰੁਪਏ ਸੀ। ਹਾਲਾਂਕਿ, ਇਸ ਦਾ ਬਾਜਾਰੀ ਮੁੱਲ 2,17,99,577 ਰੁਪਏ, ਭਾਵ ਲਗਭਗ 2.18 ਕਰੋੜ ਰੁਪਏ ਅੰਦਾਜਾ ਲਗਾਇਆ ਗਿਆ ਸੀ

ਕਸਟਮ ਵਿਭਾਗ ਨੇ ਆਪਣੇ ਬਿਆਨ ਵਿੱਚ ਕਿਹਾ, "ਯਾਤਰੀ ਨੂੰ ਕਸਟਮ ਅਧਿਕਾਰੀਆਂ ਵੱਲੋਂ ਰੋਕਿਆ ਗਿਆ ਅਤੇ ਉਸ ਦੀ ਨਿੱਜੀ ਅਤੇ ਸਮਾਨ ਦੀ ਜਾਂਚ ਦੇ ਨਤੀਜੇ ਵਜੋਂ ਕੁੱਲ 1327.4 ਗ੍ਰਾਮ ਵਜਨ ਵਾਲੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਗਏ।"

ਸੋਨੇ ਦੀ ਕਥਿਤ ਤਸਕਰੀ ਨਾਲ ਜੁੜਿਆ ਇੱਕ ਕੇਸ ਯਾਤਰੀ ਦੇ ਆਉਣ ਤੋਂ ਇੱਕ ਦਿਨ ਬਾਅਦ 25 ਅਗਸਤ ਨੂੰ ਦਰਜ ਕੀਤਾ ਗਿਆ ਸੀ। ਇਹ ਬਰਾਮਦਗੀ ਅੰਤਰਰਾਸਟਰੀ ਆਮਦ ਰਾਹੀਂ ਦੇਸ ਵਿੱਚ ਗੈਰ-ਕਾਨੂੰਨੀ ਤੌਰ 'ਤੇ ਉੱਚ ਮੁੱਲ ਵਾਲਾ ਸੋਨਾ ਲਿਆਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਆਈ.ਜੀ.ਆਈ. ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਦੀ ਨਿਰੰਤਰ ਚੌਕਸੀ ਦੇ ਵਿਚਕਾਰ ਹੋਈ ਹੈ। ਕਸਟਮ ਵਿਭਾਗ ਨੇ ਕਿਹਾ ਕਿ ਸੋਨੇ ਦੇ ਇਸ ਕੋਸ਼ਿਸ਼ ਕੀਤੇ ਗਏ ਆਯਾਤ ਦੇ ਆਲੇ-ਦੁਆਲੇ ਦੇ ਹਾਲਾਤਾਂ ਦਾ ਪਤਾ ਲਗਾਉਣ ਅਤੇ ਮਾਮਲੇ ਵਿੱਚ ਹੋਰ ਕਾਰਵਾਈ ਕਰਨ ਲਈ ਅੱਗੇ ਦੀ ਜਾਂਚ ਜਾਰੀ ਹੈ।

# ਨੇਪਾਲ 'ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 1,252 ਹੋਈ

ਨੇਪਾਲ ਵਿੱਚ ਤਬਾਹਕੁੰਨ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੀਰਵਾਰ ਨੂੰ ਵਧ ਕੇ 1,252 ਹੋ ਗਈ ਹੈ, ਕਿਉਂਕਿ ਪ੍ਰਭਾਵਿਤ ਖੇਤਰਾਂ ਵਿੱਚੋਂ ਹੋਰ ਲਾਸਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂ ਕਿ ਤਬਾਹੀ ਦੇ ਇੱਕ ਹਫਤੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਹਜਾਰਾਂ ਲੋਕ ਲਾਪਤਾ ਹਨ।



ਨੇਪਾਲ ਪੁਲੀਸ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਚਿਤਵਨ ਜਿਲ੍ਹੇ ਵਿੱਚੋਂ 355, ਨਵਲਪਰਾਸੀ ਪੂਰਬ ਤੋਂ 218, ਨਵਲਪਰਾਸੀ ਪੱਛਮ ਤੋਂ 208 (ਜਿਸ ਵਿੱਚ ਭਾਰਤ ਵਿੱਚੋਂ ਬਰਾਮਦ ਕੀਤੀਆਂ ਗਈਆਂ ਅਤੇ ਨਵਲਪਰਾਸੀ ਪੱਛਮ ਨੂੰ ਸੌਂਪੀਆਂ ਗਈਆਂ 18 ਲਾਸ਼ਾਂ ਸਾਮਲ ਹਨ), ਅਤੇ ਨੁਵਾਕੋਟ ਤੋਂ 177 ਲਾਸਾਂ ਬਰਾਮਦ ਕੀਤੀਆਂ ਗਈਆਂ। ਇਸੇ ਤਰ੍ਹਾਂ, ਰਸੂਵਾ ਜਿਲ੍ਹੇ ਵਿੱਚੋਂ 127, ਗੋਰਖਾ ਤੋਂ 69, ਧਾਦਿੰਗ ਤੋਂ 60 ਅਤੇ ਤਣਹੂੰ ਤੋਂ 38 ਲਾਸ਼ਾਂ ਬਰਾਮਦ ਕੀਤੀਆਂ ਗਈਆਂ।

ਨੇਪਾਲ ਫੌਜ ਦੀ ਅਗਵਾਈ ਹੇਠ ਸਾਂਝੀਆਂ ਬਚਾਅ ਟੀਮਾਂ ਨੇ ਵੀਰਵਾਰ ਨੂੰ ਨੌਂਵੇਂ ਦਿਨ ਵੀ ਆਪਣੀ ਖੋਜ ਅਤੇ ਬਚਾਅ ਮੁਹਿੰਮ ਜਾਰੀ ਰੱਖੀ, ਜਿਸ ਵਿੱਚ ਲਾਪਤਾ ਲੋਕਾਂ ਦੀ ਗਿਣਤੀ 4,875 ਅੰਦਾਜੀ ਗਈ ਹੈ।

ਇਸ ਦੌਰਾਨ ਨੇਪਾਲ ਦੇ ਤ੍ਰਿਸੂਲੀ ਵਿੱਚ ਇੱਕ ਮਠ ਵਿਖੇ ਬਹੁਤ ਹੀ ਭਾਵੁਕ ਦ੍ਰਿਸ ਦੇਖਣ ਨੂੰ ਮਿਲਿਆ, ਜਿੱਥੇ ਪਰਿਵਾਰ ਅਤੇ ਸਥਾਨਕ ਲੋਕ ਉਨ੍ਹਾਂ ਪਿਆਰਿਆਂ ਲਈ ਪ੍ਰਾਰਥਨਾਵਾਂ ਅਤੇ ਅੰਤਿਮ ਸੰਸਕਾਰ ਕਰ ਰਹੇ ਹਨ ਜੋ ਅਚਾਨਕ ਆਏ ਹੜ੍ਹਾਂ ਤੋਂ ਬਾਅਦ ਲਾਪਤਾ ਹਨ, ਭਾਵੇਂ ਕਿ ਉਨ੍ਹਾਂ ਕੋਲ ਇਸ ਗੱਲ ਦੀ ਕੋਈ ਪੁਸਟੀ ਨਹੀਂ ਹੈ ਕਿ ਉਹ ਜੀਵਤ ਹਨ ਜਾਂ ਮ੍ਰਿਤਕ।

ਮਠ ਵਿਖੇ, ਲੋਕ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕਰਨ ਲਈ ਇਕੱਠੇ ਹੋ ਰਹੇ ਹਨ ਜੋ ਹੜ੍ਹਾਂ ਵਿੱਚ ਰੁੜ੍ਹ ਗਏ ਸਨ, ਇਸ ਉਮੀਦ ਨਾਲ ਕਿ ਇਹ ਰਸਮਾਂ ਉਨ੍ਹਾਂ ਦੀਆਂ ਆਤਮਾਵਾਂ ਨੂੰ ਸਾਂਤੀ ਦੇਣਗੀਆਂ ਜੋ ਉਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ 11,993 ਲੋਕਾਂ ਨੂੰ ਬਚਾ ਲਿਆ ਗਿਆ ਹੈ ਕਿਉਂਕਿ ਦਿਨ-ਰਾਤ ਖੋਜ ਅਤੇ ਬਚਾਅ ਮੁਹਿੰਮਾਂ ਜਾਰੀ ਹਨ।

# ਦੁੱਧ-ਦਹੀ ਖਾਣ ਵਾਲਿਆਂ 'ਤੇ ਮਹਿੰਗਾਈ ਦੀ ਮਾਰ, ਰਸੋਈ ਦਾ ਵਿਗੜਿਆ ਬਜਟ

'ਦੇਸਾਂ ਵਿੱਚ ਦੇਸ ਹਰਿਆਣਾ, ਜਿੱਥੇ ਦੁੱਧ-ਦਹੀ ਦਾ ਖਾਣਾ' - ਇਹ ਲਾਈਨਾਂ ਹੁਣ ਜਿਲ੍ਹੇ ਦੇ ਪੇਂਡੂ ਅਤੇ ਸਹਿਰੀ ਇਲਾਕਿਆਂ 'ਚ ਇੱਕ ਕਹਾਵਤ ਬਣ ਕੇ ਸਿਮਟਦੀਆਂ ਨਜਰ ਆ ਰਹੀਆਂ ਹਨ। ਰਸੋਈ ਦੀ ਚੌਤਰਫਾ ਮਹਿੰਗਾਈ ਦੇ ਵਿਚਕਾਰ ਹੁਣ ਦੁੱਧ ਦੀਆਂ ਕੀਮਤਾਂ 'ਚ ਅਚਾਨਕ ਆਏ 10 ਤੋਂ 15 ਰੁਪਏ ਪ੍ਰਤੀ ਲੀਟਰ ਦੇ ਉਛਾਲ ਨੇ ਹਰ ਆਮ ਪਰਿਵਾਰ ਦੇ ਬਜਟ ਦਾ ਗਣਿਤ ਵਿਗਾੜ ਦਿੱਤਾ ਹੈ।

ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸੋਸਲ ਮੀਡੀਆ ਤੱਕ ਸਿਰਫ ਇੱਕੋ ਚਰਚਾ ਹੈ ਕਿ ਆਖਰ ਇਸ ਮਹਿੰਗਾਈ 'ਚ ਪਰਿਵਾਰ ਦੀ ਖੁਰਾਕ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ। ਸਪਲਾਈ ਕਰਨ ਵਾਲੇ ਦੋਧੀਆ ਨੇ ਲੰਘੀ 1 ਸਤੰਬਰ ਤੋਂ ਵਧੀਆਂ ਹੋਈਆਂ ਦਰਾਂ ਦਾ ਐਲਾਨ ਕਰ ਦਿੱਤਾ ਹੈ, ਜਿਸ ਤੋਂ ਬਾਅਦ ਘਰਾਂ 'ਚ ਦੁੱਧ-ਦਹੀ ਦੀ ਖਪਤ ਵਿੱਚ ਕਟੌਤੀ ਦਾ ਦੌਰ ਸੁਰੂ ਹੋ ਗਿਆ ਹੈ।

ਆਮ ਉਪਭੋਗਤਾ ਦੀ ਪੀੜ: 100 ਲੀਟਰ ਖਪਤ 'ਤੇ 1000 ਤੋਂ 1200 ਰੁਪਏ ਦਾ ਸਿੱਧਾ ਝਟਕਾ

ਇਹ ਵੀ ਪੜ੍ਹੋ

ਦੁੱਧ ਦੀਆਂ ਕੀਮਤਾਂ ਵਿੱਚ ਆਈ ਇਸ ਤੇਜੀ ਨੇ ਮੱਧਵਰਗੀ ਅਤੇ ਦਿਹਾੜੀਦਾਰ ਪਰਿਵਾਰਾਂ ਦੀ ਲੱਕ ਤੋੜ ਦਿੱਤੀ ਹੈ। ਸਹਿਰੀ ਤੇ ਕਸਬਾਈ ਇਲਾਕਿਆਂ ਵਿੱਚ ਰਹਿਣ ਵਾਲੇ ਪਰਿਵਾਰਾਂ ਦਾ ਹਿਸਾਬ-ਕਿਤਾਬ ਗੜਬੜਾ ਗਿਆ ਹੈ।

ਰਾਕੇਸ ਕੁਮਾਰ ਮੁਤਾਬਕ, ਜੇਕਰ ਕਿਸੇ ਘਰ ਵਿੱਚ ਔਸਤਨ ਰੋਜਾਨਾ 3 ਤੋਂ 4 ਲੀਟਰ ਯਾਨੀ ਮਹੀਨੇ ਦਾ 100 ਲੀਟਰ ਦੁੱਧ ਵਰਤਿਆ ਜਾਂਦਾ ਹੈ ਤਾਂ ਨਵੇਂ ਰੇਟ ਲਾਗੂ ਹੋਣ ਤੋਂ ਬਾਅਦ ਉਨ੍ਹਾਂ ਦਾ ਮਹੀਨਾਵਾਰ ਖਰਚਾ ਸਿੱਧਾ 1,000 ਤੋਂ 1,200 ਰੁਪਏ ਵਧ ਗਿਆ ਹੈ। ਘਰੇਲੂ ਔਰਤਾਂ ਇਸ ਗੱਲ ਤੋਂ ਦੁਖੀ ਹਨ ਕਿ ਸਬਜੀਆਂ ਅਤੇ ਕਰਿਆਨੇ ਪਹਿਲਾਂ ਹੀ ਮਹਿੰਗੇ ਸਨ ਅਤੇ ਹੁਣ ਬੱਚਿਆਂ ਦੇ ਦੁੱਧ ਅਤੇ ਸਵੇਰ ਦੀ ਚਾਹ ਵਿੱਚ ਵੀ ਕਟੌਤੀ ਕਰਨੀ ਪੈਂਦੀ ਹੈ। ਲੋਕ ਹੁਣ ਦਹੀਂ, ਘਿਓ ਅਤੇ ਮੱਖਣ ਦੀ ਵਰਤੋਂ ਘਟਾ ਰਹੇ ਹਨ।

ਪਸੂ ਪਾਲਕਾਂ ਦਾ ਪੱਖ: ਤੂੜੀ, ਖਲ ਅਤੇ ਦਵਾਈਆਂ ਦੇ ਭਾਅ ਨੇ ਤੋੜੀ ਲੱਕ



ਦੂਜੇ ਪਾਸੇ, ਪਿੰਡਾਂ ਵਿੱਚ ਬੈਠਕਾਂ ਕਰ ਰਹੇ ਪਸੂ ਪਾਲਕਾਂ ਦਾ ਆਪਣਾ ਦਰਦ ਹੈ। ਪਸੂ ਪਾਲਕਾਂ ਦਾ ਸਾਫ ਕਹਿਣਾ ਹੈ ਕਿ ਦੁੱਧ ਦੇ ਭਾਅ ਵਧਾਉਣਾ ਕੋਈ ਮੁਨਾਫਾਖੋਰੀ ਨਹੀਂ, ਸਗੋਂ ਪਸੂ ਪਾਲਣ ਨੂੰ ਜਿਊਂਦਾ ਰੱਖਣ ਦੀ ਮਜਬੂਰੀ ਹੈ।

ਪਸੂ ਪਾਲਕ ਸੁਲੋਧਾ ਪਿੰਡ ਦੇ ਨਿਵਾਸੀ ਵੀਰਿੰਦਰ ਦੱਸਦੇ ਹਨ ਕਿ ਤੂੜੀ ਦੇ ਭਾਅ ਅਸਮਾਨ ਛੂਹ ਰਹੇ ਹਨ। ਖਲ, ਵੜੇਵੇਂ (ਬਿਨੌਲਾ) ਅਤੇ ਸੁੱਕੀ ਖੁਰਾਕ ਦੀਆਂ ਕੀਮਤਾਂ ਵਿੱਚ ਪਿਛਲੇ ਕੁੱਝ ਮਹੀਨਿਆਂ ਵਿੱਚ ਭਾਰੀ ਵਾਧਾ ਹੋਇਆ ਹੈ। ਪਸੂਆਂ ਦੇ ਬੀਮਾਰ ਹੋਣ 'ਤੇ ਡਾਕਟਰ ਦੀ ਫੀਸ, ਟੀਕਿਆਂ ਅਤੇ ਦਵਾਈਆਂ ਦਾ ਖਰਚਾ ਇੰਨਾ ਵਧ ਗਿਆ ਹੈ ਕਿ 60-70 ਰੁਪਏ ਲੀਟਰ ਵਿੱਚ ਦੁੱਧ ਵੇਚਣਾ ਘਾਟੇ ਦਾ ਸੌਦਾ ਬਣ ਚੁੱਕਾ ਸੀ। ਇਸੇ ਦੇ ਚੱਲਦਿਆਂ ਪਿੰਡਾਂ ਵਿੱਚ ਆਪਸੀ ਸਹਿਮਤੀ ਨਾਲ ਤੈਅ ਕੀਤਾ ਗਿਆ ਹੈ ਕਿ ਦੋਧੀਆਂ ਨੂੰ ਮੱਝ ਦਾ ਦੁੱਧ 80 ਰੁਪਏ ਅਤੇ ਗਾਂ ਦਾ ਦੁੱਧ 60 ਰੁਪਏ ਲੀਟਰ ਤੋਂ ਘੱਟ ਵਿੱਚ ਨਹੀਂ ਦਿੱਤਾ ਜਾਵੇਗਾ।

ਦੋਧੀਆਂ ਅਤੇ ਡੇਅਰੀ ਸੰਚਾਲਕਾਂ ਦੀ ਖਿੱਚੋਤਾਣ

ਪਿੰਡਾਂ ਤੋਂ ਦੁੱਧ ਇਕੱਠਾ ਕਰਕੇ ਸਹਿਰਾਂ ਵਿੱਚ ਘਰ-ਘਰ ਪਹੁੰਚਾਉਣ ਵਾਲੇ ਦੋਧੀਆਂ ਦੀ ਹਾਲਤ ਦੋ ਚੱਕੀਆਂ ਦੇ ਪੁੜਾਂ ਵਿਚਾਲੇ ਫਸਣ ਵਰਗੀ ਹੈ। ਡੇਅਰੀਆਂ 'ਤੇ ਫੈਟ ਦਾ ਰੇਟ (85 ਤੋਂ 90 ਪੈਸੇ ਪ੍ਰਤੀ ਫੈਟ) ਮਿਲਣ ਅਤੇ ਪਿੰਡਾਂ ਵਿੱਚ ਖਰੀਦ ਮਹਿੰਗੀ ਹੋਣ ਨਾਲ ਉਨ੍ਹਾਂ ਦਾ ਮਾਰਜਿਨ ਖਤਮ ਹੋ ਗਿਆ ਹੈ। ਜਦੋਂ ਉਹ ਵਧੇ ਹੋਏ ਭਾਅ ਲੈ ਕੇ ਗਾਹਕਾਂ ਕੋਲ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਪਭੋਗਤਾਵਾਂ ਦੀ ਨਾਰਾਜਗੀ ਝੱਲਣੀ ਪੈਂਦੀ ਹੈ। ਕੁੱਲ ਮਿਲਾ ਕੇ, ਲਗਪਗ ਹਰ ਘਰ ਦੇ ਬਜਟ 'ਤੇ ਦੁੱਧ ਦੀ ਆਂਚ ਸਾਫ ਦਿਖਾਈ ਦੇ ਰਹੀ ਹੈ, ਜਿਸ ਦੀ ਪ੍ਰਤੀਕਿਰਿਆ ਆਉਣ ਵਾਲੇ ਦਿਨਾਂ ਵਿੱਚ ਦੇਖਣ ਨੂੰ ਮਿਲੇਗੀ।

ਪਿੰਡ-ਪਿੰਡ ਗਰਮਾਇਆ ਮਾਹੌਲ

ਜਿਲ੍ਹੇ ਭਰ ਦੇ ਵੱਖ-ਵੱਖ ਪੇਂਡੂ ਖੇਤਰਾਂ ਵਿੱਚ ਹੋ ਰਹੀਆਂ ਪਸੂ ਪਾਲਕਾਂ ਦੀਆਂ ਬੈਠਕਾਂ ਦੀਆਂ ਵੀਡੀਓਜ ਵੀ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਹੀਆਂ ਹਨ। ਹਾਲਾਂਕਿ ਪਸੂ ਪਾਲਕਾਂ ਨੇ ਸਾਫ ਕੀਤਾ ਹੈ ਕਿ ਪਿੰਡ ਦੇ ਅੰਦਰ ਆਪਸੀ ਭਾਈਚਾਰੇ ਵਿੱਚ ਖੁੱਲ੍ਹੇ ਦੁੱਧ ਦੀ ਵਿਕਰੀ 'ਤੇ ਕੋਈ ਪਾਬੰਦੀ ਨਹੀਂ ਹੈ, ਪਰ ਵਪਾਰਕ ਦੋਧੀਆਂ ਨੂੰ ਤੈਅ ਘੱਟੋ-ਘੱਟ ਦਰ 'ਤੇ ਹੀ ਦੁੱਧ ਦਿੱਤਾ ਜਾਵੇਗਾ। ਫਿਲਹਾਲ, ਪਸੂ ਪਾਲਕਾਂ ਦੀ ਵਧਦੀ ਲਾਗਤ ਅਤੇ ਉਪਭੋਗਤਾਵਾਂ ਦੀ ਜੇਬ 'ਤੇ ਪਏ ਡਾਕੇ ਵਿਚਾਲੇ ਪੂਰੇ ਜਿਲ੍ਹੇ ਵਿੱਚ ਦੁੱਧ ਦਾ ਇਹ ਮੁੱਦਾ ਗਰਮਾਇਆ ਹੋਇਆ ਹੈ।

# ਅਮਰੀਕਾ ਵੱਲੋਂ ਇਰਾਨ ’ਤੇ ਹਵਾਈ ਹਮਲੇ

ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਨੇ ਸੋਸਲ ਮੀਡੀਆ ਪਲੇਟਫਾਰਮ ‘ਟਰੁੱਥ ਸੋਸਲ’ ਉੱਤੇ ਇਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ‘ਸਭ ਤੋਂ ਵੱਡਾ ਹਮਲਾ’ ਹਾਲੇ ਹੋਣਾ ਬਾਕੀ ਹੈ। ਅਮਰੀਕੀ ਫੌਜ ਨੇ ਦੱਸਿਆ ਹੈ ਕਿ ਹਰਮੁਜ ਜਲ ਮਾਰਗ ਵਿੱਚ ਵਪਾਰਕ ਜਹਾਜਾਂ ਅਤੇ ਮੱਧ ਪੂਰਬ ਵਿੱਚ ਤਾਇਨਾਤ ਅਮਰੀਕੀ ਫੌਜੀਆਂ ਉੱਤੇ ਇਸਲਾਮਿਕ ਰੈਵੋਲਿਊਸਨਰੀ ਗਾਰਡ ਕੋਰ () ਵੱਲੋਂ ਕੀਤੇ ਗਏ ਹਮਲੇ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਉਨ੍ਹਾਂ ਨੇ ਇਰਾਨ ਉੱਤੇ ਹਮਲੇ ਸੁਰੂ ਕਰ ਦਿੱਤੇ ਹਨ।

ਜਾਣਕਾਰੀ ਅਨੁਸਾਰ ਅਮਰੀਕਾ ਨੇ ਮੰਗਲਵਾਰ ਨੂੰ ਇਰਾਨੀ ਟਿਕਾਣਿਆਂ ‘ਤੇ ਨਵੇਂ ਹਵਾਈ ਹਮਲੇ ਸੁਰੂ ਕਰ ਦਿੱਤੇ ਹਨ। ਜੁਲਾਈ ਤੋਂ ਬਾਅਦ ਪਹਿਲੀ ਵਾਰ ਹੋਏ ਸਿੱਧੇ ਹਮਲਿਆਂ ਅਤੇ ਹਰਮੁਜ ਜਲ ਮਾਰਗ ਤੋਂ ਲੰਘ ਰਹੇ ਦੋ ਤੇਲ ਟੈਂਕਰਾਂ ਨੂੰ ਨੁਕਸਾਨ ਪਹੁੰਚਣ ਦੀਆਂ ਖਬਰਾਂ ਆਉਣ ਤੋਂ ਬਾਅਦ ਪਹਿਲਾਂ ਹੀ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਦੇਖਣ ਨੂੰ ਮਿਲ ਚੁੱਕਾ ਹੈ। ਦੱਸ ਦੇਈਏ ਕਿ ਇਰਾਨ ਨੇ ਇਸ ਗਲੋਬਲ ਤੇਲ ਸਪਲਾਈ ਜਲ ਮਾਰਗ ਨੂੰ ਸ਼ਿਪਿੰਗ ਲਈ ਬੰਦ ਕੀਤਾ ਹੋਇਆ ਹੈ।



ਇਰਾਨੀ ਲੀਡਰਸ਼ਿਪ ਦਾ ਹਾਲੇ ਵੀ ਅੜੀਅਲ ਰੁਖ ਕਾਇਮ ਹੈ ਅਤੇ ਉਸ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਖਾੜੀ ਵਿੱਚੋਂ ਤੇਲ ਦੀ ਬਰਾਮਦ ਨੂੰ ਰੋਕ ਦੇਵੇਗਾ। ਇਹ ਸਭ ਕੁਝ ਅਮਰੀਕੀ ਰਾਸਟਰਪਤੀ ਡੋਨਲਡ ਟਰੰਪ ਦੀ ਉਸ ਧਮਕੀ ਦੇ ਬਾਵਜੂਦ ਹੋ ਰਿਹਾ ਹੈ ਜਿਸ ਵਿੱਚ ਉਨ੍ਹਾਂ ਨੇ ਇਰਾਨ ਦੇ ਤਾਜਾ ਹਮਲਿਆਂ ਦੇ ਜਵਾਬ ਵਿੱਚ ਉਸ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੀ ਚਿਤਾਵਨੀ ਦਿੱਤੀ ਸੀ। ਇਸ ਦੇ ਨਾਲ ਹੀ ਅਮਰੀਕੀ ਖਜਾਨਾ ਸਕੱਤਰ ਸਕੌਟ ਬੇਸੈਂਟ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਵਾਸ਼ਿੰਗਟਨ ਜਲਦੀ ਹੀ ਨਵੀਆਂ ਪਾਬੰਦੀਆਂ ਲਾਉਣ ਜਾ ਰਿਹਾ ਹੈ।

ਅਮਰੀਕੀ ਸੈਂਟਰਲ ਕਮਾਂਡ ਨੇ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ਉੱਤੇ ਪੋਸਟ ਕਰਦਿਆਂ ਕਿਹਾ, “ਅੱਜ ਦੁਪਹਿਰ 12 ਵਜੇ ਅਮਰੀਕੀ ਫੌਜਾਂ ਨੇ ਇਰਾਨ ਵਿੱਚ f ਇ ਸ ਲ ਾ f ਮ ਕ ਰੈ ਵੋ ਲਿਉ ਸ ਨ ਰੀ ਗਾਰਡ ਕੋਰ () ਦੇ ਟਿਕਾਣਿਆਂ ਨੂੰ ਨਿਸਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ।“ ਇਸ ਦੌਰਾਨ ਇਰਾਨ ਦੇ ਸਰਕਾਰੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਹਰਮੁਜ ਜਲ ਮਾਰਗ ਦੇ ਪੂਰਬੀ ਪਾਸੇ ਸਥਿਤ ਸਹਿਰਾਂ ਉੱਤੇ ਚਾਰ ਪ੍ਰੋਜੈਕਟਾਈਲ (ਮਿਜਾਈਲਾਂ) ਡਿੱਗੇ ਹਨ। ਸੂਬਾਈ ਅਧਿਕਾਰੀ ਅਲੀ ਖਲੀਲਾਬਾਦੀ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਚਾਬਹਾਰ ਅਤੇ ਕੋਨਾਰਕ ਕਾਉਂਟੀਜ ਦੇ ਇਲਾਕਿਆਂ ਵਿੱਚ ਇਹ ਧਮਾਕੇ ਹੋਏ ਹਨ। ਛੇ ਮਹੀਨਿਆਂ ਦੀ ਜੰਗ ਤੋਂ ਬਾਅਦ ਵੀ ਹਰਮੁਜ ਜਲ ਮਾਰਗ ਬੰਦ ਹੈ ਅਤੇ ਅਮਰੀਕਾ ਵੱਲੋਂ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਜਾਰੀ ਹੈ।

ਟਰੰਪ ਵੱਲੋਂ ਇਰਾਨ ’ਤੇ ਆਰਥਿਕ ਘੇਰਾਬੰਦੀ ਦੀ ਯੋਜਨਾ

ਟਰੰਪ ਨੇ ਇਰਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨੇ ਅਮਰੀਕੀ ਹਮਲਿਆਂ ਦਾ ਕੋਈ ਵੀ ਜਵਾਬ ਦਿੱਤਾ ਤਾਂ ਤਹਿਰਾਨ ਨੂੰ ਇਸ ਤੋਂ ਵੀ ਕਿਤੇ ਵੱਧ ਤਬਾਹਕੁੰਨ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ। ਟਰੰਪ ਨੇ ਕਿਹਾ ਕਿ ਜੇਕਰ ਇਰਾਨ ਨੇ ਜਵਾਬੀ ਕਾਰਵਾਈ ਕੀਤੀ ਤਾਂ ਉਸ ਦੀ ਬਹੁਤ ਬੁਰੀ ਹਾਲਤ ਕਰ ਦਿੱਤੀ ਜਾਵੇਗੀ ਅਤੇ ਇਸਲਾਮਿਕ ਰਿਪਬਲਿਕ ਆਫ ਇਰਾਨ ਦਾ ਨਾਂ-ਨਿਸਾਨ ਨਹੀਂ ਬਚੇਗਾ। ਇਸ ਤੋਂ ਇਲਾਵਾ, ਅਮਰੀਕਾ ਵੱਲੋਂ ਇਰਾਨ ਉੱਤੇ ਆਰਥਿਕ ਪਾਬੰਦੀਆਂ ਦਾ ਸ਼ਿਕੰਜਾ ਕੱਸਣ ਦੀ ਯੋਜਨਾ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ ਨੂੰ ਆਰਥਿਕ ਤੌਰ ‘ਤੇ ਤੋੜਿਆ ਜਾ ਸਕੇ।

# ਇੰਟਰਨੈੱਟ ਕਨੈਕਸਨ ਟੁੱਟਣ ਤੋਂ ਬਾਅਦ ਪੁਲੀਸ ਵੈਨ ਨਾਲ ਟਕਰਾਈ ‘ਰਿਮੋਟ-ਕੰਟਰੋਲਡ ਕਾਰ’; ਵੀਡੀਓ ਵਾਇਰਲ



ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਬਿਨਾਂ ਡਰਾਈਵਰ (ਡਰਾਈਵਰਲੈੱਸ) ਚੱਲਣ ਵਾਲੀ ਕਾਰ ਦਾ ਟਰਾਇਲ ਉਸ ਸਮੇਂ ਹਾਸੋਹੀਣਾ ਅਤੇ ਹੈਰਾਨੀਜਨਕ ਬਣ ਗਿਆ, ਜਦੋਂ ਵਾਹਨ ਨੇ ਅਚਾਨਕ ਆਪਣਾ ਰਸਤਾ ਬਦਲ ਲਿਆ ਅਤੇ ਖੜ੍ਹੀ ਪੁਲੀਸ ਵੈਨ ਨਾਲ ਸਿੱਧਾ ਟਕਰਾ ਗਿਆ। ਇਸ ਘਟਨਾ ਦੀ ਵੀਡੀਓ ਕੈਮਰੇ ’ਚ ਕੈਪਚਰ ਹੋਣ ਤੋਂ ਬਾਅਦ ਸੋਸਲ ਮੀਡੀਆ ’ਤੇ ਤੇਜੀ ਨਾਲ ਵਾਇਰਲ ਹੋ ਰਹੀ ਹੈ, ਜਿਸ ਤੋਂ ਬਾਅਦ ਲੋਕ ਇਸ ਦਾ ਕਾਫੀ ਮਜਾਕ ਉਡਾ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨੀ ਪੱਤਰਕਾਰ ਮੁਹੰਮਦ ਆਲੀਜਾਹ ਨੇ ਆਪਣੇ ਅਧਿਕਾਰਤ ਸੋਸਲ ਮੀਡੀਆ ਅਕਾਊਂਟ ’ਤੇ ਐਤਵਾਰ ਨੂੰ ਇਸਲਾਮਾਬਾਦ ਵਿੱਚ ਕੀਤੇ ਗਏ ਇਸ ਟਰਾਇਲ ਦੀ ਵੀਡੀਓ ਸਾਂਝੀ ਕੀਤੀ ਸੀ। ਵੀਡੀਓ ਵਿੱਚ ਆਲੀਜਾਹ ਕਾਰ ਦੀ ਫਰੰਟ ਪੈਸੇਂਜਰ ਸੀਟ (ਡਰਾਈਵਰ ਦੇ ਨਾਲ ਵਾਲੀ ਸੀਟ) ’ਤੇ ਬੈਠੇ ਦਿਖਾਈ ਦੇ ਰਹੇ ਹਨ ਅਤੇ ਕੈਮਰੇ ’ਤੇ ਦੱਸ ਰਹੇ ਹਨ ਕਿ ਇਹ ‘ਰਿਮੋਟ-ਕੰਟਰੋਲਡ ਕਾਰ’ ਬਿਨਾਂ ਡਰਾਈਵਰ ਦੇ ਆਪ ਚੱਲ ਰਹੀ ਹੈ। ਸੁਰੂਆਤ ਵਿੱਚ ਟਰਾਇਲ ਬਿਲਕੁਲ ਠੀਕ ਚੱਲ ਰਿਹਾ ਸੀ, ਪਰ ਕੁਝ ਹੀ ਪਲਾਂ ਵਿੱਚ ਕਾਰ ਬੇਕਾਬੂ ਹੋ ਕੇ ਸੜਕ ਕੰਢੇ ਖੜ੍ਹੀ ਪੁਲੀਸ ਦੀ ਗੱਡੀ ਨਾਲ ਜਾ ਵੱਜੀ।

ਰਿਪੋਰਟ ਮੁਤਾਬਕ ਪੱਤਰਕਾਰ ਆਲੀਜਾਹ ਨੇ ਦੱਸਿਆ ਕਿ ਐਬਟਾਬਾਦ ਦੇ ਤਕਨਾਲੋਜੀ ਪ੍ਰੇਮੀ ਅਹਿਸਾਨ ਜਫਰ ਨੇ ਉਨ੍ਹਾਂ ਨੂੰ ਇਸ ਆਟੋਮੇਟਿਡ ਡਰਾਈਵਿੰਗ ਇਨੋਵੇਸਨ ਦੀ ਰਿਪੋਰਟਿੰਗ ਕਰਨ ਲਈ ਬੁਲਾਇਆ ਸੀ। ਉਨ੍ਹਾਂ ਹਾਦਸੇ ਦਾ ਕਾਰਨ ਇੰਟਰਨੈੱਟ ਸੇਵਾ ਵਿੱਚ ਆਈ ਰੁਕਾਵਟ ਨੂੰ ਦੱਸਿਆ। ਆਲੀਜਾਹ ਨੇ ਕਿਹਾ, “ਕਾਰ ਨੂੰ ਸੈਟੇਲਾਈਟ ਅਤੇ ਇੰਟਰਨੈੱਟ ਕਨੈਕਸਨ ਰਾਹੀਂ ਰਿਮੋਟਲੀ ਚਲਾਇਆ ਜਾ ਰਿਹਾ ਸੀ, ਪਰ ਇੰਟਰਨੈੱਟ ਡਿਸਕਨੈਕਟ ਹੁੰਦੇ ਹੀ ਤਕਨੀਕੀ ਖਰਾਬੀ ਆ ਗਈ ਅਤੇ ਕਾਰ ਬੇਕਾਬੂ ਹੋ ਕੇ ਪੁਲੀਸ ਵੈਨ ਨਾਲ ਜਾ ਟਕਰਾਈ।”

ਇਸ ਅਨੋਖੇ ਟਰਾਇਲ ਦੀ ਵੀਡੀਓ ਸਾਹਮਣੇ ਆਉਂਦੇ ਹੀ ਸੋਸਲ ਮੀਡੀਆ ’ਤੇ ਮਜੇਦਾਰ ਪ੍ਰਤੀਕਿਰਿਆਵਾਂ ਦੀ ਲੜੀ ਸੁਰੂ ਹੋ ਗਈ। ਬੌਲੀਵੁੱਡ ਅਦਾਕਾਰ ਰਣਵੀਰ ਸ਼ੋਰੀ ਨੇ ਵੀਡੀਓ ’ਤੇ ਚੁਟਕੀ ਲੈਂਦਿਆਂ ਲਿਖਿਆ, “ਟੈਸਲਾ ਦੀ ਸੈਲਫ-ਡਰਾਈਵਿੰਗ ਕਾਰ ਨੂੰ ਪਾਕਿਸਤਾਨ ਦਾ ਜਵਾਬ: ਦਿ ਮਸਲਾ”

ਇੱਕ ਯੂਜਰ ਨੇ ਮਜਾਕ ਕਰਦਿਆਂ ਲਿਖਿਆ, “ਕੀ ਟੇਲੈਂਟ ਹੈ, ਕਾਰ ਨੇ ਬਾਕੀ ਸਭ ਕੁਝ ਛੱਡ ਕੇ ਸਿੱਧਾ ਪੁਲੀਸ ਵੈਨ ਨੂੰ ਹੀ ਨਿਸਾਨਾ ਬਣਾਇਆ।”

ਜਦਕਿ ਦੂਜੇ ਯੂਜਰ ਨੇ ਲਿਖਿਆ, “ਵਾਹ, ਤੁਸੀਂ ਪੁਲੀਸ ਤੋਂ ਕੁੱਟ ਖਾਣ ਤੋਂ ਬਚ ਗਏ, ਕਿਸਮਤ ਵਾਲੇ ਹੋ।”

ਇਕ ਹੋਰ ਯੂਜਰ ਨੇ ਆਲੀਜਾਹ ਦੇ ਬੋਲਾਂ ’ਤੇ ਤੰਜ ਕੱਸਦਿਆਂ ਕਿਹਾ, “ਬਿਲਕੁਲ, ਪਾਕਿਸਤਾਨ ’ਚ ਟੇਲੈਂਟ ਦੀ ਕੋਈ ਘਾਟ ਨਹੀਂ ਹੈ।”

# ਕੈਨੇਡਾ ਦੀ ਝੀਲ ’ਚ ਤੈਰਦਾ ਟਾਪੂ 30 ਕਿਲੋਮੀਟਰ ਦੂਰ ਪੁੱਜਾ

ਉੱਤਰੀ ਬ੍ਰਿਟਿਸ ਕੋਲੰਬੀਆ ਦੀ ਵਿਲਿਸਟਨ ਝੀਲ ਵਿੱਚ ਅਜਿਹਾ ਟਾਪੂ ਤੈਰ ਰਿਹਾ ਹੈ, ਜਿਸ ਨੇ ਲੋਕਾਂ ਦੀ ਹੈਰਾਨੀ ਦੇ ਨਾਲ-ਨਾਲ ਬੀ ਸੀ ਹਾਈਡਰੋ ਦੀ ਚਿੰਤਾ ਵੀ ਵਧਾ ਦਿੱਤੀ ਹੈ। ਪਾਣੀ ਦੇ ਵਿਚਕਾਰ ਅਚਾਨਕ ਉੱਭਰਿਆ ‘ਟਾਪੂ’ ਹੁਣ ਖੁਦ ਪਾਣੀ ਨਾਲ ਹੀ ਆਪਣੀ ਥਾਂ ਬਦਲ ਰਿਹਾ ਹੈ। ਦਰੱਖਤਾਂ, ਝਾੜੀਆਂ ਅਤੇ ਬਨਸਪਤੀ ਨਾਲ ਢਕਿਆ ਇਹ ਵਿਸਾਲ ਤੈਰਦਾ ਢਾਂਚਾ ਸਿਰਫ ਦੋ ਹਫਤਿਆਂ ਵਿੱਚ ਕਰੀਬ 30 ਕਿਲੋਮੀਟਰ ਦੂਰ ਵਹਿ ਗਿਆ ਹੈ ਪਹਿਲੀ ਨਜਰ ਵਿੱਚ ਇਹ ਕਿਸੇ ਅਸਲੀ ਟਾਪੂ ਵਰਗਾ ਦਿਖਾਈ ਦਿੰਦਾ ਹੈ ਪਰ ਇਸ ਦੇ ਹੇਠਾਂ ਕੋਈ ਠੋਸ ਜਮੀਨ ਨਹੀਂ। ਅਧਿਕਾਰੀਆਂ ਮੁਤਾਬਕ ਇਹ ਲੱਕੜਾਂ, ਮਿੱਟੀ, ਜੜ੍ਹਾਂ, ਸੜ ਰਹੇ ਜੈਵਿਕ ਮਲਬੇ ਅਤੇ ਬਨਸਪਤੀ ਦਾ ਵੱਡਾ, ਪਰ ਅਸਥਿਰ ਤੈਰਦਾ ਢੇਰ ਹੈ।



21 ਜੁਲਾਈ ਨੂੰ ਯੂਰੋਪੀਅਨ ਸਪੇਸ ਏਜੰਸੀ ਦੇ ਸੈਂਟੀਨੇਲ-2 ਸੈਟੇਲਾਈਟ ਨੇ ਇਸ ਨੂੰ ਪਹਿਲੀ ਵਾਰ ਪਾਣੀ ਵਿੱਚ ਹਰੇ ਧੱਬੇ ਵਾਂਗ ਦਰਜ ਕੀਤਾ ਸੀ। ਉਸ ਵੇਲੇ ਇਹ ਡਬਲਿਊ ਏ ਸੀ ਬੈਨੇਟ ਡੈਮ ਤੋਂ ਤਕਰੀਬਨ 100 ਕਿਲੋਮੀਟਰ ਪੱਛਮ ਵੱਲ ਸੀ। ਬਾਅਦ ਵਿੱਚ ਇਹ ਨਜਰੋਂ ਓਹਲੇ ਹੋ ਗਿਆ। 31 ਅਗਸਤ ਨੂੰ ਇਹ ਓਸਪਿਕਾ ਦਰਿਆ ਨੇੜੇ ਮੁੜ ਦਿਖਾਈ ਦਿੱਤਾ। ਇਸ ਦੀਆਂ ਤਸਵੀਰਾਂ ਅਤੇ ਵੀਡੀਓ ਮੈਕੈਂਜੀ ਖੇਤਰ ਦੇ ਵਸਨੀਕ ਅਤੇ ਕਿਸਤੀ ਚਾਲਕ ਰੋਕੀ ਐਵਰੀ ਨੇ ਸੋਸਲ ਮੀਡੀਆ ’ਤੇ ਸਾਂਝੀਆਂ ਕੀਤੀਆਂ ਹਨ। ਵੀਡੀਓ ਵਿੱਚ ਕਿਸਤੀ ਦੀਆਂ ਲਹਿਰਾਂ ਨਾਲ ਇਹ ‘ਟਾਪੂ’ ਪਾਣੀ ਉੱਤੇ ਉੱਪਰ-ਹੇਠਾਂ ਹੁੰਦਾ ਦਿਖਾਈ ਦਿੰਦਾ ਹੈ।

ਬੀਸੀ ਹਾਈਡਰੋ ਦੇ ਬੌਬ ਗੇਮਰ ਮੁਤਾਬਕ ਸੰਭਾਵਨਾ ਹੈ ਕਿ ਇਹ ਸਮੱਗਰੀ ਕਈ ਸਾਲਾਂ ਤੋਂ ਕਿਸੇ ਸੁਰੱਖਿਅਤ ਖਾੜੀ ਵਿੱਚ ਕੰਢੇ ਨਾਲ ਇਕੱਠੀ ਹੋ ਰਹੀ ਸੀ। ਇਸ ਸਾਲ ਵਿਲਿਸਟਨ ਜਲ ਭੰਡਾਰ ਵਿੱਚ ਪਾਣੀ 14 ਸਾਲਾਂ ਵਿੱਚ ਪਹਿਲੀ ਵਾਰ ਪੂਰੀ ਸਮਰੱਥਾ ਤੱਕ ਪਹੁੰਚਿਆ। ਵਧੇ ਪਾਣੀ ਨੇ ਸਾਇਦ ਇਸ ਭਾਰੀ ਢੇਰ ਨੂੰ ਕੰਢੇ ਤੋਂ ਤੋੜ ਕੇ ਪਾਣੀ ਵਿੱਚ ਛੱਡ ਦਿੱਤਾ। ਤਕਰੀਬਨ 140 ਮੀਟਰ ਲੰਮੇ ਅਤੇ 70 ਮੀਟਰ ਚੌੜੇ ਇਸ ਤੈਰਦੇ ਢਾਂਚੇ ਬਾਰੇ ਹੁਣ ਸੁਰੱਖਿਆ ਚਿੰਤਾ ਵਧ ਗਈ ਹੈ। ਬੀ ਸੀ ਹਾਈਡਰੋ ਅਨੁਸਾਰ ਤੇਜ ਹਵਾ, ਵੱਡੀਆਂ ਲਹਿਰਾਂ ਜਾਂ ਕਿਸੇ ਕਿਸਤੀ ਦੀ ਟੱਕਰ ਇਸ ਨੂੰ ਟੁਕੜਿਆਂ ਵਿੱਚ ਵੰਡ ਸਕਦੀ ਹੈ। ਇਸ ਲਈ ਉਸ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਜੀਬ ਤੈਰਦੇ ਟਾਪੂ ਨੂੰ ਦੂਰੋਂ ਦੇਖਣ ਪਰ ਕਿਸਤੀ ਲੈ ਕੇ ਇਸ ਦੇ ਨੇੜੇ ਜਾਣ ਜਾਂ ਇਸ ਉੱਤੇ ਚੜ੍ਹ ਕੇ ਇਸ ਦਾ ਭੇਤ ਜਾਣਨ ਦੀ ਕੋਸਿਸ ਨਾ ਕਰਨ।

# ਨੇਪਾਲ ਨੇ ਜਲਵਾਯੂ ਤਬਦੀਲੀ ਕਾਰਨ ਹੋਏ ਨੁਕਸਾਨ ਲਈ ਮੁਆਵਜਾ ਮੰਗਿਆ

ਨੇਪਾਲ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਲਈ ਜਲਵਾਯੂ ਪਰਿਵਰਤਨ ਨੂੰ ਜਿੰਮੇਵਾਰ ਠ f ਹ ਰ ਾ ਉ ਂ f ਦ ਆ ਂ ਕੌਮਾਂਤਰੀ ਪੱਧਰ ’ਤੇ ਮੁਆਵਜਾ ਲੈਣ ਦੀ ਮੁਹਿੰਮ ਵਿੱਢ ਦਿੱਤੀ ਹੈ। ਵਿਦੇਸ ਮੰਤਰੀ ਸ਼ਿਸਿਰ ਖਨਾਲ ਨੇ ਸਪੱਸਟ ਕੀਤਾ ਹੈ ਕਿ ਆਫਤ ਮਗਰੋਂ ਮਿਲਣ ਵਾਲੀ ਸਹਾਇਤਾ ਨੂੰ ਦਾਨ ਨਹੀਂ, ਸਗੋਂ ਵੱਧ ਗੈਸਾਂ ਛੱਡਣ ਵਾਲੇ ਮੁਲਕਾਂ ਦੀ ਇਖਲਾਕੀ ਜਿੰਮੇਵਾਰੀ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੇਪਾਲ ਵੱਲੋਂ ਗਰੀਨਹਾਊਸ ਗੈਸਾਂ ਦਾ ਨਿਕਾਸ ਨਾਮਾਤਰ ਹੈ, ਪਰ ਗਲੇਸੀਅਰ ਪਿਘਲਣ ਅਤੇ ਪਹਾੜੀ ਆਫਤਾਂ ਦਾ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਨੂੰ ਹੀ ਝੱਲਣਾ ਪੈ ਰਿਹਾ ਹੈ। ਵਿਦੇਸ ਮੰਤਰੀ ਨੇ ਅਮਰੀਕਾ, ਚੀਨ ਅਤੇ ਭਾਰਤ ਨੂੰ ਸਭ ਤੋਂ ਵੱਧ ਗੈਸਾਂ ਛੱਡਣ ਵਾਲੇ ਮੁਲਕ ਦੱਸਦਿਆਂ ਕਿਹਾ ਕਿ ਇਸ ਨੁਕਸਾਨ ਦੀ ਪੂਰਤੀ ਕਰਨਾ ਉਨ੍ਹਾਂ ਦੀ ਮੁੱਢਲੀ ਜਿੰਮੇਵਾਰੀ ਬਣਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ



ਹਿਮਾਲਿਆ ਦੇ ਗਲੇਸੀਅਰ ਖਤਮ ਹੋ ਗਏ, ਤਾਂ ਦੱਖਣੀ ਏਸੀਆ ਦੇ ਦੋ ਅਰਬ ਤੋਂ ਵੱਧ ਲੋਕਾਂ ਲਈ ਪਾਣੀ ਦਾ ਸੰਕਟ ਖੜ੍ਹਾ ਹੋ ਜਾਵੇਗਾ। ਦੂਜੇ ਪਾਸੇ, ਭਾਰਤ ਦਾ ਕਹਿਣਾ ਹੈ ਕਿ ਵਿਕਾਸਸੀਲ ਦੇਸਾਂ ਦੀਆਂ ਵਿਕਾਸ ਸਬੰਧੀ ਜਰੂਰਤਾਂ ਅਤੇ ਪਿਛਲੇ ਸਮੇਂ ਦੌਰਾਨ ਗੈਸਾਂ ਦੇ ਨਾਂਮਾਤਰ ਨਿਕਾਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਭਾਰਤ ਮੁਤਾਬਕ ਪੱਛਮੀ ਦੇਸਾਂ ਨੇ ਸਭ ਤੋਂ ਪਹਿਲਾਂ ਉਦਯੋਗੀਕਰਨ ਕੀਤਾ ਸੀ, ਇਸ ਲਈ ਵਿਕਾਸਸੀਲ ਦੇਸਾਂ ਦੀ ਮਦਦ ਕਰਨਾ ਉਨ੍ਹਾਂ ਦੀ ਮੁੱਖ ਜਿੰਮੇਵਾਰੀ ਹੈ।

# ਤਿੰਨ ਡੀ. ਸੀ

ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033



ਜੇਬੀ, ਦੀਪੀ ਅਤੇ ਸੇਮੀ ਨੇ ਸੱਤਰਵਿਆਂ ਦੇ ਅੱਧ ਵਿੱਚ ਐਮ. ਏ ਕੀਤੀ। ਜੇਬੀ ਤੇ ਦੀਪੀ ਨੇ ਨਾਗਰਿਕ ਸ਼ਾਸਤਰ ਵਿੱਚ ਤੇ ਸੇਮੀ ਨੇ ਇਤਿਹਾਸ ਵਿੱਚ। ਪਹਿਲੇ ਦੋਨੋਂ ਜਨਰਲ ਕੈਟੇਗਰੀ ਵਿੱਚ ਸਨ ਤੇ ਸੇਮੀ ਰਾਖਵੀਂ ਕੈਟਾਗਰੀ ਚੋਂ ਸੀ। ਸੇਮੀ ਇੱਕ ਦਮ ਸਟੇਟ ਬੈਂਕ ਆਫ ਇੰਡੀਆ ਵਿੱਚ ਕਲਰਕ ਲੱਗ ਗਿਆ। ਉਸ ਦੀ ਪੋਸਟਿੰਗ ਚੰਡੀਗੜ੍ਹ ਹੋ ਗਈ। ਜੇਬੀ ਤੇ ਦੀਪੀ ਦੀ ਐਮ. ਏ ਵਿੱਚ ਮਸਾਂ ਮਸਾਂ ਸੈਕਿੰਡ ਡਿਵੀਜ਼ਨ ਤਾਂ ਬਣ ਗਈ ਪਰੰਤੂ ਲੈਕਚਰਾਰ ਲੱਗਣ ਲਈ ਕਾਲਜਾਂ ਵਿੱਚ ਅਰਜ਼ੀ ਨਾ ਦੇ ਸਕੇ ਕਿਉਂਕਿ 1977 ਵਿੱਚ ਇਸ ਅਸਾਮੀ ਤੇ ਲੱਗਣ ਲਈ ਐਮ. ਫਿਲ ਦੀ ਯੋਗਤਾ ਹੋਣੀ ਜਰੂਰੀ ਹੋ ਗਈ ਸੀ। ਉਹ ਹੈਰਾਨ ਸਨ ਕਿ ਸੇਮੀ ਨੇ ਵੀ ਐਮ. ਏ ਵਿੱਚ ਮਸਾਂ ਮਸਾਂ ਸੈਕਿੰਡ ਡਿਵੀਜ਼ਨ ਲਈ ਸੀ ਉਹ ਫਿਰ ਵੀ ਬੈਂਕ ਵਿੱਚ ਕਲਰਕ ਚੁਣ ਹੋ ਗਿਆ ਸੀ। ਉਹ ਸੋਚੀ ਜਾਣ ਕਿ ਕਿਉਂ ਨਾ ਸੇਮੀ ਤੋਂ ਉੱਪਰਲੀ ਕੋਈ ਜਾਬ ਲੈ ਕੇ ਉਸਨੂੰ ਠਿੱਬੀ ਲਗਾਈ ਜਾਵੇ। ਵੈਸੇ ਤਿੰਨਾਂ ਨੇ ਇੱਕ ਹੀ ਕਾਲਜ ਦੇ ਵਿੱਚ ਐਮ. ਏ ਕੀਤੀਆਂ ਸਨ।

ਜੇਬੀ ਤੇ ਦੀਪੀ ਨੇ ਜਜ਼ਬਾਤੀ ਹੋ ਕੇ ਟੀਸੀ ਦੇ ਬੇਰ ਨੂੰ ਤੋੜਨ ਦੀ ਕੋਸ਼ਿਸ਼ ਕਰਨੀ ਚਾਹੀ। ਉਹਨਾਂ ਨੇ ਭਾਰਤੀ ਪ੍ਰਸ਼ਾਸਨਕ ਸੇਵਾਵਾਂ ਦੀ ਪ੍ਰੀਖਿਆ ਦੇਣ ਬਾਰੇ ਸੋਚ ਲਿਆ। ਇਸ ਸੰਬੰਧ ਵਿੱਚ ਉਹਨਾਂ ਨੇ ਸੇਮੀ ਨਾਲ ਕੋਈ ਗੱਲ ਨਹੀਂ ਸੀ ਕੀਤੀ। 1977 ਤੋਂ ਪਹਿਲਾਂ ਪੰਜਾਬ ਵਿੱਚ ਇਸ ਪ੍ਰੀਖਿਆ ਦਾ ਕੇਂਦਰ ਸਿਰਫ ਪਟਿਆਲਾ ਹੀ ਹੁੰਦਾ ਸੀ। ਹੁਣ 1978 ਵਿੱਚ ਚੰਡੀਗੜ੍ਹ ਵੀ ਇਸ ਪ੍ਰੀਖਿਆ ਦਾ ਕੇਂਦਰ ਬਣ ਚੁੱਕਾ ਸੀ। ਜੇਬੀ ਅਤੇ ਦੀਪੀ ਦੀ ਚੰਡੀਗੜ੍ਹ ਵਿਖੇ ਇਹ ਪ੍ਰੀਖਿਆ ਦੇਣ ਲਈ ਕੋਈ ਠਾਹਰ ਨਹੀਂ ਸੀ। ਉਹਨਾਂ ਨੇ ਸੋਚਿਆ ਕਿ ਸੇਮੀ ਹੁਣ ਇਸ ਸਾਲ ਇਸ ਪ੍ਰੀਖਿਆ ਲਈ ਅਰਜ਼ੀ ਤਾਂ ਨਹੀਂ ਦੇ ਸਕਦਾ ਸੀ ਕਿਉਂਕਿ ਤਾਰੀਖ ਕਾਫੀ ਪਹਿਲਾਂ ਲੰਘ ਚੁੱਕੀ ਸੀ। ਕਿਉਂ ਨਾ ਉਸ ਪਾਸ ਕੁਝ ਦਿਨਾਂ ਦੀ ਰਿਹਾਇਸ਼ ਕਰਕੇ ਉੱਥੇ ਪਰਚੇ ਦੇ ਲਏ ਜਾਣ। ਆਫਟਰ ਆਲ ਪਹਿਲਾਂ ਤਿੰਨਾਂ ਨੇ ਇੱਕ ਹੀ ਕਾਲਜ ਵਿੱਚ ਦੋ ਤਿੰਨ ਸਾਲ ਬਿਤਾਏ ਸਨ।

ਜਦ ਪ੍ਰੀਖਿਆ ਨੇੜੇ ਆਈ ਤਾਂ ਜੇਬੀ ਦੀ ਸੇਮੀ ਨਾਲ ਫੋਨ ਤੇ ਗੱਲ ਹੋਈ।

"ਕੀ ਹਾਲ ਏ, ਸੇਮੀ? ਜਾਬ ਕਿਵੇਂ ਚਲ ਰਹੀ ਏ?"

"ਮੈਂ ਤਾਂ ਬਹੁਤ ਠੀਕ ਹਾਂ। ਸੋਹਣੀ ਤਨਖਾਹ ਮਿਲ ਜਾਂਦੀ ਏ। ਤੁਸੀਂ ਸੁਣਾਓ ਕੀ ਕਰ ਰਹੇ ਹੋ? ਨੌਕਰੀ ਲਈ ਕੋਈ ਕੋਸ਼ਿਸ਼ ਕੀਤੀ?"

"ਸੇਮੀ, ਸਧਾਰਨ ਐਮ. ਏ ਨੂੰ ਨੌਕਰੀ ਕਿੱਥੇ ਮਿਲਦੀ ਏ। ਨਾ ਹੀ ਅਸੀਂ ਬੀ. ਐੱਡ ਕੀਤੀ ਤੇ ਨਾ ਹੀ ਸਾਨੂੰ ਐਮ. ਫਿਲ ਵਿੱਚ ਸੀਟ ਮਿਲੀ। ਸਾਡੇ ਮਜਮੂਨ ਵਿੱਚ ਤਾਂ ਬਹੁਤ ਲੋਕ ਐਮ. ਏ ਕਰੀ ਫਿਰਦੇ ਨੇ।"

"ਖੇਤੀ ਦਾ ਕੰਮ ਕਿਵੇਂ? ਤੁਸੀਂ ਤਾਂ ਜੱਟ ਜਿਮੀਦਾਰ ਹੋ. ਛੇ ਸੱਤ ਕਿੱਲੇ ਜ਼ਮੀਨ ਵੀ ਹੈ ਤੁਹਾਡੇ ਦੋਹਾਂ ਦੇ ਮਾਪਿਆਂ ਪਾਸ?"

"ਸੇਮੀ, ਏਨਾ ਪੜ੍ਹ ਕੇ ਖੇਤੀ ਕਰਨ ਨੂੰ ਦਿਲ ਹੀ ਨਹੀਂ ਕਰਦਾ। ਖੇਤੀ ਚੋਂ ਬਚਦਾ ਵੀ ਕੁਝ ਨਹੀਂ। ਬਾਪੂ ਹਮੇਸ਼ਾ ਕਰਜਾਈ ਹੀ ਰਿਹਾ ਏ। ਕਦੀ ਖਾਦ ਦਾ ਕਰਜ਼ਾ, ਕਦੀ ਬੀਜਾਂ ਦਾ ਕਰਜ਼ਾ, ਕਦੀ ਹੜ੍ਹਾਂ ਨਾਲ ਫਸਲ ਮਰ ਗਈ, ਕਦੀ ਔੜ ਲੱਗ ਗਈ, ਕਦੀ ਭੈਣ ਦਾ ਵਿਆਹ ਆ ਗਿਆ, ਕਦੀ ਕੁਝ, ਕਦੀ ਕੁਝ। ਮਸਾਂ ਤਾਂ ਐਮ. ਏ ਕੀਤੀ ਏ। ਸਮਝ ਨਹੀਂ ਆਉਂਦਾ ਕੀ ਕਰੀਏ?"

"ਹੁਣ ਕੀ ਕਰ ਰਹੇ ਹੋ?"

"ਅਸੀਂ ਸੋਚ ਵਿਚਾਰ ਕਰਕੇ ਭਾਰਤੀ ਪ੍ਰਸ਼ਾਸਨਿਕ ਪ੍ਰੀਖਿਆ ਲਈ ਦਾਖਲਾ ਭਰ ਦਿੱਤਾ ਸੀ। ਇਸ ਦਾ ਪ੍ਰੀਲਿਮੀਨਰੀ ਹਿੱਸਾ ਅਸੀਂ ਪਾਸ ਕਰ ਲਿਆ ਏ। ਅਗਲੇ ਹਫਤੇ ਫਾਈਨਲ ਪ੍ਰੀਖਿਆ ਸ਼ੁਰੂ ਹੋਣ ਜਾ ਰਹੀ ਏ। ਸਾਡਾ ਪ੍ਰੀਖਿਆ ਕੇਂਦਰ ਚੰਡੀਗੜ੍ਹ ਏ। ਅਸੀਂ ਸੋਚਿਆ ਚੰਦ ਦਿਨ ਤੇਰੇ ਪਾਸ ਚੰਡੀਗੜ੍ਹ ਠਹਿਰ ਕੇ ਪਰਚੇ ਦੇ ਲਵਾਂਗੇ। ਕੀ ਖਿਆਲ ਏ? ਰਿਹਾਇਸ਼ ਤਾਂ ਤੇਰੇ ਪਾਸ ਚੰਗੀ ਏ। ਤੇਰੇ ਕਮਰੇ ਵਿੱਚ ਦੋ ਚਾਰਪਾਈਆਂ ਤਾਂ ਹਨ ਹੀ ਇੱਕ ਚਾਰਪਾਈ ਤੇ ਬਿਸਤਰੇ ਦਾ ਪ੍ਰਬੰਧ ਅਸੀਂ ਖੁਦ ਕਰ ਲਵਾਂਗੇ। ਮੌਸਮ ਤਾਂ ਗਰਮੀਆਂ ਦਾ ਹੀ ਏ। ਰਜਾਈਆਂ ਦੀ ਤਾਂ ਲੋੜ ਨਹੀਂ। ਖਾਣਾ ਅਸੀਂ ਬਾਹਰ ਪ੍ਰਿੰਸ ਢਾਬੇ ਤੇ ਖਾ ਲਿਆ ਕਰਾਂਗੇ।"

"ਮੋਸਟ ਵੈਲਕਮ। ਜਦ ਮਰਜ਼ੀ ਆਓ, ਪਿਆਰਿਓ। ਮੈਂ ਬੈਂਕ ਹੀ ਜਾਂਦਾ ਹਾਂ। ਬਾਕੀ ਸਮਾਂ ਮੈਂ ਵਿਹਲਾ ਹੀ ਹੁੰਦਾ ਹਾਂ। ਮੈਂ ਆਪਣਾ ਖਾਣਾ ਆਪ ਬਣਾਉਂਦਾ ਹਾਂ। ਤੁਹਾਡੇ ਲਈ ਵੀ ਬਣਾ ਦਿਆ ਕਰਾਂਗਾ। ਦੱਸੋ, ਕਦੋਂ ਆ ਰਹੇ ਹੋ?"

"ਅੱਜ ਵੀਰਵਾਰ ਏ। ਅਸੀਂ ਐਤਵਾਰ ਨੂੰ ਆ ਜਾਵਾਂਗੇ। ਮੰਗਲਵਾਰ ਨੂੰ ਪਹਿਲਾ ਪਰਚਾ ਏ।"

"ਨੋ ਪ੍ਰਾਬਲਮ। ਆ ਜਾਓ। ਤਿਆਰੀਆਂ ਕੈਸੀਆਂ ਹਨ?"

"ਤਿਆਰੀ ਬਸ ਚੱਲ ਹੀ ਰਹੀ ਏ। ਇੱਕ ਗੱਲ ਮਾਇੰਡ ਤਾਂ ਨਹੀਂ ਕਰੇਂਗਾ?"

"ਕੀ?"

"ਅਸੀਂ ਐਮ. ਏ ਕਰਦੇ ਸਮੇਂ ਲੁਕ ਛਿਪ ਕੇ ਆਪਣੇ ਮਾਪਿਆਂ ਤੋਂ ਚੋਰੀ ਸਿਗਰਟ ਪੀਣ ਲੱਗ ਪਏ ਸਾਂ। ਇਹ ਆਦਤ ਹੁਣ ਵੀ ਬਰਕਰਾਰ ਏ। ਤੂੰ ਤਾਂ ਇਸ ਲਿਆਮਤ ਤੋਂ ਦੂਰ ਏਂ। ਭਾਵੇਂ ਆਪਾਂ ਤਿੰਨੇ ਮੋਨੇ ਹਾਂ ਪਰ ਤੇਰਾ ਤੇ ਸਾਡਾ ਫਰਕ ਏ। ਕੀ ਇਵੇਂ ਤੇਰੀ ਸਾਡੇ ਨਾਲ ਦਾਲ ਗਲ ਜਾਊ?"

"ਜੇਬੀ, ਕੋਈ ਫਿਕਰ ਨਾ ਕਰ। ਮੈਂ ਬੜਾ ਖੁੱਲ੍ਹਦਿਲਾ ਹਾਂ। ਮੈਨੂੰ ਕਿਸੇ ਦੇ ਖਾਣ ਪੀਣ ਤੇ ਕੋਈ ਇਤਰਾਜ਼ ਨਹੀਂ। ਵੈਸੇ ਇਸ ਪ੍ਰਕਾਰ ਦੀਆਂ ਲਿਆਮਤਾਂ ਤੋਂ ਦੂਰ ਰਹਿਣਾ ਚਾਹੀਦਾ ਏ। ਤੁਸੀਂ ਜੱਟ ਹੁੰਦੇ ਹੋਏ ਵੀ ਇਹ ਆਦਤ ਪਾ ਲਈ ਮਾੜੀ ਗੱਲ ਏ।"

"ਸੇਮੀ ਕਾਲਜ ਵਿੱਚ ਦੋ ਤਿੰਨ ਹਿੰਦੂ ਮੁੰਡਿਆਂ ਦੇ ਨੇੜੇ ਆ ਗਏ ਸੀ। ਉਹ ਸਿਗਰਟ ਨੋਸ਼ੀ ਕਰਦੇ ਹੁੰਦੇ ਸਨ। ਦੂਜੀ ਗੱਲ ਫਿਲਮਾਂ ਵਿੱਚ ਕਈ ਐਕਟਰ ਜਦੋਂ ਸਿਗਰਟ ਲਗਾ ਕੇ ਘੈਂਟ ਜਿਹਾ ਡਾਇਲਾਗ ਬੋਲਦੇ ਹਨ ਤਾਂ ਉਹ ਬੜਾ ਵਧੀਆ ਪ੍ਰਭਾਵ ਛੱਡਦੇ ਹਨ। ਰਾਜਕੁਮਾਰ ਡਾਇਲਾਗ ਬੋਲ ਕੇ ਧਰਤੀ ਹਿਲਾ ਦਿੰਦਾ ਹੈ। ਅਸੀਂ ਪ੍ਰਭਾਵਿਤ ਹੋ ਕੇ ਸ਼ੁਗਲ ਸ਼ੁਗਲ ਵਿੱਚ ਸਿਗਰਟ ਪੀਣ ਲੱਗ ਪਏ।"

"ਕੋਈ ਗੱਲ ਨਹੀਂ, ਜੇਬੀ। ਜੀਵਨ ਸ਼ੈਲੀ ਹਰ ਇੱਕ ਦੀ ਆਪਣੀ ਆਪਣੀ ਏ। ਮੈਂ ਤਾਂ ਨੇਕ ਸਲਾਹ ਹੀ ਦੇ ਸਕਦਾ ਹਾਂ। ਬਾਕੀ ਤੁਸੀਂ ਆਪਣੀ ਮਰਜ਼ੀ ਕਰੋ। ਆ ਜਾਇਓ। ਕਦੀ ਕਦੀ ਮੈਂ ਵੀ ਤੁਹਾਡੇ ਆਮ ਗਿਆਨ ਦੇ ਪਰਚੇ ਦੀ ਤਿਆਰੀ ਤੋਂ ਕੁਝ ਨਾ ਕੁਝ ਸਿੱਖ ਲਿਆ ਕਰਾਂਗਾ।"

ਐਤਵਾਰ ਨੂੰ ਜੇਬੀ ਤੇ ਦੀਪੀ ਦੋਨੋਂ ਚੰਡੀਗੜ੍ਹ ਸੇਮੀ ਦੇ ਕਮਰੇ ਵਿੱਚ 15 ਸੈਕਟਰ ਪਹੁੰਚ ਗਏ। ਉੱਥੇ ਜਾ ਕੇ ਉਹਨਾਂ ਨੇ ਚਾਰਪਾਈ ਖਰੀਦ ਲਈ। ਇੱਕ ਤਲਾਈ, ਦੋ ਚਾਦਰਾਂ ਤੇ ਦੋ ਖੇਸੀਆਂ ਉਹ ਆਪਣੇ ਨਾਲ ਆਪਣੇ ਘਰੋਂ ਲੈ ਗਏ। ਸੁਪਨਿਆਂ ਤੇ ਸੌਦਾਗਰ ਆਪਣੇ ਮੰਗਲਵਾਰ ਨੂੰ ਹੋਣ ਵਾਲੇ ਪਰਚੇ ਦੀ ਤਿਆਰੀ ਵੀ ਕਰੀ ਜਾਣ ਤੇ ਆਮ ਗਿਆਨ ਦੇ ਪਰਚੇ ਬਾਰੇ ਵੀ ਵਿਚਾਰ ਸਾਂਝੇ ਕਰੀ ਜਾਣ, ਨਾਲ ਨਾਲ ਸਿਗਰਟਾਂ ਸੁਲਘਾ ਕੇ ਮੂੰਹ ਚੋਂ ਧੂਏ ਦੇ ਵਰੋਲੇ ਵੀ ਕੱਢੀ ਜਾਣ। ਕਮਰੇ ਵਿੱਚ ਐਸ਼ ਟਰੇ ਤਾਂ ਹੈ ਹੀ ਨਹੀਂ ਸੀ। ਪਹਿਲਾਂ ਸੇਮੀ ਨੇ ਇੱਕ ਪਲੇਟ ਐਸ਼ ਟਰੇ ਦੇ ਤੌਰ ਤੇ ਰੱਖ ਦਿੱਤੀ। ਸੋਮਵਾਰ ਨੂੰ ਸੇਮੀ ਜਾਬ ਤੇ ਚਲਾ ਗਿਆ। ਇਹ ਟਰੇ ਦੋ ਦਿਨਾਂ ਵਿੱਚ ਹੀ ਭਰ ਗਈ। ਸੇਮੀ ਨੇ ਟਰੇ ਆਪ ਹੀ ਖਾਲੀ ਕਰ ਦਿੱਤੀ। ਵਾਰ ਵਾਰ ਟਰੇ ਰੱਖਣ ਦੀ ਘੌਲ ਕਰਦਿਆਂ ਸੇਮੀ ਨੇ ਰਸੋਈ ਦੇ ਕੋਨੇ ਤੇ ਪਈ ਇੱਕ ਪੁਰਾਣੀ ਪਲਾਸਟਿਕ ਦੀ ਬਾਲਟੀ ਹੀ ਟਰੇ ਦੇ ਤੌਰ ਤੇ ਵਰਤਣ ਲਈ ਰੱਖ ਦਿੱਤੀ। ਉਹ ਬਾਲਟੀ ਪੁਰਾਣੀ ਸੀ ਤੇ ਸੇਮੀ ਹੁਣ ਇਸਨੂੰ ਬਹੁਤ ਘੱਟ ਵਰਤਦਾ ਸੀ। ਪਰਚਿਆਂ ਦੀ ਤਿਆਰੀ ਘੱਟ ਹੋਵੇ ਸੁਪਨੇ ਵੱਧ ਸਿਰਜੇ ਜਾਣ ਤੇ ਧੂਏਂ ਦੇ ਵਰੋਲੇ ਵੱਧ ਕੱਢੇ ਜਾਣ। ਸੇਮੀ ਦੀਆਂ ਚੁਗਲੀਆਂ ਵੀ ਕੀਤੀਆਂ ਜਾਣ।

"ਇੱਕ ਵਾਰ ਇਮਤਿਹਾਨ ਪਾਸ ਕਰ ਲਈਏ ਫਿਰ ਦੱਸਾਂਗੇ ਇਹਨਾਂ ਸਰਕਾਰ ਦੇ ਜਵਾਈ ਅਨੁਸੂਚਿਤ ਜਾਤੀ ਵਾਲਿਆਂ ਨੂੰ ਕਿ ਕਿਸ ਭਾਅ ਵਿਕਦੀ ਏ। ਇਹ ਸਾਲੇ ਝੱਟ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਮੂਹਰੇ ਕਰਕੇ ਨੌਕਰੀ ਲੈ ਲੈਂਦੇ ਨੇ ਤੇ ਘੱਟ ਸਕੋਰ ਲੈ ਕੇ ਵੀ ਨੌਕਰੀ ਵਾਸਤੇ ਚੁਣੇ ਜਾਂਦੇ ਨੇ।ਟਾਟ ਦੀਆਂ ਜੁੱਲੀਆਂ ਨੂੰ ਰੇਸ਼ਮ ਦੇ ਬਖੀਏ!

ਹੁਣ ਅਸੀਂ ਵੀ ਇਹਨਾਂ ਨੂੰ ਡੀ. ਸੀ ਬਣ ਕੇ ਦੱਸਾਂਗੇ। ਇਹ ਕਲਰਕੀਆਂ ਛਲਰਕੀਆਂ ਤਾਂ ਝੱਟ ਲੈ ਲੈਂਦੇ ਨੇ ਪ੍ਰੰਤੂ ਵੱਡੇ ਇਮਤਿਹਾਨ ਇਨ੍ਹਾਂ ਤੋਂ ਵੀ ਬਹੁਤ ਘੱਟ ਪਾਸ ਹੁੰਦੇ ਨੇ----------।" ਜੇਬੀ ਸਿਗਰਟ ਦੇ ਧੂਏ ਤੇ ਗੋਲੇ ਬਣਾਉਂਦਾ ਬੋਲਦਾ ਗਿਆ।

"ਦੋਸਤਾ, ਸਾਡੀਆਂ ਬੇੜੀਆਂ ਚ ਵੱਟੇ ਸੰਵਿਧਾਨ ਨੇ ਪਾਏ ਨੇ। ਇਹ ਵੱਟੇ ਤਾਂ ਪਏ ਸਨ ਦਸ ਸਾਲ ਲਈ। ਫਿਰ ਸਨ 60 ਤੋਂ 70 ਤੱਕ ਲਈ ਕਰ ਦਿੱਤੇ ਗਏ। ਸਰਕਾਰ ਇਹਨਾਂ ਦੀ ਪੈਸੇ ਨਾਲ ਮਦਦ ਕਰਦੀ ਰਹਿੰਦੀ ਤਾਂ ਕੋਈ ਗੰਭੀਰ ਮਸਲਾ ਨਹੀਂ ਸੀ। ਜਿਹੜਾ ਮੈਰਿਟ ਵਿੱਚ ਰਿਆਇਤ ਦੇ ਕੇ ਦੇਸ਼ ਦਾ ਬੇੜਾ ਗਰਕ ਕੀਤਾ, ਇਹ ਨਾ ਕਾਬਲੇ ਬਰਦਾਸ਼ਤ ਏ। ਸਰਕਾਰਾਂ ਇਸ ਰਿਆਇਤ ਨੂੰ ਸਿਆਸੀ ਤੌਰ ਤੇ ਕੈਸ਼ ਕਰਦੀਆਂ ਰਹੀਆਂ। ਦੇਸ਼ ਦੀਆਂ ਉੱਚੀਆਂ ਪੋਸਟਾਂ ਤੇ ਘੱਟ ਮੈਰਿਟ ਵਾਲੇ ਬੰਦੇ ਬਿਰਾਜਮਾਨ ਹੁੰਦੇ ਗਏ -------- ਦੇਸ਼ ਦਾ ਸਿਸਟਮ ਨਿਘਰਦਾ ਗਿਆ। ਪਿੱਦੀਆਂ ਵੀ ਪੀਂਘਾਂ ਪਾਉਣ ਲਾ ਦਿੱਤੀਆਂ।" ਦੀਪੀ ਗੱਲਾਂ ਗੱਲਾਂ ਵਿੱਚ ਝਈਆ ਲੈਂਦਾ ਗਿਆ ਤੇ ਧੂਏਂ ਦੇ ਗੁਬਾਰੇ ਕੱਢਦਾ ਗਿਆ।

ਸਾਰੇ ਅੱਠ ਪਰਚੇ ਸਨ। ਜੇਬੀ ਤੇ ਦੀਪੀ ਪਰਚੇ ਦੇਣ ਜਾਂਦੇ ਰਹੇ। ਖਾਣਾ ਬਾਹਰ ਢਾਬੇ ਦੇ ਖਾਂਦੇ ਰਹੇ। ਸੇਮੀ ਇਹਨਾਂ ਨੂੰ ਚਾਹ ਬਣਾ ਕੇ ਦਿੰਦਾ ਸੀ। ਸੇਮੀ ਦੀ ਹਾਜ਼ਰੀ ਵਿੱਚ ਉਹ ਸੰਕੋਚ ਨਾਲ ਗੱਲ ਕਰਿਆ ਕਰਨ। ਜਦ ਉਹ ਜਾਬ ਤੇ ਗਿਆ ਹੋਵੇ ਤਾਂ ਖੁੱਲ ਕੇ ਨੌਕਰੀਆਂ ਵਿੱਚ ਰਾਖਵੇਂਕਰਨ ਦੀ ਭੰਡੀ ਕਰਿਆ ਕਰਨ। ਜਦ ਪਰਚਿਆਂ ਵਿੱਚ ਪਾੜਾ ਹੋਵੇ ਤਾਂ ਉਹ ਦਾਰੂ ਦੇ ਹਾੜੇ ਵੀ ਲਗਾ ਲਿਆ ਕਰਨ। ਦੋ ਕੁ ਵਾਰ ਤਾਂ ਉਹ ਸੇਮੀ ਤੋਂ ਸ਼ਰਾਬ ਦੀ ਪਾਰਟੀ ਲੈਣ ਲਈ ਵੀ ਪਿੱਛੇ ਪੈ ਗਏ। ਕਹਿਣ - ਤੂੰ ਤਾਂ ਜਾਬ ਤੇ ਲੱਗ ਕੇ ਕਦੀ ਸਾਡੀ ਸੇਵਾ ਹੀ ਨਹੀਂ ਕੀਤੀ। ਇੱਕ ਵਾਰ ਪਰਚਿਆਂ ਵਿੱਚ ਹਫਤੇ ਦਾ ਪਾੜਾ ਸੀ। ਦੋਨੋਂ ਸੇਮੀ ਨੂੰ ਪਿੰਜੌਰ ਗਾਰਡਨ ਲੈ ਗਏ। ਸੇਮੀ ਪੀਂਦਾ ਨਹੀਂ ਸੀ ਪਰੰਤੂ ਜੇਬੀ ਤੇ ਦੀਪੀ ਸ਼ਰਾਬ ਨਾਲ ਰੱਜ ਕੇ ਵਾਪਿਸ ਆਏ। ਸਾਰੇ ਪਰਚੇ ਡੇਢ ਕੁ ਮਹੀਨੇ ਵਿੱਚ ਖਤਮ ਹੋ ਗਏ। ਫਿਰ ਉਹ ਵਾਪਸ ਆਪਣੇ ਘਰਾਂ ਨੂੰ ਚਲੇ ਗਏ। ਉਹਨਾਂ ਦਾ ਸੇਮੀ ਪਾਸ ਡੇਢ ਮਹੀਨਾ ਰਹਿਣਾ ਸੇਮੀ ਅੰਦਰ ਇੱਕ ਨਵਾਂ ਜਜ਼ਬਾ ਪੈਦਾ ਕਰ ਗਿਆ। ਉਸਨੇ ਪਹਿਲਾਂ ਕਦੀ ਵੀ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰੀਖਿਆ ਦੇਣ ਬਾਰੇ ਨਹੀਂ ਸੀ ਸੋਚਿਆ। ਹੁਣ ਉਹ ਵੀ ਇਸ ਪ੍ਰੀਖਿਆ ਦੀ ਤਿਆਰੀ ਕਰਨ ਬਾਰੇ ਸੋਚਣ ਲੱਗ ਪਿਆ। ਆਫਟਰ ਆਲ ਓਹ ਵੀ ਇਤਿਹਾਸ ਦੀ ਐਮ. ਏ ਸੀ।

ਜੇਬੀ ਅਤੇ ਦੀਪੀ ਮੂਹਰੇ ਮਨਚਾਹੇ ਦੋ ਵਿਕਲਪ ਹੀ ਸਨ - ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰੀਖਿਆ ਪਾਸ ਕਰਕੇ ਕਿਸੇ ਉੱਚੇ ਅਹੁਦੇ ਤੇ ਨਿਯੁਕਤ ਹੋਣਾ ਜਾਂ ਬਾਹਰਲੇ ਕਿਸੇ ਦੇਸ਼ ਵਿੱਚ ਪੱਕੇ ਤੌਰ ਤੇ ਸੈੱਟ ਹੋਣਾ। ਖੇਤੀ ਕਰਨ ਨਾਲ ਜਾਂ ਕਿਤੇ ਕਲਰਕੀ ਕਰਨ ਨਾਲ ਉਹ ਸੰਤੁਸ਼ਟ ਨਹੀਂ ਸਨ। ਕਾਲਜ ਅਧਿਆਪਕ ਬਣਨ ਦੇ ਉਹ ਯੋਗ ਨਹੀਂ ਸਨ।

--------------------

--------------------

ਆਖਰ ਜੇਬੀ ਅਤੇ ਦੀਪੀ ਦੁਆਰਾ ਦਿੱਤੀ ਇਸ ਪ੍ਰੀਖਿਆ ਦਾ ਨਤੀਜਾ ਆ ਗਿਆ। ਦੋਵਾਂ ਨੂੰ ਇੰਟਰਵਿਊ ਦੀ ਕਾਲ ਨਹੀਂ ਆਈ। ਜੇਬੀ ਦੇ ਨੰਬਰ 45 ਫੀਸਦੀ ਤੇ ਦੀਪੀ ਦੇ 40 ਫੀਸਦੀ। ਉਸ ਸਾਲ ਜਨਰਲ ਕੈਟਾਗਰੀ ਵਾਲਿਆਂ ਨੂੰ 52 ਫੀਸਦੀ ਜਾਂ ਇਸ ਤੋਂ ਉੱਪਰ ਵਾਲਿਆਂ ਨੂੰ ਹੀ ਇੰਟਰਵਿਊ ਦੀ ਕਾਲ ਆਈ ਸੀ। ਇਸ ਪਾਸਿਓਂ ਦੋਹਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਹੁਣ ਦੋਨੋਂ ਅਖਬਾਰਾਂ ਦੇ ਵਿਆਹਾਂ ਸਬੰਧੀ ਇਸ਼ਤਿਹਾਰ ਪੜ੍ਹਨ ਵਿੱਚ ਸਾਰਾ ਧਿਆਨ ਲਗਾਉਣ ਲੱਗ ਪਏ। ਇੰਗਲੈਂਡ ਅਤੇ ਕੈਨੇਡਾ ਵਿੱਚ ਰਹਿੰਦੇ ਮਾਪਿਆਂ ਵੱਲੋਂ 90 ਫੀਸਦੀ ਕੇਸਾਂ ਵਿੱਚ ਪੰਜਾਬ ਚੋਂ ਡਾਕਟਰਾਂ ਤੇ ਇੰਜੀਨੀਅਰਾਂ ਦੀ ਮੰਗ ਕੀਤੀ ਗਈ ਹੁੰਦੀ ਸੀ। ਸੰਨ 1970 ਤੋਂ ਲੈ ਕੇ 2000 ਤੱਕ ਪੰਜਾਬ ਵਿੱਚ, ਖਾਸ ਕਰਕੇ ਦੁਆਬੇ ਵਿੱਚ, ਵਿਆਹ ਦੇ ਅਧਾਰ ਤੇ ਕੈਨੇਡਾ ਤੇ ਇੰਗਲੈਂਡ ਨੂੰ ਜਾਣ ਦੀ ਪੂਰੀ ਹਨੇਰੀ ਝੁੱਲੀ ਹੋਈ ਸੀ।



*ਜੇਬੀ ਅਤੇ ਦੀਪੀ ਮੂਹਰੇ ਮਨਚਾਹੇ ਦੋ ਵਿਕਲਪ ਹੀ ਸਨ - ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰੀਖਿਆ ਪਾਸ ਕਰਕੇ ਕਿਸੇ ਉਚੇ ਅਹੁਦੇ ਤੇ ਨਿਯੁਕਤ ਹੋਣਾ ਜਾਂ ਬਾਹਰਲੇ ਕਿਸੇ ਦੇਸ਼ ਵਿੱਚ ਪੱਕੇ ਤੌਰ ਤੇ ਸੈੱਟ ਹੋਣਾ। ਖੇਤੀ ਕਰਨ ਨਾਲ ਜਾਂ ਕਿਤੇ ਕਲਰਕੀ ਕਰਨ ਨਾਲ ਉਹ ਸੰਤੁਸ਼ਟ ਨਹੀਂ ਸਨ। ਕਾਲਜ ਅਧਿਆਪਕ ਬਣਨ ਦੇ ਉਹ ਯੋਗ ਨਹੀਂ ਸਨ।*

ਜਿਹੜਾ ਵਿਆਹ ਲੋਕਲ ਹੁੰਦਾ ਸੀ ਉਸਨੂੰ ਲੋਕ ਵਿਆਹ ਹੀ ਨਹੀਂ ਸਨ ਸਮਝਦੇ। ਬਾਹਰੋਂ ਆਏ ਘੱਟ ਪੜ੍ਹੇ ਜਾਂ ਨਾ ਮਾਤਰ ਪੜ੍ਹੇ ਮੁੰਡੇ ਤੇ ਮਰਦ ਪੰਜਾਬ ਚੋਂ ਬੀ. ਏ, ਐਮ. ਏ ਪਾਸ ਕੁੜੀਆਂ ਆਰਾਮ ਨਾਲ ਵਿਆਹ ਕੇ ਲੈ ਜਾਇਆ ਕਰਦੇ ਸਨ। ਬਾਹਰੋਂ ਆਈਆਂ ਬਹੁਤ ਘੱਟ ਪੜ੍ਹੀਆਂ ਲਿਖੀਆਂ ਕੁੜੀਆਂ ਪੰਜਾਬ ਵਿੱਚੋਂ ਡਾਕਟਰ ਤੇ ਇੰਜੀਨੀਅਰ ਆਰਾਮ ਨਾਲ ਵਿਆਹ ਕੇ ਲੈ ਜਾਇਆ ਕਰਦੀਆਂ ਸਨ। ਜੇਬੀ ਅਤੇ ਦੀਪੀ ਵਿਆਹ ਲਈ ਅਰਜ਼ੀਆਂ ਪਾਈ ਜਾਣ ਪਰ ਕੰਮ ਕਿਤੇ ਬਣੇ ਹੀ ਨਾ। ਆਖਰ ਜੇਬੀ ਦਾ ਟਾਂਕਾ ਤਾਂ ਇੱਕ ਇੰਗਲੈਂਡ ਤੋਂ ਕਲਫ ਕਰੀਮਾਂ ਲਾ ਕੇ ਆਈ ਪੰਜ ਕੁ ਜਮਾਤਾਂ ਪੜ੍ਹੀ ਕੁੜੀ ਨਾਲ ਫਿੱਟ ਹੋ ਗਿਆ। ਉਹ ਤਾਂ ਇੰਗਲੈਂਡ ਪਹੁੰਚ ਗਿਆ। ਉਸਦੀ ਕਦੀ ਕਦਾਈਂ ਚਿੱਠੀ ਆਉਂਦੀ ਹੁੰਦੀ ਸੀ ਕਿਉਂਕਿ ਉਦੋਂ ਮੋਬਾਇਲ ਫੋਨ ਨਹੀਂ ਹੁੰਦੇ ਸਨ। ਚਿੱਠੀ ਵਿੱਚ ਉਸਨੇ ਆਪਣੇ ਨਾਮ ਨਾਲ ਡੀ. ਸੀ. ਲਿਖਿਆ ਹੁੰਦਾ ਸੀ। ਮੈਂ ਜਵਾਬੀ ਖੱਤ ਵਿੱਚ ਲਿਖਿਆ,

"ਜੇਬੀ, ਤੂੰ ਹੁਣ ਆਪਣੇ ਆਪ ਨੂੰ ਅਜਾਇਬ ਸਿੰਘ ਡੀ. ਸੀ. ਕਹਿਲਾਉਣ ਲੱਗ ਪਿਆ ਏਂ। ਇਸ ਦਾ ਕੀ ਭਾਵ?

ਉਸਨੇ ਜਵਾਬ ਦਿੱਤਾ, "ਮੈਂ ਇੰਗਲੈਂਡ ਵਿੱਚ ਇੱਕ ਕੈਬਜ਼ ਟੈਕਸੀ ਕੰਪਨੀ ਵਿੱਚ ਡਰਾਈਵਰ ਹਾਂ ਭਾਵ ਡਰਾਈਵਰ ਕੰਬਰਲੈਂਡ ਕੈਬਜ਼। ਸਖੇਪ ਰੂਪ ਵਿੱਚ ਸਾਡੇ ਟੈਕਸੀ ਲਾਈਸੈਂਸ ਤੇ 'ਡੀ. ਸੀ.' ਲਿਖਿਆ ਹੁੰਦਾ ਏ।"

ਉਸਦੀ ਲਿਖਤ ਤੋਂ ਇਹ ਮਹਿਸੂਸ ਹੋਇਆ ਜਿਵੇਂ ਉਹ ਇੱਕ ਟੈਕਸੀ ਡਰਾਈਵਰ ਹੋ ਕੇ ਵੀ ਆਪਣੇ ਆਪ ਨੂੰ ਡੀ. ਸੀ. ਕਹਿਲਾ ਕੇ ਆਪਣੀ ਹਉਮੈ ਨੂੰ ਇਵੇਂ ਪੱਠੇ ਪਾ ਰਿਹਾ ਹੋਵੇ ਜਿਵੇਂ ਆਰ. ਐਮ. ਪੀ. ਆਪਣੇ ਆਪ ਨੂੰ ਡਾਕਟਰ ਅਖਵਾ ਕੇ ਪਾਉਂਦਾ ਹੈ। ਇੰਝ ਲੰਬਾ ਸਮਾਂ ਡੀ. ਸੀ. (Driver Cumberland Cabs) ਰਹਿਣ ਤੋਂ ਬਾਅਦ ਉਸਦੀ ਤਰੱਕੀ ਹੋ ਗਈ ਸੀ। ਹੁਣ ਉਹ ਟੈਕਸੀ ਦੇ ਔਖੇ ਅਤੇ ਜੋਖਮ ਭਰਪੂਰ ਕਿੱਤੇ ਤੋਂ ਮੁਕਤ ਹੋ ਕੇ ਇੱਕ ਡਾਕਖਾਨੇ ਦੇ ਵਿੱਚ ਚਿੱਠੀਆਂ ਛਾਂਟੀ ਕਰਨ (mail sorter) ਦੀ ਨੌਕਰੀ ਤੇ ਲੱਗ ਗਿਆ।

ਦੀਪੀ ਦਾ ਬਾਹਰ ਜਾਣ ਦਾ ਕੰਮ ਰਾਸ ਆਇਆ ਹੀ ਨਾ। ਉਸਨੂੰ ਪੰਜਾਬ ਵਿੱਚ ਹੀ ਇੱਕ ਮੈਟ੍ਰਿਕ ਪਾਸ ਸਾਧਾਰਨ ਦਿਖ ਵਾਲੀ ਲੜਕੀ ਨਾਲ ਸ਼ਾਦੀ ਕਰਨੀ ਪਈ। ਇਹਨਾਂ ਦੋਹਾਂ ਨੇ ਮਿਲ ਕੇ ਲੜਕੀਆਂ ਦਾ ਇੱਕ ਨਿੱਜੀ ਕਾਲਜ ਖੋਲ੍ਹ ਲਿਆ ਸੀ ਕਿਉਂਕਿ ਲੜਕੀਆਂ ਕਿਸੇ ਮਾਨਤਾ ਪ੍ਰਾਪਤ ਕਾਲਜ ਵਿੱਚ ਪੜ੍ਹੇ ਬਗੈਰ ਪ੍ਰਾਈਵੇਟ ਤੌਰ ਤੇ ਯੂਨੀਵਰਸਿਟੀ ਇਮਤਿਹਾਨ ਦੇ ਸਕਦੀਆਂ ਹੁੰਦੀਆਂ ਸਨ। ਇਸ ਕਾਲਜ ਦਾ ਨਾਮ ਚਰਨ ਕਮਲ ਕਾਲਜ ਫਾਰ ਵੋਮਨ ਸੀ। ਇਸ ਪ੍ਰਕਾਰ ਦੀਆਂ ਪ੍ਰਾਈਵੇਟ ਸੰਸਥਾਵਾਂ ਪੰਜਾਬ ਵਿੱਚ ਅੰਤਾਂ ਦੀਆਂ ਖੁੱਲੀਆਂ ਹੁੰਦੀਆਂ ਸਨ। ਇਹਨਾਂ ਵਿੱਚ ਅੰਤਾਂ ਦਾ ਕੰਪਟੀਸ਼ਨ ਹੋਇਆ ਕਰਦਾ ਸੀ। ਦਾਖਲਿਆਂ ਸਮੇਂ ਅੰਤਾਂ ਦੀ ਖਿੱਚੋਤਾਣ ਹੋਇਆ ਕਰਦੀ ਸੀ। ਦੀਪੀ ਤੇ ਉਸਦੀ ਪਤਨੀ ਔਖੇ ਸੌਖੇ ਸੰਸਥਾ ਚਲਾਉਂਦੇ ਰਹੇ। ਵੈਸੇ ਦੀਪੀ ਵੀ ਆਪਣੇ ਆਪ ਨੂੰ ਇਸ ਕਾਲਜ ਦਾ ਡਾਇਰੈਕਟਰ ਕਹਾ ਕੇ ਹੀ ਸੰਤੁਸ਼ਟ ਹੁੰਦਾ ਸੀ, ਭਾਵੇਂ ਉਹ ਕਾਲਜ ਨਿਰੀ ਦੁਕਾਨਦਾਰੀ ਹੀ ਸੀ। ਡਾਇਰੈਕਟਰ ਚਰਨ ਕਮਲ ਕਾਲਜ ਕਹਿਲਾਉਣ ਨਾਲ ਵੀ ਦੋ ਅੱਖਰਾਂ ਡੀ. ਸੀ. (DC) ਦਾ ਭੱਚਕ ਪੈਂਦਾ ਏ। ਸ਼ਾਇਦ ਇਹ ਦੋ ਅੱਖਰ ਹੁਣ ਤੱਕ ਦੀਪੀ ਦੀ ਮਨੋਬਿਰਤੀ ਦਾ ਹਿੱਸਾ ਹੀ ਸਨ।

ਹੱਦ ਤਾਂ ਉਦੋਂ ਹੋ ਗਈ ਜਦ ਮੈਂ ਇੱਕ ਵਾਰ ਦੀਪੀ ਨੂੰ ਮਿਲਿਆ ਤੇ ਕਿਹਾ, "ਕੀ ਤੇਰਾ ਕੋਈ ਬਿਜਨਸ ਕਾਰਡ ਵੀ ਏ?"

ਉਹ ਮੈਨੂੰ ਕਹਿੰਦਾ, "ਤੂੰ, ਯਾਰ, ਕਾਲਜ ਨੂੰ ਬਿਜਨਸ ਕਹੀ ਜਾਂਦਾ ਏਂ। ਕਾਲਜ ਇੱਕ ਅਕਾਦਮਿਕ ਸੰਸਥਾ ਹੁੰਦੀ ਏ, ਨਾ ਕਿ ਕਾਰੋਬਾਰ।"

ਮੈਂ ਇਸ ਬਾਰੇ ਉਸ ਨਾਲ ਬਹੁਤੀ ਬਹਿਸ ਨਹੀਂ ਕੀਤੀ। ਖੈਰ ਉਸਨੇ ਆਪਣਾ ਕਾਰਡ ਮੈਨੂੰ ਦੇ ਦਿੱਤਾ। ਇਹ ਇੱਕ ਮੁਲਾਇਮ ਜਿਹੇ ਖੂਬਸੂਰਤ ਕਾਗਜ਼ ਦੇ ਰੂਪ ਵਿੱਚ ਸੀ। ਉੱਪਰ ਲਿਖਿਆ ਸੀ ਹਰਦੀਪ ਸਿੰਘ ਡੀ. ਸੀ.।

ਮੈਂ ਪੁੱਛਿਆ, "ਇਸ ਡੀਸੀ ਦਾ ਕੀ ਮਤਲਬ ਏ?"

ਕਹਿੰਦਾ, "ਡਾਇਰੈਕਟਰ ਕਾਲਜ।"

ਇਸ ਤੋਂ ਬਾਅਦ ਮੈਂ ਉਸ ਨੂੰ ਕੁਝ ਨਾ ਪੁੱਛਿਆ।

ਸੋਮੀ ਲਈ ਜੇਬੀ ਅਤੇ ਦੀਪੀ ਦਾ ਉਸ ਪਾਸ ਚੰਡੀਗੜ੍ਹ ਠਹਿਰਨਾ ਵਰਦਾਨ ਸਾਬਿਤ ਹੋਇਆ ਸੀ। ਉਹ ਇਹਨਾਂ ਤੋਂ ਭਾਰਤੀ ਪ੍ਰਸ਼ਾਸਨਿਕ ਪ੍ਰੀਖਿਆ ਦੇ ਕਈ ਰਾਜ ਜਾਣ ਗਿਆ ਸੀ। ਉਹ ਪੂਰਾ ਅਨੁਸ਼ਾਸ਼ਿਤ ਸੀ। ਉਸ ਪਾਸ ਅਨੁਸੂਚ ਜਾਤੀ ਦਾ ਪ੍ਰਮਾਣ ਪੱਤਰ ਤਾਂ ਹੈ ਹੀ ਸੀ।

ਕੁਝ ਮਹੀਨਿਆਂ ਲਈ ਉਸਨੇ ਚੰਡੀਗੜ੍ਹ ਵਿੱਚ ਸ਼ਾਮ ਦੇ ਵੇਲੇ ਇੱਕ ਸਿਖਲਾਈ ਸੰਸਥਾ ਵਿੱਚ ਵੀ ਦਾਖਲਾ ਲੈ ਲਿਆ ਸੀ। ਉਸਦੀ ਬੈਂਕ ਦੇ ਦੋ ਕੁ ਹੋਰ ਕਰਮਚਾਰੀ ਵੀ ਵਿੱਚ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ। ਉਹ ਵੀ ਰਾਖਵੀਂ ਕੈਟਾਗਰੀ ਦੇ ਹੀ ਸਨ। ਇਹਨਾਂ ਦੀ ਆਪਸੀ ਗੱਲਬਾਤ ਨਾਲ ਇਹਨਾਂ ਦੀ ਆਮ ਗਿਆਨ ਦੇ ਪਰਚੇ ਦੀ ਤਿਆਰੀ ਬਹੁਤ ਵਧੀਆ ਹੁੰਦੀ ਗਈ। ਸੋਮੀ ਪਾਸ ਪੜ੍ਹਨ ਲਈ ਸਮਾਂ ਵੀ ਕਾਫੀ ਹੁੰਦਾ ਸੀ ਕਿਉਂਕਿ ਉਸ ਦੀ ਅਜੇ ਸ਼ਾਦੀ ਨਹੀਂ ਹੋਈ ਸੀ। ਉਸ ਨੂੰ ਕਿਸੇ ਨਸ਼ੇ ਦਾ ਵੀ ਐਬ ਨਹੀਂ ਸੀ। ਉਹ ਆਰਥਿਕ ਤੌਰ ਤੇ ਵੀ ਚੰਗਾ ਹੋਈ ਜਾ ਰਿਹਾ ਸੀ। ਉਸਨੂੰ ਚੰਡੀਗੜ੍ਹ ਰਹਿ ਕੇ ਇਹ ਵੀ ਪਤਾ ਲੱਗ ਗਿਆ ਕਿ ਪ੍ਰੀਖਿਆ ਐਨ. ਸੀ. ਈ. ਆਰ. ਟੀ (NCERT) ਦੀਆਂ ਸਪਸ਼ਟ, ਸੁਚੱਜੀਆਂ, ਸੰਖੇਪ, ਸਰਲ ਤੇ ਸੋਝੀ ਭਰਪੂਰ ਪੁਸਤਕਾਂ ਦੀ ਮਦਦ ਨਾਲ ਪਾਸ ਕੀਤਾ ਜਾ ਸਕਦਾ ਸੀ। ਉਸਦਾ ਮਜ਼ਮੂਨ ਇਤਿਹਾਸ ਵੀ ਇਸ ਪ੍ਰੀਖਿਆ ਨੂੰ ਪਾਸ ਕਰਨ ਦੇ ਕੁਝ ਅਨੁਕੂਲ ਸੀ।

ਉਸਨੇ ਮਿਹਨਤ ਕਰਕੇ ਪ੍ਰੀਖਿਆ ਦਿੱਤੀ। ਉਹ 46 ਫੀਸਦੀ ਸਕੋਰ ਲੈ ਗਿਆ। ਉਸ ਸਾਲ 44 ਫੀਸਦੀ ਤੇ ਇਸ ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਅਨੁਸੂਚਿਤ ਜਾਤੀਆਂ ਵਾਲੇ ਉਮੀਦਵਾਰਾਂ ਨੂੰ ਇੰਟਰਵਿਊ ਦੀ ਕਾਲ ਆ ਗਈ। ਸੋਮੀ ਨੇ ਦਿੱਲੀ ਜਾ ਕੇ ਇੰਟਰਵਿਊ ਦਿੱਤਾ ਤੇ ਉਹ ਚੁਣਿਆ ਗਿਆ। ਉਸ ਦੀ ਸ਼ਾਦੀ ਵੀ ਉਸਦੀ ਬਿਰਾਦਰੀ ਵਿੱਚ ਹੀ ਉਸਦੇ ਮਹਿਕਮੇ ਦੀ ਇੱਕ ਲੜਕੀ ਨਾਲ ਹੋ ਗਈ। ਸੋਮੀ ਪੰਜਾਬ ਦੇ ਇੱਕ ਜਲ੍ਹਿ ਦੇ ਡਿਪਟੀ ਕਮਿਸ਼ਨਰ ਦੇ ਤੌਰ ਤੇ 2015 ਵਿੱਚ ਸੇਵਾ ਮੁਕਤ ਹੋਇਆ ਸੀ। ਉਸ ਦੀ ਪਤਨੀ ਇੱਕ ਸਬ ਡਿਵੀਜ਼ਨ ਦੀ ਐਸ. ਡੀ. ਐਮ ਦੇ ਤੌਰ ਤੇ 2018 ਵਿੱਚ ਸੇਵਾ ਮੁਕਤ ਹੋਈ। ਇਸ ਪ੍ਰਕਾਰ ਇਹ ਤਿੰਨ ਦੋਸਤ ਡੀ. ਸੀ. ਬਣਨ ਦੇ ਉੱਚੇ ਅਹੁਦੇ ਤੇ ਪਹੁੰਚਣ ਦੀ ਤਮੰਨਾ ਰੱਖਦੇ ਰਹੇ। ਇੱਕ ਤਾਂ ਸੱਚਮੁੱਚ ਬਣ ਗਿਆ ਦੂਜੇ ਦੋਨੋਂ ਕਿਸਮਤ ਦੇ ਲਥੇੜਿਆਂ ਦੇ ਮਾਰੇ ਤੇ ਆਪਣੀਆਂ ਕਰਤੂਤਾਂ ਕਰਕੇ ਆਪਣੇ ਨਾਮ ਨਾਲ ਇੰਹ ਅਹੁਦਾ ਲਗਵਾਉਣ ਲਈ ਸਿਰਫ ਝੂਰਦੇ ਰਹੇ ਪਰੰਤੂ ਬਣ ਨਾ ਸਕੇ।

# ਪਾਕਿ 'ਚ ਮਿਟਾਈ ਜਾ ਰਹੀ ਧਾਰਮਿਕ ਵਿਰਾਸਤ

ਕੁਝ ਹੀ ਦਿਨ ਪਹਿਲਾਂ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੰਡੀ ਚੂੜਕਾਣਾ ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਨੂੰ ਸਥਾਨਕ ਪ੍ਰਸਾਸਨ ਅਤੇ ਭੂ-ਮਾਫੀਆ ਦੀ ਕਥਿਤ ਮਿਲੀਭੁਗਤ ਨਾਲ ਢਾਹੇ ਜਾਣ ਦੀ ਖਬਰ ਸਾਹਮਣੇ ਆਈ ਸੀ। ਇਸ ਮਾਮਲੇ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਬਲੋਚਿਸਤਾਨ ਦੀ ਰਾਜਧਾਨੀ ਕਵੇਟਾ ਵਿਚ ਲਗਪਗ 200 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਢਾਹ ਕੇ ਉਸ ਦੀ ਥਾਂ ਕਮਰਸੀਅਲ ਸਾਪਿੰਗ ਮਾਲ ਬਣਾਉਣ ਦੀ ਖਬਰ ਆ ਗਈ। ਹੁਣ ਇਸੇ ਕੜੀ ਵਿਚ ਪੰਜਾਬ ਸੂਬੇ ਦੇ ਨਾਰੋਵਾਲ ਜਿਲ੍ਹੇ ਦੇ ਸਿਰਜਾ ਪਿੰਡ ਵਿਚ ਸਵਾ ਸੌ ਸਾਲ ਤੋਂ ਵੱਧ ਪੁਰਾਣੇ ਹਿੰਦੂ ਮੰਦਰ ਨੂੰ ਢਾਹੇ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ।

ਇਹ ਘਟਨਾਵਾਂ ਸਿਰਫ ਤਿੰਨ ਇਮਾਰਤਾਂ ਦੇ ਢਹਿਣ ਦੀਆਂ ਘਟਨਾਵਾਂ ਨਹੀਂ ਹਨ। ਇਹ ਉਸ ਵੱਡੇ ਸਵਾਲ ਵੱਲ ਇਸਾਰਾ ਕਰਦੀਆਂ ਹਨ ਕਿ ਪਾਕਿਸਤਾਨ ਵਿਚ ਹਿੰਦੂਆਂ, ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਦੀ ਹੋਂਦ ਅਤੇ ਉਨ੍ਹਾਂ ਦੀ ਧਾਰਮਿਕ ਤੇ ਇਤਿਹਾਸਕ ਵਿਰਾਸਤ ਕਿੰਨੀ ਸੁਰੱਖਿਅਤ ਹੈ ?ਕਿਸੇ ਵੀ ਦੇਸ ਦੀ ਘੱਟ ਗਿਣਤੀ ਨੀਤੀ ਦੀ ਪਰਖ ਸਿਰਫ ਸੰਵਿਧਾਨ ਦੀਆਂ ਧਾਰਾਵਾਂ ਨਾਲ ਨਹੀਂ ਹੁੰਦੀ। ਇਸ ਦੀ ਅਸਲ ਪਰਖ ਇਸ ਗੱਲ ਤੋਂ ਹੁੰਦੀ ਹੈ ਕਿ ਉਸ ਦੇਸ ਦਾ ਆਮ ਘੱਟ ਗਿਣਤੀ ਨਾਗਰਿਕ ਆਪਣੇ ਧਰਮ, ਧਾਰਮਿਕ ਅਸਥਾਨਾਂ, ਜਾਇਦਾਦ ਅਤੇ ਪਛਾਣ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕਰਦਾ ਹੈ।

ਪਾਕਿਸਤਾਨ ਦਾ ਸੰਵਿਧਾਨ ਗੈਰ-ਮੁਸਲਮਾਨ ਨਾਗਰਿਕਾਂ ਨੂੰ ਧਾਰਮਿਕ ਆਜਾਦੀ ਅਤੇ ਆਪਣੇ ਧਰਮ ਅਨੁਸਾਰ ਜੀਵਨ ਬਤੀਤ ਕਰਨ ਦੇ ਅਧਿਕਾਰ ਦੀ ਗੱਲ ਕਰਦਾ ਹੈ ਪਰ ਜਮੀਨੀ ਹਕੀਕਤ ਕਈ ਵਾਰ ਇਨ੍ਹਾਂ ਸੰਵਿਧਾਨਕ ਗਾਰੰਟੀਆਂ ਨਾਲ ਮੇਲ ਨਹੀਂ ਖਾਂਦੀ। ਖਾਸ ਤੌਰ 'ਤੇ ਨਾਬਾਲਗ ਹਿੰਦੂ ਅਤੇ ਸਿੱਖ ਲੜਕੀਆਂ ਦੇ ਅਗਵਾ, ਜਬਰਦਸਤੀ ਧਰਮ ਪਰਿਵਰਤਨ, ਵਿਆਹ ਲਈ ਮਜਬੂਰ ਕਰਨ ਅਤੇ ਧਾਰਮਿਕ ਅਸਥਾਨਾਂ ਤੇ ਜਾਇਦਾਦਾਂ 'ਤੇ ਕਬਜਿਆਂ ਸਬੰਧੀ ਲੰਬੇ ਸਮੇਂ ਤੋਂ ਉੱਠ ਰਹੀਆਂ ਸਿਕਾਇਤਾਂ ਗੰਭੀਰ ਚਿੰਤਾ ਦਾ ਵਿਸਾ ਹਨ।

ਧਾਰਮਿਕ ਅਸਥਾਨਾਂ ਦੀ ਸੁਰੱਖਿਆ ਦਾ ਇਕ ਵੱਡਾ ਪੱਖ ਉਨ੍ਹਾਂ ਨਾਲ ਜੁੜੀ ਜਮੀਨ ਹੈ। ਜੇ ਮੰਦਰ ਜਾਂ ਗੁਰਦੁਆਰੇ ਦੀ ਇਮਾਰਤ ਬਚ ਵੀ ਜਾਵੇ ਪਰ ਉਸ ਦੀ ਜਮੀਨ 'ਤੇ ਕਬਜਾ ਹੋ ਜਾਵੇ ਤਾਂ ਕੁਝ ਸਮੇਂ ਬਾਅਦ ਉਸ ਧਾਰਮਿਕ ਅਸਥਾਨ ਦੀ ਹੋਂਦ ਆਪਣੇ ਆਪ ਖਤਰੇ ਵਿਚ ਪੈ ਜਾਂਦੀ ਹੈ।

ਦੇਸ ਵੰਡ ਤੋਂ ਬਾਅਦ ਵੱਡੀ ਗਿਣਤੀ ਵਿਚ ਹਿੰਦੂ ਤੇ ਸਿੱਖ ਭਾਰਤ ਆ ਗਏ ਤੇ ਪਾਕਿਸਤਾਨ 'ਚ ਉਨ੍ਹਾਂ ਵੱਲੋਂ ਛੱਡੇ ਗਏ ਮੰਦਰਾਂ, ਗੁਰਦੁਆਰਿਆਂ ਅਤੇ ਹੋਰ ਜਾਇਦਾਦਾਂ ਦੀ ਸੰਭਾਲ ਲਈ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਦੀ ਵਿਵਸਥਾ ਕੀਤੀ ਗਈ। ਭਾਰਤ-ਪਾਕਿਸਤਾਨ ਦਰਮਿਆਨ ਹੋਏ ਸਮਝੌਤਿਆਂ ਤੇ ਬਾਅਦ ਦੇ ਕਾਨੂੰਨੀ ਪ੍ਰਬੰਧਾਂ ਦਾ ਮਕਸਦ ਵੀ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਅਤੇ ਜਾਇਦਾਦਾਂ ਦੀ ਰੱਖਿਆ ਤੇ ਉਨ੍ਹਾਂ ਦਾ ਢੁੱਕਵਾਂ ਪ੍ਰਬੰਧ ਕਰਨਾ ਸੀ। ਇਸ ਲਈ ਸਵਾਲ ਸਿਰਫ ਇਹ ਨਹੀਂ ਕਿ ਪਾਕਿਸਤਾਨ ਵਿਚ ਕਿੰਨੇ ਮੰਦਰ ਜਾਂ ਗੁਰਦੁਆਰੇ ਹਨ। ਸਵਾਲ ਇਹ ਵੀ ਹੈ ਕਿ ਉਨ੍ਹਾਂ ਦੀ ਜਮੀਨ ਕਿਸ ਦੇ ਨਾਂ ਹੈ ? ਮਾਲਕੀ ਦਾ ਰਿਕਾਰਡ ਕਿੱਥੇ ਹੈ ? ਜਮੀਨ ਤੋਂ ਹੋਣ ਵਾਲੀ ਆਮਦਨ ਕਿੱਥੇ ਖਰਚ ਹੁੰਦੀ ਹੈ ? ਧਾਰਮਿਕ ਅਸਥਾਨਾਂ ਦੀ ਸੁਰੱਖਿਆ ਕੌਣ ਕਰਦਾ ਹੈ ? ਤੇ ਜੇ ਕਿਸੇ ਜਾਇਦਾਦ 'ਤੇ ਨਾਜਾਇਜ ਕਬਜਾ ਹੋ ਜਾਵੇ ਤਾਂ ਉਸ ਨੂੰ ਹਟਾਉਣ ਦੀ ਜਿੰਮੇਵਾਰੀ ਕਿਸ ਦੀ ਹੈ ? ਸਰਕਾਰੀ ਅੰਕੜਿਆਂ ਅਨੁਸਾਰ ਪਾਕਿਸਤਾਨ ਵਿਚ 14 ਕਾਰਜਸੀਲ ਅਤੇ 266 ਗੈਰ-ਕਾਰਜਸੀਲ ਹਿੰਦੂ ਮੰਦਰਾਂ ਅਤੇ 21 ਕਾਰਜਸੀਲ ਤੇ 51 ਗੈਰ-ਕਾਰਜਸੀਲ ਗੁਰਦੁਆਰੇ ਹਨ ਜਦਕਿ ਵਿਆਪਕ ਰਿਕਾਰਡਾਂ ਵਿਚ ਲਗਭਗ 1130 ਹਿੰਦੂ ਮੰਦਰਾਂ ਅਤੇ 517 ਗੁਰਦੁਆਰਿਆਂ ਦੀ ਗਿਣਤੀ ਦੱਸੀ ਜਾਂਦੀ ਹੈ। ਇਨ੍ਹਾਂ ਨਾਲ 1,09,404 ਏਕੜ ਵਾਹੀਯੋਗ ਜਮੀਨ ਅਤੇ 46,499 ਸਹਿਰੀ ਯੂਨਿਟਾਂ ਮੌਜੂਦ ਹਨ। ਇਨ੍ਹਾਂ ਤੋਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨੂੰ ਲਗਪਗ 650 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ। ਜੇ ਇੰਨੀ ਵੱਡੀ ਜਾਇਦਾਦ ਤੇ ਆਮਦਨ ਦੇ ਬਾਵਜੂਦ ਕੇਵਲ



14 ਮੰਦਰ ਤੇ 21 ਗੁਰਦੁਆਰੇ ਹੀ ਕਾਰਜਸੀਲ ਹਨ ਅਤੇ ਬਹੁਤ ਸਾਰੇ ਇਤਿਹਾਸਕ ਧਾਰਮਿਕ ਅਸਥਾਨ ਢਹਿ ਰਹੇ ਹਨ, ਬੰਦ ਪਏ ਹਨ ਜਾਂ ਉਨ੍ਹਾਂ ਦੀਆਂ ਜਮੀਨਾਂ 'ਤੇ ਕਬਜਿਆਂ ਦੇ ਦੋਸ ਲੱਗ ਰਹੇ ਹਨ ਤਾਂ ਇਹ ਜਵਾਬਦੇਹੀ ਦਾ ਗੰਭੀਰ ਸਵਾਲ ਹੈ।

ਆਜਾਦੀ ਤੋਂ ਪਹਿਲਾਂ ਮੁਹੰਮਦ ਅਲੀ ਜਿਨਾਹ ਨੇ ਇਹ ਵਿਸਵਾਸ ਦਿਵਾਇਆ ਸੀ ਕਿ ਪਾਕਿਸਤਾਨ ਵਿਚ ਲੋਕ ਆਪੋ-ਆਪਣੇ ਧਾਰਮਿਕ ਅਸਥਾਨਾਂ ਵਿਚ ਜਾਣ ਲਈ ਆਜਾਦ ਹੋਣਗੇ। ਅੱਜ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਨਾਲ ਵਾਪਰ ਰਹੀਆਂ ਘਟਨਾਵਾਂ ਇਸ ਵਚਨਬੱਧਤਾ ਦੀ ਭਾਵਨਾ 'ਤੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ।

ਪਾਕਿਸਤਾਨ ਵਿਚ ਮੰਦਰਾਂ ਦੀ ਭੰਨ-ਤੋੜ ਅਤੇ ਬੇਅਦਬੀ ਦੀਆਂ ਕਈ ਘਟਨਾਵਾਂ ਪਹਿਲਾਂ ਵੀ ਸਾਹਮਣੇ ਆ ਚੁੱਕੀਆਂ ਹਨ। ਸੰਨ 2014 ਵਿਚ ਡੇਰਾ ਇਸਮਾਈਲ ਖਾਨ ਵਿਚ ਇਤਿਹਾਸਕ ਕਾਲੀ ਬਾਰੀ ਮੰਦਰ ਨੂੰ ਤਾਜ ਹੋਟਲ ਵਜੋਂ ਬਦਲਣ ਅਤੇ ਹਿੰਦੂ ਸਮਸਾਨਘਾਟ ਦੀ ਜਮੀਨ 'ਤੇ ਕਥਿਤ ਕਬਜੇ ਦੇ ਮਾਮਲੇ ਸਾਹਮਣੇ ਆਏ। ਸੰਨ 2017 ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ ਵਿਚ ਕਟਾਸ ਰਾਜ ਮੰਦਰਾਂ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਦੌਰਾਨ ਮੂਰਤੀਆਂ ਦੇ ਗਾਇਬ ਹੋਣ ਤੇ ਮੰਦਰ ਪ੍ਰਬੰਧਨ ਨਾਲ ਜੁੜੇ ਗੰਭੀਰ ਸਵਾਲ ਉੱਠੇ।

2020 ਵਿਚ ਬਾਦਿਨ ਅਤੇ ਨਾਗਾਰਪਾਰਕਰ ਸਮੇਤ ਵੱਖ-ਵੱਖ ਥਾਵਾਂ 'ਤੇ ਮੰਦਰਾਂ ਦੀ ਤੋੜ-ਫੋੜ ਅਤੇ ਮੂਰਤੀਆਂ ਖੰਡਿਤ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ। ਸਿੰਧ ਦੇ ਖਿਪਰੋ ਵਿਚ ਕ੍ਰਿਸਨ ਜਨਮ ਅਸਟਮੀ ਮਨਾ ਰਹੇ ਹਿੰਦੂ ਸਰਧਾਲੂਆਂ 'ਤੇ ਹਮਲਾ ਅਤੇ ਮੰਦਰ ਦੀ ਭੰਨ-ਤੋੜ, ਜਦਕਿ ਪੰਜਾਬ ਦੇ ਭੋਂਗ, ਜਿਲ੍ਹਾ ਰਹੀਮ ਯਾਰ ਖਾਨ ਵਿਚ ਗਣੇਸ ਮੰਦਰ 'ਤੇ ਹਿੰਸਕ ਭੀੜ ਵੱਲੋਂ ਹਮਲਾ ਵੀ ਚਰਚਾ ਵਿਚ ਰਿਹਾ। ਖੈਬਰ ਪਖਤੂਨਖਵਾ ਦੇ ਕਰਕ ਜਿਲ੍ਹੇ ਦੇ ਟੇਰੀ ਪਿੰਡ 'ਚ ਵੀ ਮੰਦਰ ਦੀ ਭੰਨ-ਤੋੜ ਤੇ ਅੱਗਜਨੀ ਦੀ ਘਟਨਾ ਨੇ ਦੁਨੀਆ ਦਾ ਧਿਆਨ ਖਿੱਚਿਆ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਲਾਹੌਰ ਦੇ ਜੈਨ ਮੰਦਰ, ਅਨਾਰਕਲੀ ਬਾਜਾਰ ਦੇ ਬੰਸੀਧਰ ਮੰਦਰ ਤੇ ਸੀਤਲਾ ਦੇਵੀ ਮੰਦਰ ਸਮੇਤ ਕਈ ਹੋਰ ਇਤਿਹਾਸਕ ਧਾਰਮਿਕ ਅਸਥਾਨਾਂ ਨੂੰ ਵੀ ਸਮੇਂ-ਸਮੇਂ 'ਤੇ ਨੁਕਸਾਨ ਪਹੁੰਚਣ ਦੀਆਂ ਰਿਪੋਰਟਾਂ ਆਈਆਂ ਹਨ। ਇਹ ਘਟਨਾਵਾਂ ਵੱਖ-ਵੱਖ ਸਮਿਆਂ ਤੇ ਥਾਵਾਂ 'ਤੇ ਵਾਪਰੀਆਂ ਹੋਣ ਦੇ ਬਾਵਜੂਦ ਇਕ ਸਾਂਝਾ ਸਵਾਲ ਜਰੂਰ ਛੱਡਦੀਆਂ ਹਨ-ਕੀ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੀ ਰੱਖਿਆ ਲਈ ਮੌਜੂਦਾ ਪ੍ਰਬੰਧ ਕਾਫੀ ਹਨ ?

ਪਾਕਿਸਤਾਨ ਵਿਚ ਹਿੰਦੂ ਮੰਦਰਾਂ ਦੇ ਪ੍ਰਬੰਧਨ, ਪੂਜਾ-ਪਾਠ, ਵਿਦੇਸਾਂ ਤੋਂ ਆਉਣ ਵਾਲੇ ਹਿੰਦੂ ਸਰਧਾਲੂਆਂ ਦੀ ਯਾਤਰਾ, ਰਹਿਣ-ਸਹਿਣ ਅਤੇ ਸੁਰੱਖਿਆ ਆਦਿ ਲਈ ਦਸੰਬਰ 2021 ਵਿਚ ਪਾਕਿਸਤਾਨ ਹਿੰਦੂ ਮੰਦਰ ਪ੍ਰਬੰਧਕ ਕਮੇਟੀ ਬਣਾਈ ਗਈ ਸੀ। ਇਹ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ 'ਤੇ ਈਟੀਪੀਬੀ ਅਧੀਨ ਕੀਤਾ ਗਿਆ। ਪਰ ਸਿਰਫ ਕਮੇਟੀਆਂ ਬਣਾਉਣਾ ਕਾਫੀ ਨਹੀਂ। ਜਦ ਤੱਕ ਇਨ੍ਹਾਂ ਸੰਸਥਾਵਾਂ ਨੂੰ ਅਸਲ ਫੈਸਲਾ ਲੈਣ ਦੀ ਤਾਕਤ, ਪਾਰਦਰਸੀ ਵਿੱਤੀ ਪ੍ਰਬੰਧ ਅਤੇ ਆਪਣੀ ਵਿਰਾਸਤ ਦੀ ਰੱਖਿਆ ਲਈ ਪ੍ਰਭਾਵਸਾਲੀ ਅਧਿਕਾਰ ਨਹੀਂ ਮਿਲਦੇ, ਉਦੋਂ ਤੱਕ ਇਹ ਪ੍ਰਬੰਧ ਕਾਗਜੀ ਹੀ ਰਹਿਣ ਦਾ ਖਤਰਾ ਬਣਿਆ ਰਹੇਗਾ।

ਪਾਕਿਸਤਾਨ ਨੂੰ ਇਹ ਸਮਝਣਾ ਹੋਵੇਗਾ ਕਿ ਇਕ ਮੰਦਰ ਨੂੰ ਢਾਹੁਣਾ ਕੁਝ ਘੰਟਿਆਂ ਦਾ ਕੰਮ ਹੋ ਸਕਦਾ ਹੈ ਪਰ ਉਸ ਨਾਲ ਜੁੜੀ ਧਰੋਹਰ ਤੇ ਇਤਿਹਾਸ ਸਦੀਆਂ ਵਿਚ ਬਣਦੇ ਹਨ। ਜੇ ਕਿਸੇ ਮੰਦਰ ਦੀ ਜਗ੍ਹਾ ਮਦਰੱਸਾ, ਦੁਕਾਨ, ਮਕਾਨ ਜਾਂ ਕੋਈ ਹੋਰ ਇਮਾਰਤ ਖੜ੍ਹੀ ਕਰ ਦਿੱਤੀ ਜਾਵੇ ਤਾਂ ਨਵੀਂ ਇਮਾਰਤ ਭਾਵੇਂ ਕਿੰਨੀ ਵੀ ਸੁੰਦਰ ਹੋਵੇ, ਮਿਟ ਚੁੱਕਿਆ ਇਤਿਹਾਸ ਵਾਪਸ ਨਹੀਂ ਆਉਂਦਾ।

ਹਿੰਦੂ-ਸਿੱਖਾਂ ਨੂੰ ਕਾਫਰ ਮੰਨਣ ਵਾਲੇ ਇਸਲਾਮਿਕ ਕੱਟੜਪੰਥੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਧਰਮ ਦੇ ਨਾਂ 'ਤੇ ਕਿਸੇ ਹੋਰ ਧਰਮ ਦੀ ਵਿਰਾਸਤ ਨੂੰ ਮਿਟਾਉਣਾ ਨਾ ਧਰਮ ਦੀ ਜਿੱਤ ਹੈ ਅਤੇ ਨਾ ਹੀ ਰਾਜ ਦੀ ਤਾਕਤ। ਅਸਲ ਤਾਕਤ ਇਹ ਹੈ ਕਿ ਬਹੁ-ਗਿਣਤੀ ਸਮਾਜ ਆਪਣੇ ਨਾਲੋਂ ਕਮਜੋਰ ਸਮਝੇ ਜਾਂਦੇ ਭਾਈਚਾਰਿਆਂ ਦੇ ਹੱਕਾਂ ਦੀ ਵੀ ਉਸੇ ਤਰ੍ਹਾਂ ਰੱਖਿਆ ਕਰੇ, ਜਿਸ ਤਰ੍ਹਾਂ ਉਹ ਆਪਣੇ ਹੱਕਾਂ ਦੀ ਰੱਖਿਆ ਕਰਦਾ ਹੈ। ਸਰਹੱਦਾਂ ਇਤਿਹਾਸ ਨੂੰ ਨਹੀਂ ਮਿਟਾ ਸਕਦੀਆਂ। ਪਾਕਿਸਤਾਨ ਵਿਚ ਮੌਜੂਦ ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਸਥਾਨ ਕਿਸੇ 'ਦੁਸਮਣ ਦੀ ਜਾਇਦਾਦ' ਨਹੀਂ, ਸਗੋਂ ਉਸ ਧਰਤੀ ਦੇ ਬਹੁ-ਸੱਭਿਆਚਾਰਕ ਇਤਿਹਾਸ ਦੀਆਂ ਸਦੀਵੀ ਨਿਸਾਨੀਆਂ ਹਨ। ਇਨ੍ਹਾਂ ਦੀ ਰੱਖਿਆ ਕਿਸੇ ਭਾਈਚਾਰੇ 'ਤੇ ਅਹਿਸਾਨ ਨਹੀਂ, ਸਗੋਂ ਪਾਕਿਸਤਾਨ ਦੀ ਆਪਣੀ ਇਤਿਹਾਸਕ ਵਿਰਾਸਤ ਦੀ ਰੱਖਿਆ ਹੈ।

ਨਾਰੋਵਾਲ ਜਿਲ੍ਹੇ ਦੇ ਸਿਰਜਾ ਪਿੰਡ ਵਿਚ ਲਗਪਗ 1000 ਵਰਗ ਮੀਟਰ ਵਿਚ ਫੈਲਿਆ ਇਹ ਪੁਰਾਣਾ ਮੰਦਰ ਲਾਹੌਰ ਤੋਂ ਕਰੀਬ 130 ਕਿੱਲੋਮੀਟਰ ਦੂਰ ਹੈ। ਇਸ ਨਾਲ ਲੱਗਦੀ ਜਮੀਨ ਪਹਿਲਾਂ ਇਕ ਮਦਰੱਸੇ ਲਈ ਲੀਜ 'ਤੇ ਦਿੱਤੀ ਗਈ ਸੀ। ਕਿਰਾਇਆ ਅਦਾ ਨਾ ਹੋਣ ਕਾਰਨ ਲੀਜ ਰੱਦ ਕਰ ਦਿੱਤੀ ਗਈ ਪਰ ਇਸ ਦੇ ਬਾਵਜੂਦ ਉੱਥੇ ਨਾਜਾਇਜ ਕਬਜਾ ਬਣਿਆ ਰਿਹਾ। ਹੁਣ ਮਦਰੱਸੇ ਦੇ ਵਿਸਥਾਰ ਲਈ ਮੰਦਰ ਦੀ ਜਮੀਨ ਨੂੰ ਸਾਮਲ ਕਰਨ ਦੇ ਉਦੇਸ ਨਾਲ ਪਾਬੰਦੀਸੁਦਾ ਕੱਟੜਪੰਥੀ ਇਸਲਾਮੀ ਸੰਗਠਨ ਨਾਲ ਜੁੜੇ ਕੁਝ ਲੋਕਾਂ ਵੱਲੋਂ ਮੰਦਰ ਨੂੰ ਜਾਣਬੁੱਝ ਕੇ ਢਾਹ ਦਿੱਤਾ ਗਿਆ। ਹਾਲਾਂਕਿ ਪਾਕਿਸਤਾਨ ਦੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨਾਲ ਜੁੜੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਮੰਦਰ ਭਾਰੀ ਮੀਂਹ ਕਾਰਨ ਢਹਿ ਗਿਆ। ਸਵਾਲ ਇਹ ਹੈ ਕਿ ਜੇ ਮੰਦਰ ਕੁਦਰਤੀ ਕਾਰਨਾਂ ਕਰਕੇ ਢਹਿਆ ਹੈ ਤਾਂ ਇਸ ਦੀ ਸੁਤੰਤਰ ਤਕਨੀਕੀ ਜਾਂਚ ਕਰਵਾਉਣ ਵਿਚ ਕੀ ਹਰਜ ਹੈ ? ਤੇ ਜੇ ਇਹ ਜਾਣਬੁੱਝ ਕੇ ਢਾਹਿਆ ਗਿਆ ਹੈ ਤਾਂ ਦੋਸੀਆਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਕਾਰਵਾਈ ਕਿਉਂ ਨਾ ਹੋਵੇ ? ਦੋਵੇਂ ਹਾਲਾਤ ਵਿਚ ਪਾਕਿਸਤਾਨ ਸਰਕਾਰ ਨੂੰ ਮੰਦਰ ਦੀ ਮੁੜ ਉਸਾਰੀ, ਉਸ ਦੀ ਇਤਿਹਾਸਕ ਵਿਰਾਸਤ ਦੀ ਸੰਭਾਲ ਅਤੇ ਜਮੀਨ ਦੀ ਕਾਨੂੰਨੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਦੇ ਨਾਲ ਮੰਦਰ ਦੀ ਜਮੀਨ ਦੀ ਮਾਲਕੀ, ਲੀਜ, ਕਬਜੇ ਅਤੇ ਰਿਕਾਰਡ ਨੂੰ ਜਨਤਕ ਕੀਤਾ ਜਾਵੇ। ਈਟੀਪੀਬੀ ਦੀਆਂ ਘੱਟ-ਗਿਣਤੀ ਧਾਰਮਿਕ ਜਾਇਦਾਦਾਂ ਦਾ ਸੁਤੰਤਰ ਆਡਿਟ ਕਰਵਾ ਕੇ ਨਾਜਾਇਜ ਕਬਜਿਆਂ ਦੀ ਨਿਸਾਨਦੇਹੀ ਅਤੇ ਉਨ੍ਹਾਂ ਨੂੰ ਹਟਾਉਣ ਦੀ ਕਾਰਵਾਈ ਕੀਤੀ ਜਾਵੇ। ਇਤਿਹਾਸਕ ਮੰਦਰਾਂ ਤੇ ਗੁਰਦੁਆਰਿਆਂ ਦੀ ਵਿਗਿਆਨਕ ਸੰਭਾਲ ਲਈ ਵਿਸੇਸ ਵਿਰਾਸਤੀ ਪ੍ਰਬੰਧ ਵੀ ਲਾਜਮੀ ਹਨ। ਕਿਉਂਕਿ ਹਿੰਦੂ ਮੰਦਰਾਂ ਨੂੰ ਬਚਾਉਣਾ ਸਿਰਫ ਹਿੰਦੂ ਆਸਥਾ ਨੂੰ ਬਚਾਉਣਾ ਨਹੀਂ; ਇਹ ਇਤਿਹਾਸ ਨੂੰ ਬਚਾਉਣਾ ਹੈ, ਵਿਰਾਸਤ ਨੂੰ ਬਚਾਉਣਾ ਹੈ ਅਤੇ ਸਭ ਤੋਂ ਵੱਧ ਇਨਸਾਨੀਅਤ ਨੂੰ ਬਚਾਉਣਾ ਹੈ।

ਇਕ ਆਖਰੀ ਗੱਲ, ਪਾਕਿਸਤਾਨ 'ਚ ਇਸਲਾਮ ਖਿਲਾਫ ਈਸ਼ਨਿੰਦਾ ਲਈ ਤਾਂ ਮੌਤ ਦੀ ਸਜਾ ਮੁਕੱਰਰ ਹੈ ਪਰ ਗੈਰ ਇਸਲਾਮ ਜਾਂ ਮੰਦਰਾਂ ਦੇ ਹਮਲਾਵਰਾਂ ਖਿਲਾਫ ਕਾਨੂੰਨ ਦੀ ਅਣਹੋਂਦ ਕਾਰਨ ਕੋਈ ਠੋਸ ਕਾਰਵਾਈ ਨਹੀਂ ਹੁੰਦੀ। ਡਰ ਤੇ ਸਹਿਮ ਦੇ ਸਾਏ ਹੇਠ ਜੀਅ ਰਹੇ ਹਿੰਦੂ-ਸਿੱਖ ਸਮਾਜ ਨੂੰ ਖਦੇੜਨ ਅਤੇ ਉਨ੍ਹਾਂ ਦੀ ਹਸਤੀ ਮਿਟਾਉਣ ਲਈ ਧਰਮ ਅਸਥਾਨਾਂ 'ਤੇ ਬੇਲਗਾਮ ਹੋ ਕੇ ਹਮਲੇ ਕਰਨ ਵਾਲੇ ਕੱਟੜਪੰਥੀਆਂ ਦੀ ਪੁਸਤ ਪਨਾਹੀ ਹਕੂਮਤ ਵੱਲੋਂ ਕੀਤੀ ਜਾ ਰਹੀ ਹੈ, ਕੀ ਇਹੀ ਨਵਾਂ ਪਾਕਿਸਤਾਨ ਹੈ ?

ਪ੍ਰੋ. ਸਰਚਾਂਦ ਸਿੰਘ ਖਿਆਲਾ

# ਨੇਪਾਲ 'ਚ ਕੁਦਰਤ ਦਾ ਕਹਿਰ



ਨੇਪਾਲ ਵਿਚ ਆਏ ਹਾਲੀਆ ਹੜ੍ਹਾਂ ਅਤੇ ਇਨ੍ਹਾਂ ਨਾਲ ਹੋਈ ਤਬਾਹੀ ਨੇ ਇਕ ਵਾਰ ਫਿਰ ਸਾਰੀ ਦੁਨੀਆ ਨੂੰ ਕੁਦਰਤ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਕੁਦਰਤੀ ਆਫਤਾਂ ਨੂੰ ਪੂਰੀ ਤਰ੍ਹਾਂ ਮਨੁੱਖੀ ਗਲਤੀਆਂ ਦਾ ਨਤੀਜਾ ਕਹਿਣਾ ਠੀਕ ਨਹੀਂ ਹੋਵੇਗਾ ਪਰ ਇਹ ਵੀ ਸੱਚ ਹੈ ਕਿ ਮਨੁੱਖੀ ਗਤੀਵਿਧੀਆਂ ਵਾਤਾਵਰਨ ਸੰਤੁਲਨ ਨੂੰ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਕਈ ਕੁਦਰਤੀ ਖਤਰਿਆਂ ਨੂੰ ਹੋਰ ਗੰਭੀਰ ਬਣਾ ਰਹੀਆਂ ਹਨ। ਮਨੁੱਖ ਨੂੰ ਸੜਕਾਂ ਚਾਹੀਦੀਆਂ ਹਨ, ਪੁਲ ਚਾਹੀਦੇ ਹਨ, ਸੁਰੰਗਾਂ ਚਾਹੀਦੀਆਂ ਹਨ, ਘਰ ਤੇ ਸਹਿਰ ਚਾਹੀਦੇ ਹਨ। ਵਿਕਾਸ ਤੋਂ ਪਿੱਛੇ ਹਟਣਾ ਕੋਈ ਹੱਲ ਨਹੀਂ ਪਰ ਵਿਕਾਸ ਅਤੇ ਵਿਨਾਸ ਵਿਚਕਾਰ ਇਕ ਬਹੁਤ ਪਤਲੀ ਲਕੀਰ ਹੁੰਦੀ ਹੈ। ਜਦੋਂ ਕਿਸੇ ਪਹਾੜ ਦੀ ਭੂਗੋਲਿਕ ਬਣਤਰ, ਮਿੱਟੀ ਅਤੇ ਕੁਦਰਤੀ ਪਾਣੀ ਦੇ ਵਹਾਅ ਨੂੰ ਸਮਝੇ ਬਿਨਾਂ ਉਸ ਨੂੰ ਕੱਟ ਕੇ ਸੜਕਾਂ ਅਤੇ ਸੁਰੰਗਾਂ ਬਣਾਈਆਂ ਜਾਂਦੀਆਂ ਹਨ ਤਾਂ ਇਹ ਸਿਰਫ ਪੱਥਰ ਹਟਾਉਣ ਦਾ ਕੰਮ ਨਹੀਂ ਹੁੰਦਾ। ਇਸ ਨਾਲ ਪਹਾੜੀ ਢਲਾਣਾਂ ਦੀ ਸਥਿਰਤਾ, ਪਾਣੀ ਦੇ ਕੁਦਰਤੀ ਰਸਤੇ ਅਤੇ ਵਾਤਾਵਰਨ 'ਤੇ ਵੀ ਅਸਰ ਪੈ ਸਕਦਾ ਹੈ। ਸਵਾਲ ਸੜਕਾਂ ਬਣਾਉਣ ਦਾ ਨਹੀਂ, ਸਵਾਲ ਇਹ ਹੈ ਕਿ ਉਹ ਕਿਵੇਂ ਬਣਾਈਆਂ ਜਾ ਰਹੀਆਂ ਹਨ। ਹਿਮਾਲਿਆ ਵਰਗੇ ਸੰਵੇਦਨਸੀਲ ਪਹਾੜੀ ਖੇਤਰਾਂ ਵਿਚ ਮਨੁੱਖੀ ਦਖਲਅੰਦਾਜੀ ਬਹੁਤ ਸੋਚ-ਸਮਝ ਕੇ ਹੋਣੀ ਚਾਹੀਦੀ ਹੈ। ਪਹਾੜਾਂ ਨੂੰ ਬੇਤਰਤੀਬ ਢੰਗ ਨਾਲ ਕੱਟਣਾ, ਢਲਾਣਾਂ 'ਤੇ ਭਾਰੀ ਨਿਰਮਾਣ ਕਰਨਾ ਅਤੇ ਨਿਰਮਾਣ ਤੋਂ ਨਿਕਲਣ ਵਾਲੇ ਮਲਬੇ ਨੂੰ ਕੁਦਰਤੀ ਜਲ-ਧਾਰਾਵਾਂ ਵਿਚ ਸੁੱਟਣਾ ਭਵਿੱਖ ਵਿਚ ਵੱਡੀਆਂ ਮੁਸਕਲਾਂ ਪੈਦਾ ਕਰ ਸਕਦਾ ਹੈ। ਅਸੀਂ ਅਕਸਰ ਨਵੀਂ ਸੜਕ ਜਾਂ ਸੁਰੰਗ ਨੂੰ ਵਿਕਾਸ ਦੀ ਜਿੱਤ ਸਮਝ ਲੈਂਦੇ ਹਾਂ ਪਰ ਅਸਲ ਵਿਕਾਸ ਉਹ ਹੈ ਜੋ ਮਨੁੱਖ ਦੀ ਸਹੂਲਤ ਦੇ ਨਾਲ-ਨਾਲ ਕੁਦਰਤ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਏ। ਰੁੱਖ ਸਿਰਫ ਸਾਨੂੰ ਛਾਂ ਅਤੇ ਆਕਸੀਜਨ ਨਹੀਂ ਦਿੰਦੇ। ਜੰਗਲ ਮਿੱਟੀ ਨੂੰ ਸੰਭਾਲਦੇ ਹਨ, ਪਾਣੀ ਦੇ ਕੁਦਰਤੀ ਚੱਕਰ ਨੂੰ ਕਾਇਮ ਰੱਖਣ ਵਿਚ ਮਦਦ ਕਰਦੇ ਹਨ ਅਤੇ ਮਿੱਟੀ ਦੇ ਕਟਾਅ ਨੂੰ ਘਟਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪਰ ਅਸੀਂ ਇਕ ਪਾਸੇ ਵਾਤਾਵਰਨ ਬਚਾਉਣ ਦੀਆਂ ਮੁਹਿੰਮਾਂ ਚਲਾਉਂਦੇ ਹਾਂ ਅਤੇ ਦੂਜੇ ਪਾਸੇ ਸੜਕਾਂ, ਇਮਾਰਤਾਂ ਅਤੇ ਹੋਰ ਨਿਰਮਾਣਾਂ ਲਈ ਰੁੱਖਾਂ ਦੀ ਕਟਾਈ ਕਰਦੇ ਹਾਂ। ਇਕ ਰੁੱਖ ਕੱਟਣ ਵਿਚ ਕੁਝ ਮਿੰਟ ਲੱਗ ਸਕਦੇ ਹਨ ਪਰ ਉਸ ਨੂੰ ਵੱਡਾ ਹੋਣ ਵਿਚ ਕਈ ਸਾਲ ਲੱਗ ਜਾਂਦੇ ਹਨ। ਕੁਦਰਤ ਨੇ ਸਾਨੂੰ ਦਰਿਆ ਦਿੱਤੇ, ਅਸੀਂ ਉਨ੍ਹਾਂ ਵਿਚ ਕੂੜਾ ਸੁੱਟ ਦਿੱਤਾ। ਕੁਦਰਤ ਨੇ ਸਾਨੂੰ ਝੀਲਾਂ ਦਿੱਤੀਆਂ, ਅਸੀਂ ਉਨ੍ਹਾਂ ਦੇ ਕੰਢਿਆਂ ਨੂੰ ਕੰਕਰੀਟ ਨਾਲ ਭਰ ਦਿੱਤਾ। ਕੁਦਰਤ ਨੇ ਪਾਣੀ ਦੇ ਰਸਤੇ ਬਣਾਏ, ਅਸੀਂ ਉਨ੍ਹਾਂ 'ਤੇ ਕਬਜੇ ਕਰ ਕੇ ਨਿਰਮਾਣ ਖੜ੍ਹੇ ਕਰ ਦਿੱਤੇ। ਪਲਾਸਟਿਕ, ਘਰੇਲੂ ਕੂੜਾ, ਸੀਵਰੇਜ ਅਤੇ ਹੋਰ ਪ੍ਰਦੂਸਣ ਨੇ ਪਾਣੀ ਦੇ ਸਰੋਤਾਂ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਮੀਂਹ ਪੈਂਦਾ ਹੈ ਤਾਂ ਪਾਣੀ ਆਪਣਾ ਕੁਦਰਤੀ ਰਸਤਾ ਲੱਭਦਾ ਹੈ। ਜੇ ਉਸ ਰਸਤੇ ਵਿਚ ਅਸੀਂ ਘਰ, ਸੜਕਾਂ ਜਾਂ ਹੋਰ ਨਿਰਮਾਣ ਖੜ੍ਹੇ ਕਰ ਦਿੱਤੇ ਹਨ ਤਾਂ ਦੋਸ ਸਿਰਫ ਪਾਣੀ ਦਾ ਨਹੀਂ ਹੋ ਸਕਦਾ। ਪਹਾੜੀ ਇਲਾਕਿਆਂ ਦੀ ਖੂਬਸੂਰਤੀ ਨੇ ਸੈਲਾਨੀਆਂ ਨੂੰ ਹਮੇਸਾ ਆਪਣੇ ਵੱਲ ਖਿੱਚਿਆ ਹੈ। ਸੈਰ-ਸਪਾਟਾ ਆਰਥਿਕਤਾ ਲਈ ਮਹੱਤਵਪੂਰਨ ਹੈ ਪਰ ਬੇਤਰਤੀਬ ਸੈਰ-ਸਪਾਟਾ ਪਹਾੜਾਂ ਲਈ ਬੋਝ ਵੀ ਬਣ ਸਕਦਾ ਹੈ।

ਕੁਦਰਤੀ ਆਫਤਾਂ ਨੂੰ ਰੋਕਣਾ ਹਮੇਸਾ ਮਨੁੱਖ ਦੇ ਹੱਥ ਵਿਚ ਨਹੀਂ ਹੁੰਦਾ ਪਰ ਉਨ੍ਹਾਂ ਕਾਰਨ ਹੁੰਦੇ ਨੁਕਸਾਨ ਨੂੰ ਘਟਾਉਣ ਲਈ ਤਿਆਰੀ ਕਰਨਾ ਅਤੇ ਵਾਤਾਵਰਨ ਦੀ ਰੱਖਿਆ ਲਈ ਸਹੀ ਨੀਤੀਆਂ ਬਣਾਉਣਾ ਸਰਕਾਰਾਂ ਦੀ ਜਿੰਮੇਵਾਰੀ ਹੁੰਦੀ ਹੈ। ਪਹਾੜੀ ਖੇਤਰਾਂ ਵਿਚ ਨਿਰਮਾਣ ਤੋਂ ਪਹਿਲਾਂ ਵਿਗਿਆਨਕ ਜਾਂਚ, ਵਾਤਾਵਰਨ 'ਤੇ ਪ੍ਰਭਾਵਾਂ ਦਾ ਮੁਲਾਂਕਣ, ਦਰਿਆਵਾਂ ਅਤੇ ਨਾਲਿਆਂ ਦੇ ਕੁਦਰਤੀ ਰਸਤਿਆਂ ਦੀ ਸੁਰੱਖਿਆ, ਜੰਗਲਾਂ ਦੀ ਰੱਖਿਆ ਅਤੇ ਗੈਰ-ਕਾਨੂੰਨੀ ਨਿਰਮਾਣਾਂ 'ਤੇ ਸਖਤੀ-ਇਹ ਸਾਰੇ ਕਦਮ ਸਿਰਫ ਕਾਗਜਾਂ ਤੱਕ ਸੀਮਤ ਨਹੀਂ ਰਹਿਣੇ ਚਾਹੀਦੇ। ਮਨੁੱਖ ਨੂੰ ਕੁਦਰਤ ਨੂੰ ਜਿੱਤਣਾ ਨਹੀਂ, ਕੁਦਰਤ ਨਾਲ ਜੀਣਾ ਸਿੱਖਣਾ ਪਵੇਗਾ।

ਨੇਪਾਲ ਦੀ ਤ੍ਰਾਸਦੀ ਨੂੰ ਸਿਰਫ ਇਕ ਦੇਸ ਦੀ ਆਫਤ ਸਮਝ ਕੇ ਭੁੱਲ ਜਾਣਾ ਸਾਡੀ ਸਭ ਤੋਂ ਵੱਡੀ ਗਲਤੀ ਹੋਵੇਗੀ। ਇਹ ਸਾਨੂੰ ਆਪਣੇ ਪਹਾੜਾਂ, ਦਰਿਆਵਾਂ, ਜੰਗਲਾਂ ਅਤੇ ਸਹਿਰਾਂ ਬਾਰੇ ਦੁਬਾਰਾ ਸੋਚਣ ਦਾ ਮੌਕਾ ਦਿੰਦੀ ਹੈ। ਸਾਨੂੰ ਇਹ ਤੈਅ ਕਰਨਾ ਪਵੇਗਾ ਕਿ ਵਿਕਾਸ ਕੁਦਰਤ ਦੀ ਕੀਮਤ 'ਤੇ ਨਹੀਂ ਹੋਵੇਗਾ। ਸਾਨੂੰ ਪਹਾੜਾਂ ਨੂੰ ਸਿਰਫ ਸੜਕਾਂ ਅਤੇ ਨਿਰਮਾਣ ਦੇ ਸਥਾਨ ਨਹੀਂ, ਜੀਵਨ ਦੇ ਸਰੋਤ ਸਮਝਣਾ ਪਵੇਗਾ। ਸਾਨੂੰ ਦਰਿਆਵਾਂ ਨੂੰ ਸਿਰਫ ਪਾਣੀ ਦਾ ਵਹਾਅ ਨਹੀਂ, ਸਗੋਂ ਇਕ ਜੀਵੰਤ ਕੁਦਰਤੀ ਪ੍ਰਣਾਲੀ ਸਮਝਣਾ ਪਵੇਗਾ। ਸਾਨੂੰ ਰੁੱਖਾਂ ਨੂੰ ਸਿਰਫ ਲੱਕੜ ਨਹੀਂ, ਭਵਿੱਖ ਸਮਝਣਾ ਹੋਵੇਗਾ। ਸਾਨੂੰ ਇਹ ਸਮਝਣਾ ਪਵੇਗਾ ਕਿ ਧਰਤੀ ਸਾਡੇ ਪੁਰਖਿਆਂ ਦੀ ਜਾਗੀਰ ਨਹੀਂ ਜਿਸ ਨੂੰ ਅਸੀਂ ਆਪਣੀ ਮਰਜੀ ਨਾਲ ਖਤਮ ਕਰ ਦੇਈਏ; ਇਹ ਆਉਣ ਵਾਲੀਆਂ ਪੀੜ੍ਹੀਆਂ ਦੀ ਅਮਾਨਤ ਹੈ। ਨੇਪਾਲ ਦੇ ਪਹਾੜਾਂ ਤੋਂ ਆਈ ਇਹ ਤਬਾਹੀ ਦੀ ਆਵਾਜ ਸਾਇਦ ਸਾਡੇ ਲਈ ਵੀ ਇਕ ਚੇਤਾਵਨੀ ਹੈ। ਕੁਦਰਤ ਨੂੰ ਚੁਣੌਤੀ ਦੇਣ ਦੀ ਬਜਾਏ ਉਸ ਦੇ ਨਿਯਮਾਂ ਨੂੰ ਸਮਝਣ ਦਾ ਵੇਲਾ ਆ ਗਿਆ ਹੈ।

ਦੀਪਾ ਬੰਡਾਲਾ

# ਜੰਮੂ ਕਸ਼ਮੀਰ: ਪੂਰਨ ਰਾਜ ਦਾ ਦਰਜਾ ਬਹਾਲ ਹੋਵੇ



ਪੰਜ ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਅਤੇ 35ਏ ਨੂੰ ਰੱਦ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਜੰਮੂ ਕਸ਼ਮੀਰ ਰਾਜ ਨੂੰ ਦੋ ਕੇਂਦਰ ਸਾਸਿਤ ਪ੍ਰਦੇਸਾਂ ਜੰਮੂ ਕਸਮੀਰ ਅਤੇ ਲੱਦਾਖ ਵਿੱਚ ਵੰਡ ਦਿੱਤਾ ਗਿਆ। ਇਹ ਕਦਮ ਇਸ ਭਰੋਸੇ ਨਾਲ ਚੁੱਕਿਆ ਗਿਆ ਸੀ ਕਿ ਰਾਜ ਦਾ ਦਰਜਾ ਜਲਦੀ ਹੀ ਬਹਾਲ ਕਰ ਦਿੱਤਾ ਜਾਵੇਗਾ। ਧਾਰਾ 370 ਮਨਸੂਖ ਕੀਤੇ ਜਾਣ ਤੋਂ ਬਾਅਦ ਕਈ ਭਰੋਸੇ ਵੀ ਦਿੱਤੇ ਗਏ, ਜਿਨ੍ਹਾਂ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੂੰ ਦਿੱਤੇ ਵਚਨ, ਜੰਮੂ ਕਸਮੀਰ ਚੋਣਾਂ ਦੀ ਤਿਆਰੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਕੀਤੇ ਵਾਅਦੇ ਅਤੇ ਸੰਸਦ ਵਿੱਚ ਗ੍ਰਹਿ ਮੰਤਰੀ ਦੇ ਬਿਆਨ ਸਾਮਲ ਹਨ, ਜਿਨ੍ਹਾਂ ਵਿੱਚ ਢੁਕਵੇਂ ਸਮੇਂ 'ਤੇ ਰਾਜ ਦਾ ਦਰਜਾ ਬਹਾਲ ਕਰਨ ਦਾ ਪ੍ਰਣ ਕੀਤਾ ਗਿਆ ਸੀ। ਪਰ ਹਕੀਕੀ ਰੂਪ ਰਾਜ ਦਾ ਦਰਜਾ ਬਹਾਲ ਨਹੀਂ ਕੀਤਾ ਗਿਆ, ਜਿਸ ਕਾਰਨ ਜੰਮੂ ਕਸਮੀਰ ਦੇ ਮੁੱਖ ਮੰਤਰੀ ਨੇ 20 ਜੁਲਾਈ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਜੁਟ ਹੋਣ ਦਾ ਸੱਦਾ ਦਿੱਤਾ ਤਾਂ ਜੋ ਸੰਸਦ ਦੇ ਸਾਹਮਣੇ ਪ੍ਰਦਰਸਨ ਦੌਰਾਨ ਇਸ ਜਾਇਜ ਮੰਗ ਦਾ ਸਮਰਥਨ ਕੀਤਾ ਜਾ ਸਕੇ। ਧਾਰਾ 370 ਹਟਾਇਆ ਨੂੰ ਕਾਫੀ ਸਮਾਂ ਬੀਤ ਚੁੱਕਾ ਹੈ। ਇਸ ਦੌਰਾਨ ਜੋ ਵਾਪਰਿਆ ਉਹ ਸਿਰਫ ਇੱਕ ਰਾਜ ਦੇ ਵਿਸੇਸ ਦਰਜੇ ਦਾ ਖਾਤਮਾ ਨਹੀਂ ਸੀ, ਬਲਕਿ ਖੁਦ ਲੋਕਤੰਤਰ ਦਾ ਅਪਹਰਨ ਸੀ, ਜੋ ਨਾ ਸਿਰਫ ਜੰਮੂ ਕਸਮੀਰ ਦੇ ਲੋਕਾਂ ਨਾਲ ਧੋਖਾ ਹੈ, ਬਲਕਿ ਦੇਸ ਦੇ ਧਰਮ ਨਿਰਪੱਖ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਵੀ ਅਪਮਾਨ ਹੈ।

ਕ੍ਰਾਂਤੀਕਾਰੀ ਜਮੀਨੀ ਸੁਧਾਰਾਂ ਤੋਂ ਬਾਅਦ ਲਾਗੂ ਕੀਤੇ ਗਏ ਪ੍ਰਗਤੀਸੀਲ ਜਮੀਨੀ ਕਾਨੂੰਨ, ਜੋ ਰਾਜ ਲਈ ਬੇਮਿਸਾਲ ਸਨ, ਖਤਮ ਕਰ ਦਿੱਤੇ ਗਏ ਅਤੇ ਸਟੇਟ ਸਬਜੈਕਟ ਕਾਨੂੰਨ ਰੱਦ ਕਰ ਦਿੱਤਾ ਗਿਆ ਹੈ। ਸੰਸੋਧਿਤ ਨਿਯਮਾਂ ਤਹਿਤ ਹੁਣ ਸੂਬੇ ਦੇ ਗੈਰ-ਵਸਨੀਕਾਂ ਨੂੰ ਵੀ ਡੋਮੀਸਾਈਲ ਸਰਟੀਫਿਕੇਟ ਜਾਰੀ ਕੀਤੇ ਜਾ ਰਹੇ ਹਨ, ਜਿਸ ਨਾਲ ਸਥਾਨਕ ਆਬਾਦੀ ਦੇ ਹਿੱਤਾਂ ਅਤੇ ਚਿੰਤਾਵਾਂ 'ਤੇ ਗੰਭੀਰ ਅਸਰ ਪਿਆ ਹੈ। ਜੰਮੂ ਕਸਮੀਰ ਵਿੱਚ ਬੇਰੁਜਗਾਰੀ ਅਤੇ ਆਰਥਿਕ ਮੰਦੀ ਹੋਰ ਬਦਤਰ ਹੋ ਗਈ ਹੈ। ਸਾਂਖਿਅਕੀ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ 2024 ਵਿੱਚ ਜਾਰੀ ਪੀਰੀਅਡਿਕ ਲੇਬਰ ਫੋਰਸ ਸਰਵੇਖਣ ਦੇ ਅੰਕੜਿਆਂ ਅਨੁਸਾਰ ਜੰਮੂ ਕਸਮੀਰ ਵਿੱਚ ਬੇਰੁਜਗਾਰੀ ਦੀ ਦਰ 11.8 ਫੀਸਦੀ ਸੀ, ਜੋ 6.4 ਫੀਸਦੀ ਦੀ ਕੌਮੀ ਦਰ ਨਾਲੋਂ ਲਗਪਗ ਦੁੱਗਣੀ ਹੈ। ਇਸ ਤੋਂ ਇਲਾਵਾ ਨਸ਼ਿਆਂ ਦੀ ਸਮੱਸਿਆ ਨੇ ਚਿੰਤਾਜਨਕ ਰੂਪ ਧਾਰਨ ਕਰ ਲਿਆ ਹੈ। ਰਾਜਨੀਤਕ ਤੌਰ 'ਤੇ ਜੰਮੂ ਕਸਮੀਰ ਦੇ ਪੁਨਰਗਠਨ ਅਤੇ ਦਰਜਾ ਘਟਾਏ ਜਾਣ ਤੋਂ ਬਾਅਦ ਹੋਈਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਥਾਨਕ ਲੋਕਾਂ ਨੇ ਭਾਜਪਾ ਅਤੇ ਉਸਦੇ ਸਹਿਯੋਗੀਆਂ ਨੂੰ ਨਕਾਰ ਦਿੱਤਾ। ਵਿਧਾਨ ਸਭਾ ਚੋਣਾਂ ਵਿੱਚ ਇਸ ਝਟਕੇ ਦੇ ਬਾਵਜੂਦ, ਭਾਜਪਾ ਨੇ ਕੋਈ ਸਬਕ ਨਹੀਂ ਸਿੱਖਿਆ। ਫਿਲਹਾਲ, ਜੰਮੂ ਕਸਮੀਰ ਪ੍ਰਸਾਸਨਿਕ ਖੜੋਤ ਦਾ ਸਾਹਮਣਾ ਕਰ ਰਿਹਾ ਹੈ ਕਿਉਂਕਿ ਉਪ ਰਾਜਪਾਲ ਚੁਣੀ ਹੋਈ ਰਾਜ ਸਰਕਾਰ ਅਤੇ ਇਸ ਦੇ ਮੁੱਖ ਮੰਤਰੀ ਨੂੰ ਅਣਗੌਲਿਆ ਕਰ ਰਹੇ ਹਨ। ਸਥਾਨਕ ਲੋਕਾਂ ਦਾ ਦਰਦ ਉਦੋਂ ਹੋਰ ਵਧ ਜਾਂਦਾ ਹੈ ਜਦੋਂ ਉਨ੍ਹਾਂ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਜੰਮੂ ਕਸਮੀਰ ਨਾਲ ਸਬੰਧਤ ਸੁਰੱਖਿਆ ਸਮੀਖਿਆ ਬੈਠਕਾਂ ਦੀ ਜਾਣਕਾਰੀ ਤੱਕ ਨਹੀਂ ਦਿੱਤੀ ਜਾਂਦੀ, ਜਿਨ੍ਹਾਂ ਦੀ ਪ੍ਰਧਾਨਗੀ ਉਪ ਰਾਜਪਾਲ ਦੀ ਬਜਾਏ ਆਦਰਸਕ ਤੌਰ 'ਤੇ ਮੁੱਖ ਮੰਤਰੀ ਨੂੰ ਕਰਨੀ ਚਾਹੀਦੀ ਹੈ। ਉਪ ਰਾਜਪਾਲ ਚੁਣੀ ਹੋਈ ਸਰਕਾਰ ਨਾਲ ਮਸਵਰਾ ਕੀਤੇ ਬਗੈਰ ਜੰਮੂ ਕਸਮੀਰ ਪ੍ਰਸਾਸਨਿਕ ਸੇਵਾ ਦੇ ਅਧਿਕਾਰੀਆਂ ਦੇ ਤਬਾਦਲੇ ਕਰ ਰਹੇ ਹਨ। ਇਸ ਤੋਂ ਇਲਾਵਾ ਪੁਲੀਸ ਅਤੇ ਕਾਨੂੰਨ ਵਿਵਸਥਾ 'ਤੇ ਉਪ ਰਾਜਪਾਲ ਦਾ ਵਿਸੇਸ ਕੰਟਰੋਲ ਹੋਣ ਦੇ ਬਾਵਜੂਦ ਪਹਿਲਗਾਮ ਵਿੱਚ ਸੁਰੱਖਿਆ ਵਿੱਚ ਖਾਮੀਆਂ ਬਰਕਰਾਰ ਹਨ। ਕਸਮੀਰ ਵਿੱਚ ਪੂਰੀਆਂ ਪ੍ਰਸਾਸਨਿਕ ਸਕਤੀਆਂ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਭਾਰਤ ਦੀ ਧਰਤੀ 'ਤੇ ਅਤਿਵਾਦੀ ਹਮਲੇ ਨੂੰ ਰੋਕਣ 'ਚ ਅਸਮਰੱਥ ਰਹੀ। ਉਪ ਰਾਜਪਾਲ ਨੇ ਹੁਣ ਮੁੱਖ ਮੰਤਰੀ ਦਫਤਰ ਨੂੰ ਪੂਰੀ ਤਰ੍ਹਾਂ ਨਜਰਅੰਦਾਜ ਕਰਦਿਆਂ ਸੁਰੱਖਿਆ ਆਡਿਟ, ਚੈੱਕ ਪੁਆਇੰਟ, ਰਾਤ ਦੀ ਗਸਤ ਅਤੇ ਹਥਿਆਰਬੰਦ ਬਲਾਂ ਦੇ ਤਾਲਮੇਲ ਬਾਰੇ ਸਿੱਧੇ ਹੁਕਮ ਜਾਰੀ ਕੀਤੇ ਹਨ। ਅਜਿਹੇ ਹਾਲਾਤ ਵਿੱਚ ਕਸਮੀਰ 'ਚ ਕਾਨੂੰਨ ਅਤੇ ਭਾਰਤੀ ਸੰਵਿਧਾਨ ਦੀ ਰੱਖਿਆ ਕਿਵੇਂ ਕੀਤੀ ਜਾ ਸਕਦੀ ਹੈ? ਇਹ ਪਹੁੰਚ ਰਾਜਨੀਤਿਕ ਅਸਥਿਰਤਾ ਨੂੰ ਵਧਾਏਗੀ, ਆਮ ਸਥਿਤੀ ਤੇ ਮੇਲ ਜੋਲ ਵਿੱਚ ਦੇਰੀ ਦਾ ਕਾਰਨ ਬਣੇਗੀ ਅਤੇ ਅਮਨ ਤੇ ਵਿਕਾਸ ਨੂੰ ਢਾਹ ਲਾਏਗੀ।

ਇੱਕਜੁਟਤਾ ਕਦੇ ਵੀ ਧੱਕੇਸਾਹੀ ਅਤੇ ਦਮਨ ਦੁਆਰਾ ਹਾਸਲ ਨਹੀਂ ਕੀਤੀ ਜਾ ਸਕਦੀ; ਇਹ ਸਿਰਫ ਸਾਰੇ ਹਿੱਸੇਦਾਰਾਂ ਨਾਲ ਗੱਲਬਾਤ, ਬਹਿਸ ਅਤੇ ਵਿਚਾਰ ਵਟਾਂਦਰੇ ਰਾਹੀਂ ਹੀ ਸੰਭਵ ਹੈ। ਫਿਰ ਵੀ, ਵਾਰ-ਵਾਰ ਦਿੱਤੇ ਭਰੋਸੇ ਦੇ ਬਾਵਜੂਦ, ਕੇਂਦਰ ਸਰਕਾਰ ਨੇ ਜੰਮੂ ਕਸਮੀਰ ਦੇ ਲੋਕਾਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਕੋਈ ਸਾਰਥਿਕ ਰਾਜਨੀਤਕ ਗੱਲਬਾਤ ਨਹੀਂ ਕੀਤੀ। ਇਸ ਦੇ ਬਾਵਜੂਦ, ਕਸਮੀਰੀਆਂ ਨੇ ਵੰਡਪਾਊ ਤਾਕਤਾਂ ਵਿਰੁੱਧ ਇੱਕਜੁਟ ਰਹਿਣ ਦੀ ਆਪਣੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਕਸਮੀਰੀਆਂ ਨੇ ਸਮੂਹਿਕ ਤੌਰ 'ਤੇ ਦੇਸ਼ ਨਾਲ ਆਪਣੀ ਇੱਕਜੁਟਤਾ ਦਾ ਪ੍ਰਦਰਸਨ ਕੀਤਾ ਹੈ। 2019 ਤੋਂ ਕਸਮੀਰੀ ਅਸਾਧਾਰਨ ਸੁਰੱਖਿਆ ਅਤੇ ਪ੍ਰਸਾਸਨਿਕ ਦਬਾਅ ਹੇਠ ਜਿੰਦਗੀ ਬਤੀਤ ਕਰ ਰਹੇ ਹਨ। ਅਤਿਵਾਦ ਜਾਂ ਅਤਿਵਾਦੀ ਹਮਦਰਦਾਂ ਨਾਲ ਕਥਿਤ ਸਬੰਧਾਂ ਦੇ ਦੋਸ ਹੇਠ ਸਰਕਾਰੀ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਜਦਕਿ ਸਰਕਾਰ ਦੁਨੀਆ ਦੇ ਸਾਹਮਣੇ ਵਾਰ-ਵਾਰ ਇਹ ਦਾਅਵਾ ਕਰਦੀ ਹੈ ਕਿ ਕਸਮੀਰ ਸਾਂਤੀ ਅਤੇ ਆਮ ਹਾਲਾਤ ਦੇ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ ਕਰ ਚੁੱਕਾ ਹੈ, ਪਰ ਅਸਾਧਾਰਨ ਸੁਰੱਖਿਆ ਉਪਾਅ, ਛਾਪੇਮਾਰੀ, ਹਿਰਾਸਤ, ਬਰਖਾਸਤਗੀ ਅਤੇ ਰੋਕਾਂ ਰੋਜਾਨਾ ਦੀ ਜਿੰਦਗੀ ਦਾ ਹਿੱਸਾ ਬਣੀਆਂ ਹੋਈਆਂ ਹਨ। ਨਿਸਾਨਾ ਬਣਾ ਕੇ ਕੀਤੇ ਗਏ ਹਮਲੇ ਇਸ ਗੱਲ ਦੀ ਦਰਦਨਾਕ ਚਿਤਾਵਨੀ ਹਨ ਕਿ ਮੁੱਦਾ ਅਜੇ ਸੁਲਝਣ ਤੋਂ ਬਹੁਤ ਦੂਰ ਹੈ। 2019 ਤੋਂ ਲੈ ਕੇ ਹੁਣ ਤੱਕ ਘੱਟ ਗਿਣਤੀ ਭਾਈਚਾਰੇ ਦੇ 25 ਮੈਂਬਰਾਂ ਨੂੰ ਨਿਸਾਨਾ ਬਣਾ ਕੇ ਮਾਰਿਆ ਜਾ ਚੁੱਕਾ ਹੈ। ਜਦੋਂ ਇੱਕ ਹੋਰ ਅਤਿਵਾਦੀ ਹਮਲੇ ਵਿੱਚ ਦੋ ਪਰਵਾਸੀ ਮਜਦੂਰਾਂ ਦੀ ਮੌਤ ਹੋਈ ਤਾਂ ਛਾਪੇਮਾਰੀ, ਹਿਰਾਸਤ ਅਤੇ ਸੱਕ ਦਾ ਉਹੀ ਪੁਰਾਣਾ ਦੌਰ ਫਿਰ ਸੁਰੂ ਹੋ ਗਿਆ। ਬਾਹਰੋਂ, ਸਭ ਕੁਝ ਆਮ ਜਾਪ ਸਕਦਾ ਹੈ ਪਰ ਆਮ ਸਥਿਤੀ ਦਾ ਅੰਦਾਜਾ ਵਾਦੀ ਵਿੱਚ ਕੁਝ ਦਿਨ ਬਿਤਾਉਣ ਵਾਲੇ ਸੈਲਾਨੀ ਦੇ ਅਨੁਭਵ ਤੋਂ ਨਹੀਂ ਲਾਇਆ ਜਾ ਸਕਦਾ। ਅਸਲੀ ਆਮ ਸਥਿਤੀ ਉਦੋਂ ਹੀ ਹੁੰਦੀ ਹੈ ਜਦੋਂ ਆਮ ਨਾਗਰਿਕ ਖੁੱਲ੍ਹ ਕੇ ਬੋਲਣ ਵਿੱਚ ਸੁਰੱਖਿਅਤ ਮਹਿਸੂਸ ਕਰਨ ਅਤੇ ਪਰਿਵਾਰਾਂ ਨੂੰ ਵਿਸਵਾਸ ਹੋਵੇ ਕਿ ਕਾਨੂੰਨ ਉਨ੍ਹਾਂ ਦੀ ਰੱਖਿਆ ਕਰੇਗਾ।

1990 ਦੇ ਦਹਾਕੇ ਦੀ ਸੁਰੂਆਤੀ ਹਿੰਸਾ ਤੋਂ ਬਾਅਦ ਪੈਦਾ ਹੋਈਆਂ ਕਸਮੀਰ ਦੀਆਂ ਪੀੜ੍ਹੀਆਂ, ਜਿਨ੍ਹਾਂ ਵਿੱਚ ਜੈਨਰੇਸਨ ਜੈੱਡ ਅਤੇ ਜੈਨਰੇਸਨ ਅਲਫਾ ਸਾਮਲ ਹਨ, ਆਪਣੇ ਮਾਪਿਆਂ, ਰਿਸਤੇਦਾਰਾਂ ਅਤੇ ਗੁਆਂਢੀਆਂ ਨੂੰ ਤਲਬ ਕੀਤੇ ਜਾਂਦੇ, ਹਿਰਾਸਤ ਵਿੱਚ ਲਏ ਜਾਂਦੇ ਅਤੇ ਪੁੱਛ-ਪੜਤਾਲ ਦਾ ਸਾਹਮਣਾ ਕਰਦੇ ਦੇਖ ਕੇ ਵੱਡੀਆਂ ਹੋ ਰਹੀਆਂ ਹਨ। ਉਹ ਇੱਕ ਅਜਿਹੀ ਪ੍ਰਣਾਲੀ ਦੇਖਦੇ ਹਨ ਜਿਸ ਵਿੱਚ ਸਮਾਜ ਦੇ ਇੱਕ ਹਿੱਸੇ ਨੂੰ ਵਾਰ-ਵਾਰ ਭਰੋਸਾ ਦਿਵਾਇਆ ਜਾਂਦਾ ਹੈ ਕਿ ਸਭ ਕੁਝ ਆਮ ਹੈ, ਜਦਕਿ ਦੂਜੇ ਹਿੱਸੇ ਨੂੰ ਲਗਾਤਾਰ ਇਹ ਸਾਬਿਤ ਕਰਨ ਲਈ ਕਿਹਾ ਜਾਂਦਾ ਹੈ ਕਿ ਉਹ ਕੋਈ ਖਤਰਾ ਨਹੀਂ ਹਨ। ਇਹ ਸਥਿਤੀ ਆਮ ਮਾਹੌਲ ਪੈਦਾ ਨਹੀਂ ਕਰਦੀ।

ਕਸਮੀਰੀ ਪੰਡਿਤਾਂ ਦੀ ਵਾਪਸੀ ਲਈ ਸੱਚਮੁੱਚ ਯਤਨਸੀਲ ਸਰਕਾਰ ਨੂੰ ਇੱਕ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਜਿੱਥੇ ਉਹ ਕੁਦਰਤੀ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਨ, ਨਾ ਕਿ ਉਨ੍ਹਾਂ ਨੂੰ ਆਮ ਸਥਿਤੀ ਦਾ ਭੁਲੇਖਾ ਪਾਉਣ ਲਈ ਬਣਾਏ ਗਏ ਸਰਕਾਰੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਕਿਹਾ ਜਾਵੇ। ਰਾਜ ਨੂੰ ਆਮ ਨਾਗਰਿਕਾਂ ਅਤੇ ਅਤਿਵਾਦੀਆਂ ਵਿਚਕਾਰ ਫਰਕ ਸਮਝਣਾ ਚਾਹੀਦਾ ਹੈ। ਇਹ ਫਰਕ ਸਿਰਫ ਇੱਜਤ, ਨਿਆਂ, ਸੁਰੱਖਿਆ, ਗੱਲਬਾਤ ਅਤੇ ਸੱਚਮੁੱਚ ਮਨੁੱਖੀ ਪਹੁੰਚ ਰਾਹੀਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਹੋਰ ਉਲਝਣਾਂ ਤੋਂ ਬਚਣ ਲਈ ਅਦਾਲਤਾਂ, ਸੰਸਦ ਅਤੇ ਜੰਮੂ ਅਤੇ ਕਸਮੀਰ ਦੇ ਲੋਕਾਂ ਨਾਲ ਕੀਤਾ ਗਿਆ ਰਾਜ ਦਾ ਦਰਜਾ ਬਹਾਲ ਕਰਨ ਦਾ ਵਾਅਦਾ ਬਿਨਾਂ ਕਿਸੇ ਦੇਰੀ ਦੇ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਐਸ ਕੇ ਖੋਸਲਾ

# ਸਿੱਖਿਆ ਬਿੱਲ 2025: ਦਾਅਵੇ ਵੱਡੇ, ਬਦਲਾਅ ਕਿੰਨਾ?

ਭਾਰਤ ਨੂੰ 2047 ਤੱਕ ਵਿਕਸਤ ਦੇਸ਼ ਬਣਾਉਣ ਲਈ ਕੇਂਦਰ ਸਰਕਾਰ ਨੇ 2020 ਵਿੱਚ ਅਗਲੀ ਪੀੜ੍ਹੀ ਦੀ ਤਰੱਕੀ ਲਈ ਨਵੀਂ ਸਿੱਖਿਆ ਨੀਤੀ ਲਿਆਂਦੀ। ਇਸ ਨੀਤੀ ਨੂੰ 34 ਸਾਲਾਂ ਬਾਅਦ ਲਿਆਂਦੇ ਗਏ ਇੱਕ ਵੱਡੇ ਬਦਲਾਅ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਵਿਕਸਿਤ ਭਾਰਤ ਸਿੱਖਿਆ ਅਧਿਸ਼ਠਾਨ ਬਿੱਲ (ਵੀ ਬੀ ਐੱਸ ਏ) ਕੇਂਦਰ ਸਰਕਾਰ ਨੇ 2025 ਵਿੱਚ ਲੋਕ ਸਭਾ ਵਿੱਚ ਪੇਸ਼ ਕੀਤਾ ਜਿਸ 'ਤੇ ਵਿਰੋਧੀ ਧਿਰ ਦੇ ਤਿੱਖੇ ਹਮਲੇ ਤੋਂ ਬਾਅਦ ਇਸ ਨੂੰ ਸੰਯੁਕਤ ਸੰਸਦੀ ਕਮੇਟੀ ਕੋਲ ਭੇਜ ਦਿੱਤਾ।

ਆਖਰ ਇਸ ਬਿੱਲ ਦਾ ਵਿਰੋਧ ਕਿਉਂ ਹੋ ਰਿਹਾ ਹੈ। ਇਸ ਬਿੱਲ 'ਤੇ ਇਤਰਾਜ ਹਨ ਕਿ ਇਸ ਨਾਲ ਸੂਬਿਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਅਤੇ ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਨੂੰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਹਾਲਾਂਕਿ ਐੱਨ ਈ ਪੀ 2020 ਤਹਿਤ ਹਾਇਰ ਐਜੂਕੇਸ਼ਨ ਵਿੱਚ ਖੁਦਮੁਖਤਿਆਰੀ ਨੂੰ ਵਧਾਉਣ ਦੀ ਗੱਲ ਕਹੀ ਗਈ ਹੈ। ਮੋਟੇ ਰੂਪ ਵਿੱਚ ਇਸ ਬਿੱਲ ਨਾਲ ਕੇਂਦਰ ਦੀ ਵਿਚਾਰਧਾਰਾ ਨੂੰ ਸਾਰੇ ਦੇਸ਼ 'ਤੇ ਥੋਪਿਆ ਜਾਵੇਗਾ, ਜਦਕਿ ਸਾਡੇ ਦੇਸ਼ ਵਿੱਚ ਵੱਖ-ਵੱਖ ਸਭਿਆਚਾਰ ਅਤੇ ਭਾਸ਼ਾਵਾਂ ਹਨ, ਜਿਨ੍ਹਾਂ ਬਾਰੇ ਜਾਣ ਕੇ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ।

ਸੰਘੀ ਢਾਂਚੇ 'ਤੇ ਸਵਾਲ: ਸੰਵਿਧਾਨ ਅਨੁਸਾਰ ਸਾਡਾ ਦੇਸ਼ ਲੋਕਤੰਤਰ ਦੀ ਸਭ ਤੋਂ ਵੱਡੀ ਮਿਸਾਲ ਹੈ, ਜਿਸ ਮੁਤਾਬਕ ਦੇਸ਼ ਅਤੇ ਸੂਬਿਆਂ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਰਕਾਰ ਚਲਾਉਂਦੇ ਹਨ। ਸੰਵਿਧਾਨ ਮੁਤਾਬਕ ਸਿੱਖਿਆ ਪਹਿਲਾਂ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਸੀ, ਜਿਸ ਨੂੰ 1976 ਦੀ 42ਵੀਂ ਸੋਧ ਨਾਲ ਸਮਵਰਤੀ ਸੂਚੀ ਵਿੱਚ ਪਾ ਦਿੱਤਾ ਗਿਆ ਹੈ। ਭਾਵ ਹੁਣ ਇਹ ਕੇਂਦਰ ਅਤੇ ਸੂਬਾ, ਦੋਵਾਂ ਦੇ ਅਧਿਕਾਰ ਖੇਤਰ ਵਿੱਚ ਆ ਗਈ ਹੈ। ਇਸ ਤਹਿਤ ਜੇਕਰ ਕਿਸੇ ਨੀਤੀ ਨੂੰ ਲਾਗੂ ਕਰਨ ਸਬੰਧੀ ਸੂਬਾ ਅਤੇ ਕੇਂਦਰ ਸਰਕਾਰਾਂ ਵਿਚਾਲੇ ਆਪਸੀ ਸਹਿਮਤੀ ਨਾ ਬਣੇ ਤਾਂ ਅੰਤਿਮ ਫੈਸਲਾ ਕੇਂਦਰ ਦਾ ਮੰਨਿਆ ਜਾਵੇਗਾ। ਪਰ ਵੀ ਬੀ ਐੱਸ ਏ ਬਿੱਲ 2025 ਲਾਗੂ ਕਰਨ ਲਈ ਕੇਂਦਰ ਨੇ ਸੂਬਾ ਸਰਕਾਰਾਂ ਨੂੰ ਨਾਲ ਲੈਣਾ ਤਾਂ ਕੀ ਜ਼ਰੂਰੀ ਸਮਝਣਾ ਸੀ, ਉਨ੍ਹਾਂ ਨੂੰ ਇਸ ਬਾਰੇ ਸੂਚਿਤ ਵੀ ਨਹੀਂ ਕੀਤਾ ਗਿਆ। ਇਹ ਬਿੱਲ ਕੇਂਦਰ ਅਤੇ ਸੂਬਿਆਂ ਦੀਆਂ ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ ਯੂਨੀਵਰਸਿਟੀਆਂ ਅਤੇ ਕੌਮੀ ਪੱਧਰ ਦੇ ਹੋਰ ਵਿਦਿਅਕ ਅਦਾਰਿਆਂ 'ਤੇ ਲਾਗੂ ਹੋਵੇਗਾ। ਇਥੇ ਇੱਕ ਗੱਲ ਤਾਂ ਸਿੱਧੀ ਹੈ ਕਿ ਕੇਂਦਰ ਸਰਕਾਰ ਹਰ ਚੀਜ਼ 'ਤੇ ਆਪਣਾ ਕੰਟਰੋਲ ਰੱਖਣਾ ਚਾਹੁੰਦੀ ਹੈ ਅਤੇ ਸੂਬਾ ਸਰਕਾਰਾਂ ਇਸ ਤਰ੍ਹਾਂ ਸਿਰਫ ਰਬੜ ਸਟੈਂਪਾਂ ਹੀ ਬਣ ਕੇ ਰਹਿ ਜਾਣਗੀਆਂ।

ਯੂ ਜੀ ਸੀ ਅਤੇ ਹੋਰ ਸੰਸਥਾਵਾਂ ਭੰਗ: ਇਸ ਬਿੱਲ ਤਹਿਤ ਯੂ ਜੀ ਸੀ, (ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ 1956), ਏ ਆਈ ਸੀ ਟੀ ਈ (ਆਲ ਇੰਡੀਆ ਕੌਂਸਲ ਆਫ ਟੀਚਰ ਐਜੂਕੇਸ਼ਨ 1987) ਅਤੇ ਐੱਨ ਸੀ ਟੀ ਈ (ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ 1983) ਨੂੰ ਭੰਗ ਕਰ ਕੇ ਤਿੰਨ ਨਵੀਆਂ ਕੌਂਸਲਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:



ਵਿਕਸਿਤ ਭਾਰਤ ਸਿੱਖਿਆ ਵਿਨਿਯਮਨ ਪਰਿਸ਼ਦ: ਇਹ ਇੱਕ ਰੈਗੂਲੇਟਰੀ ਕੌਂਸਲ ਹੋਵੇਗੀ, ਜੋ ਨਿਰਧਾਰਤ ਨਿਯਮਾਂ ਨੂੰ ਉੱਚ ਸਿੱਖਿਆ ਅਦਾਰਿਆਂ ਤੋਂ ਲਾਗੂ ਕਰਵਾਏਗੀ ਅਤੇ ਕਮਿਸ਼ਨ ਦੇ ਨਾਲ ਤਾਲ-ਮੇਲ ਦਾ ਕੰਮ ਕਰੇਗੀ।

ਵਿਕਸਿਤ ਭਾਰਤ ਸਿੱਖਿਆ ਗੁਣਵੱਤਾ ਪਰਿਸ਼ਦ: ਇਹ ਕੌਂਸਲ ਉੱਚ ਸਿੱਖਿਆ ਅਦਾਰਿਆਂ ਨੂੰ ਮਾਨਤਾ ਦੇਣ ਦਾ ਕੰਮ ਸੰਭਾਲੇਗੀ।

ਵਿਕਸਿਤ ਭਾਰਤ ਸਿੱਖਿਆ ਮਾਨਕ ਪਰਿਸ਼ਦ: ਇਹ ਕੌਂਸਲ ਘੱਟੋ-ਘੱਟ ਨਿਯਮ ਕੀ ਹੋਣਗੇ ਉਨ੍ਹਾਂ ਨੂੰ ਨਿਰਧਾਰਤ ਕਰੇਗੀ।

ਕੰਮ ਉਹ ਹੀ ਹੈ ਪਰ ਅਸਲ ਵਿੱਚ ਵਿਕੇਂਦਰੀਕਰਨ ਤੋਂ ਕੇਂਦਰੀਕਰਨ ਕਰ ਦਿੱਤਾ ਗਿਆ ਹੈ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਹਾਲ ਦੀ ਘੜੀ ਮੈਡੀਕਲ, ਕਾਨੂੰਨ ਅਤੇ ਆਰਕੀਟੈਕਚਰ ਦੀ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਪਹਿਲਾਂ ਵਾਂਗ ਹੀ ਚੱਲਣਗੀਆਂ। ਪਰ ਇਨ੍ਹਾਂ ਨੂੰ ਹੁਣ ਸਿਰਫ ਅਕਾਦਮਿਕ ਕੰਮ ਹੀ ਕਰਨਾ ਹੋਵੇਗਾ ਬਾਕੀ ਕੰਮ ਉਪਰੋਕਤ ਸੰਸਥਾਵਾਂ ਕਰਨਗੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਨੂੰ ਚਲਾਉਣ ਲਈ ਹਰ ਸੰਸਥਾ ਵਿੱਚ 14 ਮੈਂਬਰ ਹੋਣਗੇ ਅਤੇ ਉਨ੍ਹਾਂ ਵਿੱਚੋਂ ਇੱਕ ਪ੍ਰਧਾਨ ਹੋਵੇਗਾ। ਇਨ੍ਹਾਂ ਕੌਂਸਲਾਂ ਦੇ ਮੈਂਬਰ, ਉੱਘੀਆਂ ਸ਼ਖਸੀਅਤਾਂ (ਪਰਸਨ ਆਫ ਐਮੀਨੈਂਸ) ਹੋਣਵੇ, ਜਿਨ੍ਹਾਂ ਦਾ ਤਜਰਬਾ ਪ੍ਰੋਫੈਸਰ ਦੇ ਦਸ ਸਾਲਾਂ ਦੇ ਬਰਾਬਰ ਹੋਵੇਗਾ ਜਾਂ ਫਿਰ ਇਹ ਸ਼ਖਸੀਅਤਾਂ ਸਿੱਖਿਆ ਜਾਂ ਖੋਜ ਦੇ ਖੇਤਰ ਵਿੱਚ ਮਹੱਤਵਪੂਰਨ ਸਥਾਨ ਰੱਖਣ ਵਾਲੀਆਂ ਹੋਣਗੀਆਂ। ਇਨ੍ਹਾਂ ਵਿੱਚ ਇੱਕ ਨਾਮਜ਼ਦ ਕੇਂਦਰ ਦੇ ਉੱਚ ਸਿੱਖਿਆ ਵਿਭਾਗ ਦਾ ਹੋਵੇਗਾ ਅਤੇ ਦੋ ਦੂਜੀਆਂ ਕੌਂਸਲਾਂ ਦੇ ਮੈਂਬਰ ਹੋਣਗੇ। ਇਸ ਦੇ ਨਾਲ ਹੀ 'ਵਿਕਸਿਤ ਭਾਰਤ ਸ਼ਿਕਸ਼ਾ ਵਿਨਿਯਮਨ' ਅਤੇ 'ਮਾਨਕ ਪਰਿਸ਼ਦ' ਵਿੱਚੋਂ ਇੱਕ ਮੈਂਬਰ ਸੂਬਾ ਸਰਕਾਰ ਵੱਲੋਂ ਨਾਮਜ਼ਦ ਹੋਵੇਗਾ, ਜੋ ਪੱਕਾ ਨਹੀਂ ਰੋਟੇਸ਼ਨ 'ਤੇ ਹੋਵੇਗਾ। ਇਨ੍ਹਾਂ ਕੌਂਸਲਾਂ ਦੇ ਪ੍ਰਧਾਨ ਅਤੇ ਪੱਕੇ ਮੈਂਬਰਾਂ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਜਾਵੇਗਾ, ਚੋਣ ਕਮੇਟੀ ਦੀ ਸਿਫ਼ਾਰਿਸ਼ 'ਤੇ ਚੋਣ ਕਮੇਟੀ ਵਿੱਚ ਦੋ ਉੱਘੇ ਮਾਹਿਰ ਅਤੇ ਸਕੱਤਰ ਹਾਇਰ ਐਜੂਕੇਸ਼ਨ ਭਾਰਤ ਸਰਕਾਰ ਹੋਵੇਗਾ, ਮਾਹਿਰਾਂ ਵਿੱਚੋਂ ਇੱਕ ਪ੍ਰਧਾਨ ਹੋਵੇਗਾ। ਇਸ ਦੇ ਨਾਲ ਹਾਇਰ ਐਜੂਕੇਸ਼ਨ ਕਮਿਸ਼ਨ ਦੇ ਵਿੱਚ ਇੱਕ ਚੇਅਰਪਰਸਨ ਅਤੇ 12 ਮੈਂਬਰ ਹੋਣਗੇ। ਚੇਅਰਪਰਸਨ ਦੀ ਨਿਯੁਕਤੀ ਆਰਜੀ ਤੌਰ 'ਤੇ ਹੋਵੇਗੀ ਅਤੇ ਇਹ ਅਹੁਦਾ ਕਿਸੇ ਉੱਘੀ ਸ਼ਖਸੀਅਤ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਤਿੰਨੇ ਕੌਂਸਲਾਂ ਦੇ ਪ੍ਰਧਾਨ ਵੀ ਮੈਂਬਰ ਹੋਣਗੇ। ਇਸ ਦੇ ਨਾਲ ਸਕੱਤਰ ਹਾਇਰ ਐਜੂਕੇਸ਼ਨ, ਪੰਜ ਉੱਘੇ ਮਾਹਿਰ ਅਤੇ ਦੋ ਉੱਘੇ ਸਿੱਖਿਆ ਸ਼ਾਸਤਰੀ ਸੂਬੇ ਦੇ ਹਾਇਰ ਐਜੂਕੇਸ਼ਨ ਇੰਸਟੀਚਿਊਟ ਵਿੱਚੋਂ ਹੋਣਗੇ। ਇਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਕੇਂਦਰ ਸਰਕਾਰ ਦੀ ਸਿਫਾਰਿਸ਼ 'ਤੇ ਨਿਯੁਕਤ ਕੀਤਾ ਜਾਵੇਗਾ।

ਕਮਿਸ਼ਨ ਦੇ ਚੇਅਰਪਰਸਨ ਅਤੇ ਕੌਂਸਲ ਦੇ ਪ੍ਰਧਾਨ ਦੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ, ਜਿਸ ਨੂੰ ਅੱਗੋਂ ਦੋ ਸਾਲਾਂ ਲਈ ਹੋਰ ਵਧਾਇਆ ਜਾ ਸਕਦਾ ਹੈ, ਬਾਕੀ ਮੈਂਬਰਾਂ ਦੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ। ਇੱਕ ਟਰਮ ਮੁਕੰਮਲ ਹੋਣ ਮਗਰੋਂ ਮੈਂਬਰਾਂ ਨੂੰ ਮੁੜ ਨਿਯੁਕਤ ਵੀ ਕੀਤਾ ਜਾ ਸਕਦਾ ਹੈ। ਸਾਰਿਆਂ ਲਈ ਉਮਰ ਹੱਦ ਵੱਧ ਤੋਂ ਵੱਧ 70 ਸਾਲ ਰੱਖੀ ਗਈ ਹੈ। ਸਿਰਫ ਕਮਿਸ਼ਨ ਦੇ ਚੇਅਰਪਰਸਨ ਦੇ ਅਹੁਦੇ ਲਈ ਇਹ ਸ਼ਰਤ ਲਾਗੂ ਨਹੀਂ ਹੋਵੇਗੀ। ਸੂਬੇ ਦੇ ਦੋਵੇਂ ਨਾਮਿਨੀ, ਸਿਰਫ ਇੱਕ ਸਾਲ ਲਈ ਨਿਯੁਕਤ ਕੀਤੇ ਜਾਣਗੇ, ਜਿਨ੍ਹਾਂ ਦੀ ਤਨਖਾਹ ਅਤੇ ਭੱਤੇ ਕੇਂਦਰ ਸਰਕਾਰ ਤੈਅ ਕਰੇਗੀ।

ਉੱਚ ਸਿੱਖਿਆ ਅਦਾਰਿਆਂ 'ਤੇ ਜੁਰਮਾਨਾ: ਰੈਗੂਲੇਟਰੀ ਕੌਂਸਲ ਉਨ੍ਹਾਂ ਉੱਚ ਸਿੱਖਿਆ ਅਦਾਰਿਆਂ 'ਤੇ ਜੁਰਮਾਨਾ ਲਾ ਸਕਦੀ ਹੈ, ਜੋ ਇਸ ਐਕਟ ਸਬੰਧੀ ਕੌਂਸਲਾਂ ਵੱਲੋਂ ਬਣਾਏ ਗਏ ਕਾਨੂੰਨਾਂ ਦੀ ਉਲੰਘਣਾ ਕਰਨਗੇ। ਇਹ ਜੁਰਮਾਨਾ 10 ਤੋਂ 70 ਲੱਖ ਰੁਪਏ ਤੱਕ ਦਾ ਹੋ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਅਦਾਰਾ ਕੋਈ ਵੱਡੀ ਗਲਤੀ ਕਰਦਾ ਹੈ ਤਾਂ ਕੇਂਦਰ ਜਾਂ ਸੂਬਾ ਸਰਕਾਰਾਂ ਦੀ ਸਿਫਾਰਿਸ਼ ਨਾਲ ਉਸ ਨੂੰ ਬੰਦ ਵੀ ਕਰਵਾਇਆ ਜਾ ਸਕਦਾ ਹੈ। ਕਿਸੇ ਉੱਚ ਸਿੱਖਿਆ ਅਦਾਰੇ ਦੀ ਖੁਦਮੁਖਤਿਆਰੀ ਘਟਾਉਣ ਜਾਂ ਵਧਾਉਣ ਸਬੰਧੀ ਫੈਸਲਾ ਵੀ ਕੌਂਸਲ ਹੀ ਲਵੇਗੀ। ਇਸ ਦੇ ਨਾਲ ਹੀ ਗ੍ਰਾਂਟ ਰੋਕਣ ਦੀ ਸਿਫ਼ਾਰਿਸ਼, ਡਿਗਰੀ ਦੇਣ ਦੇ ਤਰੀਕੇ ਨੂੰ ਬਦਲਣ ਆਦਿ ਬਾਰੇ ਫੈਸਲੇ ਵੀ ਕੌਂਸਲ ਦੇ ਹੱਕ ਵਿੱਚ ਹੀ ਹੋਣਗੇ। ਜੇ ਕੋਈ ਯੂਨੀਵਰਸਿਟੀ ਮਾਨਤਾ ਤੋਂ ਬਿਨਾਂ ਚੱਲਦੀ ਹੈ ਤਾਂ ਉਸ ਨੂੰ ਘੱਟੋ ਘੱਟ 2 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਜੇ ਕਿਸੇ ਨੂੰ ਕਮਿਸ਼ਨ ਜਾਂ ਕੌਂਸਲ ਦਾ ਫੈਸਲਾ ਨਾ-ਮਨਜ਼ੂਰ ਹੋਵੇ ਤਾਂ ਉਸ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਕੋਲ ਅਪੀਲ ਕੀਤੀ ਜਾ ਸਕਦੀ ਹੈ, ਭਾਵ ਆਪਣਾ ਹੱਕ ਮੰਗਣ ਲਈ ਅਦਾਲਤ ਜਾਣ ਦਾ ਅਧਿਕਾਰ ਖਤਮ ਕਰ ਦਿੱਤਾ ਗਿਆ ਹੈ।

ਇਸ ਬਿੱਲ 'ਤੇ ਇਤਰਾਜ ਕਿਉਂ: ਪਹਿਲਾਂ ਯੂ ਜੀ ਸੀ ਅਤੇ ਦੂਜੀਆਂ ਸੰਸਥਾਵਾਂ ਕੋਲ ਗ੍ਰਾਂਟ ਦੇਣ ਦਾ ਅਧਿਕਾਰ ਅਤੇ ਮਾਲੀਆ ਸੀ, ਪਰ ਨਵੀਂ ਵਿਵਸਥਾ ਵਿੱਚ ਕਮਿਸ਼ਨ ਜਾਂ ਕੌਂਸਲ ਕਿਸੇ ਕੋਲ ਵੀ ਇਹ ਅਧਿਕਾਰ ਨਹੀਂ। ਯੂਨੀਵਰਸਿਟੀਆਂ ਕੋਲ ਆਉਣ ਵਾਲਾ ਪੈਸਾ ਹੁਣ ਸਿੱਧਾ ਕੇਂਦਰ ਸਰਕਾਰ ਦੇ ਹੱਥ ਵਿੱਚ ਹੋਵੇਗਾ। ਇਸ ਦਾ ਸਿੱਧਾ ਅਸਰ ਸੂਬਿਆਂ ਦੀਆਂ ਯੂਨੀਵਰਸਿਟੀਆਂ 'ਤੇ ਦਿਖੇਗਾ, ਜੋ ਪਹਿਲਾਂ ਹੀ ਫੰਡਾਂ ਦੀ ਘਾਟ ਨਾਲ ਜੂਝ ਰਹੀਆਂ ਹਨ। ਇਸ ਦੇ ਨਾਲ ਹੀ ਯੂਨੀਵਰਸਿਟੀਆਂ ਵਿੱਚ ਹੋਣ ਵਾਲੀਆਂ ਨਿਯੁਕਤੀਆਂ ਵੀ ਕੇਂਦਰ ਦੇ ਅਧੀਨ ਹੋ ਜਾਣਗੀਆਂ। ਇਸ ਤਰ੍ਹਾਂ ਜੇਕਰ ਸੂਬੇ ਵਿੱਚ ਸਰਕਾਰ ਵਿਰੋਧੀ ਪਾਰਟੀ ਦੀ ਹੋਵੇਗੀ ਤਾਂ ਕੇਂਦਰ ਵੱਲੋਂ ਫੰਡਾਂ ਵਿੱਚ ਕਟੌਤੀ ਹੋਣੀ ਸੁਭਾਵਕ ਹੀ ਹੈ। ਦੂਜੇ ਪਾਸੇ ਸੂਬਾ ਸਰਕਾਰਾਂ ਦਾ ਯੂਨੀਵਰਸਿਟੀ 'ਤੇ ਹੱਕ ਲਗਪਗ ਖਤਮ ਹੋਣ ਵਾਂਗ ਹੋ ਜਾਵੇਗਾ, ਕਿਉਂਕਿ ਕਲਰਕਾਂ ਤੋਂ ਲੈ ਕੇ ਵੀ ਸੀ ਤੱਕ ਹਰ ਅਹੁਦੇ ਦੀ ਨਿਯੁਕਤੀ ਕੇਂਦਰ ਹੱਥ ਹੋਵੇਗੀ।

ਇਥੇ ਸਭ ਤੋਂ ਵੱਧ ਲਾਭ ਸਰਮਾਏਦਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਹੋਵੇਗਾ। ਇਨ੍ਹਾਂ ਹਾਲਾਤ ਵਿੱਚ ਸਿੱਖਿਆ, ਅਧਿਐਨ ਅਤੇ ਖੋਜ ਦਾ ਮਿਆਰ ਕੀ ਹੋਵੇਗਾ, ਇਸ ਦੀ ਮਿਸਾਲ ਹਾਲ ਹੀ ਵਿੱਚ ਹੋਈ ਏ ਆਈ ਸਮਿਟ ਦੌਰਾਨ ਗਲਗੋਟੀਆ ਯੂਨੀਵਰਸਿਟੀ ਵੱਲੋਂ ਨਿਭਾਈ ਗਈ ਭੂਮਿਕਾ ਵਿੱਚ ਮਿਲ ਹੀ ਗਿਆ ਹੈ। ਦੂਜੇ ਪਾਸੇ ਇੰਨੇ ਵੱਡੇ ਪਲੈਟਫਾਰਮ 'ਤੇ ਦੇਸ਼ ਦੀ ਸਾਖ ਨੂੰ ਖੋਰਾ ਲਾਉਣ ਵਾਲੀ ਯੂਨੀਵਰਸਿਟੀ ਨੂੰ ਸਖਤ ਸਜਾ ਦੇਣ ਦੀ ਥਾਂ ਮਾਮੂਲੀ ਮੁਆਫੀਨਾਮੇ ਮਗਰੋਂ ਛੱਡ ਦਿੱਤਾ ਗਿਆ।

ਯੂਨੀਵਰਸਿਟੀਆਂ ਵਿੱਚ ਕੀ ਪੜ੍ਹਾਇਆ ਜਾਵੇਗਾ, ਕਿੰਨਾ ਅਤੇ ਕਿਵੇਂ ਪੜ੍ਹਾਇਆ ਜਾਵੇਗਾ, ਇਸ ਸਭ ਦਾ ਫੈਸਲਾ ਸਿਰਫ ਕੇਂਦਰ ਸਰਕਾਰ ਹੱਥ ਹੋਵੇਗਾ। ਇਸ ਨੀਤੀ ਦੇ ਦੂਰਗਾਮੀ ਸਿੱਟਿਆਂ ਵਿੱਚ ਇੱਕ ਪਹਿਲੂ ਇਹ ਵੀ ਸ਼ਾਮਲ ਹੈ ਕਿ ਅਜਿਹੇ ਮਾਹੌਲ ਮਗਰੋਂ ਸਰਕਾਰੀ ਯੂਨੀਵਰਸਿਟੀਆਂ ਹੌਲੀ ਹੌਲੀ ਆਪਣੀ ਹੋਂਦ ਗੁਆ ਬੈਠਣਗੀਆਂ ਤੇ ਇੱਕ ਇੱਕ ਕਰਕੇ ਪ੍ਰਾਈਵੇਟ ਹੱਥਾਂ ਵਿੱਚ ਚਲੀਆਂ ਜਾਣਗੀਆਂ। ਇਹ ਅਮਲ ਵਰਤਮਾਨ ਵਿੱਚ ਵੀ ਜਾਰੀ ਹੈ, ਪਰ ਲੋਕਾਂ ਦੇ ਰੋਹ ਅੱਗੇ ਹਾਲੇ ਕੇਂਦਰ ਸਰਕਾਰ ਨੂੰ ਝੁਕਣਾ ਪੈਂਦਾ ਹੈ। ਸਰਕਾਰੀ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਅਤੇ ਮੁਲਾਜਮਾਂ ਦੀਆਂ ਜਥੇਬੰਦੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਦੇ ਏਕੇ ਅੱਗੇ ਕਈ ਵਾਰ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਝੁਕਣਾ ਪਿਆ ਹੈ, ਪਰ ਪ੍ਰਾਈਵੇਟ ਸੰਸਥਾਵਾਂ ਵਿੱਚ ਕੰਮ ਕਰਨ ਵਾਲਿਆਂ ਦਾ ਇਹ ਬੁਨਿਆਦੀ ਹੱਕ ਵੀ ਖੋਹ ਲਿਆ ਜਾਂਦਾ ਹੈ, ਜਿਸ ਨਾਲ ਵਿਰੋਧ ਦੀ ਗੁੰਜਾਇਸ਼ ਖਤਮ ਹੋ ਜਾਵੇਗੀ। ਗੁਣਵੱਤਾ ਦੇ ਨਾਮ 'ਤੇ ਫੀਸਾਂ ਵਿੱਚ ਅਥਾਹ ਵਾਧਾ ਕੀਤਾ ਜਾਵੇਗਾ ਅਤੇ ਆਮ ਘਰਾਂ ਦੇ ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰ ਸਕਣ ਦੇ ਆਪਣੇ ਅਧਿਕਾਰ ਤੋਂ ਵਾਂਝੇ ਕਰ ਦਿੱਤੇ ਜਾਣਗੇ। ਇਹ ਬਿੱਲ ਸਿੱਖਿਆ ਦੇ ਨਿੱਜੀਕਰਨ ਅਤੇ ਕੇਂਦਰੀਕਰਨ ਦੀ ਰਫਤਾਰ ਨੂੰ ਤੇਜ ਕਰਨ ਵਾਲਾ ਹੈ।

ਡਾ: ਅਮਨਪ੍ਰੀਤ ਸਿੰਘ ਬਰਾੜ

# ਇੱਕ ਦੇਸ਼, ਇੱਕ ਚੋਣ: ਕੀ ਇਹ ਲੋਕਤੰਤਰ ਦੀਆਂ ਬਿਮਾਰੀਆਂ ਦਾ ਇਲਾਜ ਹੈ ਜਾਂ ਇੱਕ-ਪਾਰਟੀ ਰਾਜ ਵੱਲ ਕਦਮ?




ਸਿਆਸੀ ਦਲਾਂ ਵੱਲੋਂ ਬੇਹਿਸਾਬ ਚੋਣ ਖ਼ਰਚ, ਵੋਟਰਾਂ ਨੂੰ ਲੁਭਾਉਣ ਲਈ ਨਕਦੀ ਤੇ ਮੁਫ਼ਤ ਰੇਵੜੀਆਂ ਦੀ ਵੰਡ, ਰਾਜਨੀਤੀ ਦਾ ਅਪਰਾਧੀਕਰਨ ਅਤੇ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ-ਇਹ ਭਾਰਤੀ ਲੋਕਤੰਤਰ ਵਿੱਚ ਅਜਿਹੀਆਂ ਗੰਭੀਰ ਬਿਮਾਰੀਆਂ ਬਣ ਚੁੱਕੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਦਿਨ-ਪ੍ਰਤੀ-ਦਿਨ ਅਸੰਭਵ ਹੁੰਦਾ ਜਾ ਰਿਹਾ ਹੈ। ਅਜਿਹੇ ਵਿੱਚ ਇਹ ਵੱਡਾ ਸਵਾਲ ਉੱਠਦਾ ਹੈ ਕਿ 'ਇੱਕ ਦੇਸ਼, ਇੱਕ ਚੋਣ' ਜੇਕਰ ਸਿਰਫ਼ ਇੱਕ ਚੋਣ ਕੈਲੰਡਰ ਬਦਲਣ ਦੀ ਕਵਾਇਦ ਹੈ, ਤਾਂ ਕੀ ਇਹ ਬਿਮਾਰੀਆਂ ਆਪੇ-ਆਪ ਦੂਰ ਹੋ ਜਾਣਗੀਆਂ, ਜੋ ਲੋਕਤੰਤਰ ਨੂੰ ਘੁਣ ਵਾਂਗਰ ਖਾ ਰਹੀਆਂ ਹਨ।

ਦਰਅਸਲ, ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਮੌਜੂਦਾ ਸੱਤਾਧਾਰੀ ਧਿਰ ਦੀ ਸਿਆਸੀ ਮਨਸ਼ਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਿਛਲੇ 12-13 ਸਾਲਾਂ ਤੋਂ ਦੇਸ਼ 'ਤੇ ਰਾਜ ਕਰ ਰਹੀ ਸੱਤਾਧਾਰੀ ਧਿਰ ਹਰ ਹੱਥਕੰਡਾ ਵਰਤ ਕੇ ਭਵਿੱਖ ਦੇ ਹਰ ਛੋਟੇ-ਵੱਡੇ ਚੋਣਵੇਂ ਦੌਰ 'ਤੇ ਆਪਣੀ ਪਕੜ ਬਣਾਈ ਰੱਖਣਾ ਚਾਹੁੰਦੀ ਹੈ। ਉਸ ਦਾ ਨਿਸ਼ਾਨਾ ਖੇਤਰੀ ਪਾਰਟੀਆਂ ਦੀ ਆਵਾਜ਼ ਨੂੰ ਦਬਾਉਣਾ, ਵਿਰੋਧੀ ਧਿਰਾਂ ਦਾ ਅਸਰ ਖਤਮ ਕਰਨਾ ਅਤੇ ਦੇਸ਼ ਵਿੱਚ ਇੱਕ ਪਾਰਟੀ ਦਾ ਰਾਜ ਸਥਾਪਿਤ ਕਰਨਾ ਹੈ। ਉਸ ਵੱਲੋਂ ਏਕਾਤਮਕ ਰਾਸ਼ਟਰਵਾਦ ਦੀ ਵਿਚਾਰਧਾਰਾ ਨੂੰ ਅੱਗੇ ਵਧਾ ਕੇ ਭਾਰਤੀ ਸੰਵਿਧਾਨ ਦੇ ਮੂਲ ਢਾਂਚੇ ਅਤੇ ਸੰਘੀ ਵਿਵਸਥਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਵਾਇਦ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਨਹੀਂ, ਸਗੋਂ ਹੌਲੀ-ਹੌਲੀ ਇੱਕ-ਪੁਰਖੀ ਜਾਂ ਇੱਕ-ਪਾਰਟੀ ਡਿਕਟੇਟਰਸ਼ਿਪ ਵੱਲ ਵਧਣ ਦਾ ਸਬੱਬ ਬਣ ਰਹੀ ਹੈ।

ਸਰਕਾਰ ਇਸ ਖਾਸ ਏਜੰਡੇ ਅਤੇ ਸੀਮਾਬੰਦੀ ਵਰਗੇ ਦੂਰਗਾਮੀ ਪ੍ਰਭਾਵ ਵਾਲੇ ਕਾਨੂੰਨਾਂ ਨੂੰ ਆਪਣੇ ਹਿਸਾਬ ਨਾਲ ਲਾਗੂ ਕਰਨਾ ਚਾਹੁੰਦੀ ਹੈ, ਪਰ ਸੰਸਦ ਵਿੱਚ 2/3 ਦੋ-ਤਿਹਾਈ ਬਹੁਮਤ ਨਾ ਹੋਣ ਕਰਕੇ ਉਸ ਨੂੰ ਅੜਚਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਹੋਰਨਾਂ ਪਾਰਟੀਆਂ ਨਾਲ ਜੋੜ-ਤੋੜ ਕਰਕੇ ਜਾਂ ਹੋਰ ਰਾਜਨੀਤਿਕ ਜੋੜ-ਤੋੜ ਲਗਾ ਕੇ ਇਸ ਬਿਲ ਨੂੰ ਪਾਸ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ, ਜੋ ਕਿ ਕਿਸੇ ਵੀ ਹਾਲਤ ਵਿੱਚ ਲੋਕ-ਹਿੱਤ ਵਿੱਚ ਨਹੀਂ ਹੈ।

ਜੇਕਰ ਸਰਕਾਰ ਲੋਕਤੰਤਰ ਦੀਆਂ ਅਸਲੀ ਬਿਮਾਰੀਆਂ ਨੂੰ ਦੂਰ ਕਰਨ ਲਈ ਸੰਜੀਦਾ ਹੁੰਦੀ, ਤਾਂ ਚੋਣ ਸੁਧਾਰਾਂ ਦੀ ਸ਼ੁਰੂਆਤ ਅਪਰਾਧੀਆਂ ਨੂੰ ਰਾਜਨੀਤੀ ਤੋਂ ਬਾਹਰ ਕਰਨ ਨਾਲ ਹੁੰਦੀ। ਮੌਜੂਦਾ ਪ੍ਰਧਾਨ ਮੰਤਰੀ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਸੰਸਦ ਵਿੱਚ ਵੱਡਾ ਦਾਅਵਾ ਕੀਤਾ ਸੀ ਕਿ ਅਪਰਾਧਿਕ ਮਾਮਲਿਆਂ ਵਿੱਚ ਲਿਪਤ ਸੰਸਦ ਮੈਂਬਰਾਂ ਦੇ ਕੇਸਾਂ ਦਾ ਤੇਜ਼ੀ ਨਾਲ ਨਿਪਟਾਰਾ ਕਰਕੇ ਉਨ੍ਹਾਂ ਨੂੰ ਸੰਸਦ ਵਿੱਚੋਂ ਬਾਹਰ ਕੀਤਾ ਜਾਵੇਗਾ। ਪਰ ਨਤੀਜਾ ਬਿਲਕੁਲ ਉਲਟ ਰਿਹਾ ਹੈ।

'ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫਾਰਮਜ਼' ਅਤੇ 'ਨੈਸ਼ਨਲ ਇਲੈਕਸ਼ਨ ਵਾਚ' ਦੀਆਂ ਹਾਲੀਆ ਰਿਪੋਰਟਾਂ ਅਨੁਸਾਰ, ਸੰਸਦ (ਲੋਕ ਸਭਾ) ਦੇ ਲਗਭਗ 45 ਫੀਸਦੀ ਚੁਣੇ ਹੋਏ ਮੈਂਬਰਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ ਕਈਆਂ ਉੱਤੇ ਗੰਭੀਰ ਧਾਰਾਵਾਂ ਹਨ। ਸਰਕਾਰ ਨੇ ਇਨ੍ਹਾਂ ਅਪਰਾਧਿਕ ਮਾਮਲਿਆਂ ਵਿੱਚ ਫਸੇ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਣ ਲਈ ਕੋਈ ਠੋਸ ਕਾਨੂੰਨ ਬਣਾਉਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।

ਇਸ ਤੋਂ ਇਲਾਵਾ, ਲੋਕ ਸਭਾ ਵਿੱਚ ਇੱਕ ਦੇਸ਼-ਇੱਕ ਚੋਣ ਸਬੰਧੀ ਪੇਸ ਕੀਤੇ ਗਏ 'ਸੰਵਿਧਾਨ (129ਵੀਂ ਸੋਧ) ਬਿਲ, 2024' ਦੀ ਸਮੀਖਿਆ ਕਰ ਰਹੀ 39-ਮੈਂਬਰੀ ਸੰਯੁਕਤ ਪਾਰਲੀਮੈਂਟ ਕਮੇਟੀ ਦੀਆਂ ਬੈਠਕਾਂ ਵਿੱਚ ਵੀ ਕਾਫੀ ਹੰਗਾਮਾ ਅਤੇ ਗੰਭੀਰ ਚਰਚਾ ਹੋ ਚੁੱਕੀ ਹੈ। ਕਈ ਮੀਟਿੰਗਾਂ ਦੌਰਾਨ ਸੰਵਿਧਾਨਕ ਮਾਹਰਾਂ ਨੇ ਇਸ ਬਿਲ ਦੇ ਖਤਰਿਆਂ ਤੋਂ ਜਾਣੂ ਕਰਵਾਇਆ ਹੈ। ਜੇਪੀਸੀ ਸਾਹਮਣੇ ਪੇਸ਼ ਹੁੰਦਿਆਂ ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਠੋਸ ਦਲੀਲਾਂ ਨਾਲ ਇਸ ਪ੍ਰਸਤਾਵ ਨੂੰ "ਅਸੰਵਿਧਾਨਕ" ਅਤੇ "ਸੰਵਿਧਾਨਕ ਕੁਰੂਪਤਾ" ਕਰਾਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ 5 ਸਾਲ ਦੇ ਨਿਸ਼ਚਿਤ ਕਾਰਜਕਾਲ ਤੋਂ ਪਹਿਲਾਂ ਹੀ ਅਵਿਸ਼ਵਾਸ ਮਤੇ ਨਾਲ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਰਹਿੰਦੇ ਸਮੇਂ ਲਈ ਕੀ ਕੀਤਾ ਜਾਵੇਗਾ? ਕੀ ਰਾਜਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਕਾਰਜਕਾਲ ਜ਼ਬਰਦਸਤੀ ਛੋਟਾ ਕਰ ਦਿੱਤਾ ਜਾਵੇਗਾ?

'ਵਿਧੀ ਸੈਂਟਰ ਫ਼ਾਰ ਲੀਗਲ ਪਾਲਿਸੀ' ਵਰਗੀਆਂ ਆਜ਼ਾਦ ਅਤੇ ਵੱਕਾਰੀ ਕਾਨੂੰਨੀ ਸੰਸਥਾਵਾਂ ਨੇ ਵੀ ਇਸ ਬਿਲ ਦੀਆਂ ਡੂੰਘੀਆਂ ਕਾਨੂੰਨੀ ਖਾਮੀਆਂ ਨੂੰ ਉਜਾਗਰ ਕੀਤਾ ਹੈ। ਸੰਸਥਾ ਅਨੁਸਾਰ, ਰਾਜ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਕੇਂਦਰ ਦੇ ਹੁਕਮਾਂ ਨਾਲ ਛੋਟਾ ਜਾਂ ਵੱਡਾ ਕਰਨਾ ਭਾਰਤੀ ਸੰਵਿਧਾਨ ਦੇ 'ਮੂਲ ਢਾਂਚੇ' ਅਤੇ ਸੰਘੀ ਢਾਂਚੇ ਉੱਤੇ ਸਿੱਧਾ ਹਮਲਾ ਹੈ। ਜੇਕਰ ਵਿਚਕਾਰ ਹੀ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਬਚੇ ਸਮੇਂ ਲਈ ਚੁਣੇ ਹੋਏ ਨੁਮਾਇੰਦਿਆਂ ਦੇ ਅਧਿਕਾਰਾਂ ਨੂੰ ਸੀਮਤ ਕਰਨਾ ਜਾਂ ਉੱਥੇ ਜ਼ਬਰਦਸਤੀ ਰਾਸ਼ਟਰਪਤੀ ਸ਼ਾਸਨ ਠੋਸਣਾ ਲੋਕਤੰਤਰੀ ਜਨਾਦੇਸ਼ ਦਾ ਅਪਮਾਨ ਹੋਵੇਗਾ। ਇਸ ਤੋਂ ਇਲਾਵਾ, ਸੰਵਿਧਾਨ ਦੀਆਂ ਕਈ ਮੂਲ ਧਾਰਾਵਾਂ (ਜਿਵੇਂ ਧਾਰਾ 83, 85, 172 ਅਤੇ 174) ਵਿੱਚ ਰੱਦੋ-ਬਦਲ ਕਰਨ ਲਈ ਘੱਟੋ-ਘੱਟ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਮਨਜ਼ੂਰੀ ਲਾਜ਼ਮੀ ਹੈ, ਪਰ ਸਰਕਾਰ ਰਾਜਾਂ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਸੁਪਰੀਮ ਕੋਰਟ ਦੇ ਸੰਵਿਧਾਨਕ ਫ਼ੈਸਲਿਆਂ ਦੀ ਉਲੰਘਣਾ ਕਰ ਰਹੀ ਹੈ।

ਦੂਜੇ ਪਾਸੇ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਕਮੇਟੀ ਨੇ ਦੋ-ਚਰਣੀ ਚੋਣਾਂ ਦੀ ਸਿਫਾਰਸ਼ ਕੀਤੀ ਗਈ ਹੈ-ਪਹਿਲਾਂ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 100 ਦਿਨਾਂ ਦੇ ਅੰਦਰ ਨਗਰ ਨਿਗਮਾਂ ਤੇ ਪੰਚਾਇਤਾਂ ਦੀਆਂ ਚੋਣਾਂ। ਕਮੇਟੀ ਦਾ ਦਾਅਵਾ ਹੈ ਕਿ ਇਸ ਨਾਲ ਦੇਸ਼ ਭਰ ਵਿੱਚ ਇੱਕੋ ਹੀ ਵੋਟਰ ਸੂਚੀ ਹੋਵੇਗੀ ਅਤੇ ਖਜ਼ਾਨੇ ਦੇ ਪੈਸੇ ਦੀ ਬੱਚਤ ਹੋਵੇਗੀ। ਕਮੇਟੀ ਨੇ 20,000 ਤੋਂ ਵੱਧ ਸੁਝਾਅ ਪ੍ਰਾਪਤ ਹੋਣ ਦਾ ਦਾਅਵਾ ਵੀ ਕੀਤਾ, ਪਰ ਆਲੋਚਕਾਂ ਅਨੁਸਾਰ ਇਹ ਸਮੁੱਚੀ ਪ੍ਰਕਿਰਿਆ ਵਿਆਪਕ ਜਨ-ਭਾਗੀਦਾਰੀ ਤੋਂ ਬਿਨਾਂ ਮਹਿਜ਼ ਇੱਕਤਰਫ਼ਾ ਰਹੀ।

ਪੈਸੇ ਦੀ ਬੱਚਤ ਦੇ ਦਾਅਵਿਆਂ ਦੇ ਉਲਟ, ਪ੍ਰਸ਼ਾਸਨਿਕ ਅਤੇ ਅਮਲੀ ਤੌਰ 'ਤੇ ਵੀ ਇਹ ਪ੍ਰਸਤਾਵ ਕਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰਦਾ ਹੈ।

ਦੇਸ਼ ਭਰ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਲਈ ਕਰੋੜਾਂ ਦੀ ਗਿਣਤੀ ਵਿੱਚ ਨਵੀਆਂ ਈਵੀਐੱਮ ਅਤੇ ਵੀਵੀਪੀਏਟੀ ਮਸ਼ੀਨਾਂ ਦੀ ਲੋੜ ਪਵੇਗੀ। ਇਹਨਾਂ ਮਸ਼ੀਨਾਂ ਦੀ ਖਰੀਦਦਾਰੀ ਅਤੇ ਹਰ 15-20 ਸਾਲਾਂ ਬਾਅਦ ਇਹਨਾਂ ਨੂੰ ਬਦਲਣ ਉੱਤੇ ਸਰਕਾਰੀ ਖਜ਼ਾਨੇ 'ਤੇ ਅਰਬਾਂ ਰੁਪਏ ਦਾ ਵਾਧੂ ਬੋਝ ਪਵੇਗਾ, ਜੋ ਬੱਚਤ ਦੇ ਦਾਅਵੇ ਨੂੰ ਨਕਾਰਦਾ ਹੈ।

ਇੱਕੋ ਸਮੇਂ ਪੂਰੇ ਦੇਸ਼ ਵਿੱਚ ਚੋਣਾਂ ਕਰਵਾਉਣ ਲਈ ਕੇਂਦਰੀ ਵੈਧਾਨਿਕ ਅਤੇ ਸੁਰੱਖਿਆ ਬਲਾਂ ਦੀ ਬਹੁਤ ਵੱਡੀ ਗਿਣਤੀ ਵਿੱਚ ਤੈਨਾਤੀ ਕਰਨੀ ਪਵੇਗੀ। ਇਸ ਨਾਲ ਦੇਸ਼ ਦੀਆਂ ਸਰਹੱਦਾਂ ਅਤੇ ਅੰਦਰੂਨੀ ਸੁਰੱਖਿਆ ਨਾਲ ਸਮਝੌਤਾ ਹੋਣ ਦਾ ਖਤਰਾ ਬਣਿਆ ਰਹੇਗਾ।

ਵੱਖ-ਵੱਖ ਸਮਿਆਂ 'ਤੇ ਹੁੰਦੀਆਂ ਚੋਣਾਂ ਸਰਕਾਰ ਨੂੰ ਆਮ ਜਨਤਾ ਅਤੇ ਸਥਾਨਕ ਮੁੱਦਿਆਂ ਪ੍ਰਤੀ ਲਗਾਤਾਰ ਜਵਾਬਦੇਹ ਰੱਖਦੀਆਂ ਹਨ। ਜੇਕਰ ਚੋਣਾਂ 5 ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੀ ਹੋਣਗੀਆਂ, ਤਾਂ ਚੁਣੀਆਂ ਹੋਈਆਂ ਸਰਕਾਰਾਂ ਪੰਜ ਸਾਲਾਂ ਲਈ ਜਨਤਕ ਸਮੱਸਿਆਵਾਂ ਅਤੇ ਮਹਿੰਗਾਈ ਵਰਗੇ ਮੁੱਦਿਆਂ ਤੋਂ ਬੇਫ਼ਿਕਰ ਹੋ ਕੇ ਮਨਮਰਜ਼ੀ ਕਰਨ ਲੱਗ ਪੈਣਗੀਆਂ।

ਇਤਿਹਾਸਕ ਤੌਰ 'ਤੇ 1951-52 ਤੋਂ 1967 ਤੱਕ ਦੇਸ਼ ਵਿੱਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੁੰਦੀਆਂ ਸਨ, ਪਰ 1960 ਦੇ ਦਹਾਕੇ ਦੇ ਅਖੀਰ ਵਿੱਚ ਕਈ ਰਾਜਾਂ ਵਿੱਚ ਸਰਕਾਰਾਂ ਦੇ ਭੰਗ ਹੋਣ ਨਾਲ ਇਹ ਸਿਲਸਿਲਾ ਟੁੱਟ ਗਿਆ ਸੀ। ਅੱਜ ਭਾਰਤ ਦੀ ਰਾਜਨੀਤਿਕ ਸਥਿਤੀ ਬਹੁਤ ਵੱਖਰੀ ਹੈ। ਰਾਸ਼ਟਰੀ ਚੋਣਾਂ ਦੇ ਮੁੱਦੇ (ਵਿਦੇਸ਼ ਨੀਤੀ, ਰਾਸ਼ਟਰੀ ਸੁਰੱਖਿਆ) ਅਤੇ ਰਾਜਾਂ ਦੀਆਂ ਚੋਣਾਂ ਦੇ ਮੁੱਦੇ (ਸਥਾਨਕ ਵਿਕਾਸ, ਰੋਜ਼ਗਾਰ) ਬਿਲਕੁਲ ਵੱਖਰੇ ਹੁੰਦੇ ਹਨ। ਇੱਕੋ ਸਮੇਂ ਚੋਣਾਂ ਕਰਵਾਉਣ ਨਾਲ ਰਾਸ਼ਟਰੀ ਮੁੱਦਿਆਂ ਦੀ ਲਹਿਰ ਹੇਠ ਖੇਤਰੀ ਪਾਰਟੀਆਂ ਅਤੇ ਸਥਾਨਕ ਸਮੱਸਿਆਵਾਂ ਦੱਬ ਕੇ ਰਹਿ ਜਾਣਗੀਆਂ।

ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਸਿੱਖਿਆ ਸੁਧਾਰਾਂ ਦੀਆਂ ਗੱਲਾਂ ਕਰਨ ਲਈ 'ਜੈਨ-ਜ਼ੈੱਡ' ਦੇ ਬਿੱਲੇ 'ਤੇ ਕਾਨੂੰਨ ਤਾਂ ਬਣਾ ਦਿੱਤੇ, ਪਰ ਸਿੱਖਿਆ ਦੇ ਵਿੱਚ ਸਹੀ ਢੰਗ ਨਾਲ ਜਿਹੜੀ ਤਬਦੀਲੀ ਲਿਆਉਣੀ ਸੀ, ਉਹਦੀ ਕੋਈ ਗੱਲ ਨਹੀਂ ਕੀਤੀ। ਇਹ ਸੱਤਾਧਾਰੀ ਧਿਰ ਜਲ, ਜੰਗਲ ਅਤੇ ਜ਼ਮੀਨ ਦੇ ਮੁੱਦਿਆਂ ਨੂੰ ਛੱਡੀ ਬੈਠੀ ਹੈ। ਯੇਲ ਯੂਨੀਵਰਸਿਟੀ ਦੇ 'ਵਾਤਾਵਰਨ ਪ੍ਰਦਰਸ਼ਨ ਸੂਚਕਾਂਕ' (ਈਪੀਆਈ) ਅਨੁਸਾਰ 180 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਹੇਠਲੇ 176ਵੇਂ ਦਰਜੇ ਉੱਤੇ ਹੈ। 'ਵੰਦੇ ਮਾਤਰਮ' ਵਿੱਚ ਜਿਨ੍ਹਾਂ ਨਦੀਆਂ, ਹਵਾਵਾਂ ਅਤੇ ਹਰਿਆਵਲ ਦਾ ਗੁਣਗਾਣ ਕੀਤਾ ਜਾਂਦਾ ਹੈ, ਅੱਜ ਸਾਡੇ ਸ਼ਹਿਰ, ਪਿੰਡ ਅਤੇ ਨਦੀਆਂ ਜ਼ਹਿਰੀਲੀਆਂ ਹੋ ਚੁੱਕੀਆਂ ਹਨ। ਉਸ ਪ੍ਰਤੀ ਸਰਕਾਰ ਕਦੇ ਵੀ ਸੰਜੀਦਾ ਨਹੀਂ। ਮੌਜੂਦਾ ਸਰਕਾਰ ਐਕਸਪ੍ਰੈੱਸ-ਵੇਅ ਦੀ ਤੇਜ ਰਫ਼ਤਾਰ ਦੇ ਨਾਲ-ਨਾਲ ਕਤਾਰ ਵਿੱਚ ਖੜ੍ਹੇ ਆਖਰੀ ਇਨਸਾਨ ਦਾ ਹੱਥ ਫੜਨਾ ਭੁੱਲ ਚੁੱਕੀ ਹੈ। ਦੇਸ਼ ਦੀ ਉਡਾਣ ਲਈ ਕਾਰਖਾਨਿਆਂ ਦੀ ਜਿੰਨੀ ਜ਼ਰੂਰਤ ਹੈ, ਉਤਨੀ ਹੀ ਜ਼ਰੂਰਤ ਅੰਨਦਾਤਿਆਂ ਦੇ ਚਿਹਰਿਆਂ ਉੱਤੇ ਸਕੂਨ ਦੇਖਣ ਦੀ ਵੀ ਹੈ। ਚਮਕਦੇ ਬੁਨਿਆਦੀ ਢਾਂਚੇ ਅਤੇ ਲਹਿਲਹਾਉਂਦੇ ਖੇਤਾਂ ਦੇ ਵਿਚਕਾਰ ਦਾ ਮਾਨਵੀ ਸੰਤੁਲਨ ਹੀ ਇੱਕ ਨਿਆਂਪੂਰਵਕ ਅਤੇ ਤਾਕਤਵਰ ਭਾਰਤ ਦੀ ਨੀਂਹ ਮਜ਼ਬੂਤ ਕਰ ਸਕਦਾ ਹੈ। ਪਰ ਸਰਕਾਰ ਇਹਨਾਂ ਮਸਲਿਆਂ ਪ੍ਰਤੀ ਚੁੱਪ ਹੈ।

ਨਿਰਸੰਦੇਹ, ਲੋਕਤੰਤਰ ਦੀ ਅਸਲੀ ਮਜ਼ਬੂਤੀ ਚੋਣਾਂ ਦੀ ਤਾਰੀਖ਼ ਜਾਂ ਕੈਲੰਡਰ ਬਦਲਣ ਨਾਲ ਨਹੀਂ, ਸਗੋਂ ਰਾਜਨੀਤੀ ਵਿੱਚੋਂ ਧਨ-ਬਲ ਤੇ ਅਪਰਾਧ ਨੂੰ ਬਾਹਰ ਕੱਢਣ, ਸੰਘੀ ਢਾਂਚੇ ਨੂੰ ਬਚਾਉਣ, ਖੇਤਰੀ ਆਵਾਜ਼ਾਂ ਦਾ ਸਤਿਕਾਰ ਕਰਨ ਅਤੇ ਆਮ ਨਾਗਰਿਕ ਨੂੰ ਇਨਸਾਫ਼ ਦੇਣ ਨਾਲ ਹੀ ਸੰਭਵ ਹੈ। ਪਰ ਜਦੋਂ ਲੋਕ ਹਿੱਤਾਂ ਦੇ ਉਲਟ ਕਾਨੂੰਨ ਬਣਨਗੇ, ਉਦੋਂ ਲੋਕਤੰਤਰ ਵੀ ਕਮਜ਼ੋਰ ਹੋਏਗਾ ਅਤੇ ਆਮ ਆਦਮੀ ਨਿਆਂ ਤੋਂ ਸੱਖਣਾ ਹੋਏਗਾ।

ਗੁਰਮੀਤ ਸਿੰਘ ਪਲਾਹੀ

# ਪੰਜਾਬ ’ਚ ਡੂੰਘਾ ਹੋ ਰਿਹਾ ਜਲ ਸੰਕਟ



ਸੰਸਦ ਦੇ ਮੌਜੂਦਾ ਮੌਨਸੂਨ ਸੈਸਨ ਦੌਰਾਨ ‘ਪੰਜਾਬ ’ਚ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ’ ਸਬੰਧੀ ਅੰਕੜੇ ਪੇਸ ਕੀਤੇ ਗਏ। ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਦੇਸ ਦੇ ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਕਰ ਰਿਹਾ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਤੇ ਧਰਤੀ ਹੇਠੋਂ ਵੱਧ ਮਾਤਰਾ ’ਚ ਪਾਣੀ ਕੱਢਣ ਕਾਰਨ ਸਥਿਤੀ ਖਤਰਨਾਕ ਹੱਦ ਤੱਕ ਪਹੁੰਚ ਗਈ ਹੈ।

ਸੂਬੇ ਦੀ ਅਜਿਹੀ ਸਥਿਤੀ ’ਤੇ ਚਿੰਤਾ ਪ੍ਰਗਟਾਈ ਗਈ ਹੈ ਕਿਉਂਕਿ ਪੰਜਾਬ ਧਰਤੀ ਹੇਠਲਾ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ ਨਾਲੋਂ 56.36 ਫੀਸਦੀ ਵੱਧ ਪਾਣੀ ਕੱਢ ਰਿਹਾ ਹੈ। ਸਭ ਤੋਂ ਵੱਧ ਖਤਰਨਾਕ ਪੱਧਰ ਸੰਗਰੂਰ ਜਿਲ੍ਹੇ ਦਾ ਹੈ, ਜਿੱਥੇ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ ਨਾਲੋਂ ਪਾਣੀ ਦੀ ਨਿਕਾਸੀ 309.99 ਫੀਸਦੀ ਵੱਧ ਹੈ ਅਤੇ ਇਹ ਫੀਸਦ ਮਾਲੇਰਕੋਟਲਾ ਵਿੱਚ 301.93 ਅਤੇ ਜਲੰਧਰ ਵਿੱਚ 281.17 ਹੈ। ਸੂਬੇ ਦੇ ਕੁੱਲ 153 ਬਲਾਕਾਂ ’ਚੋਂ 111 ਬਲਾਕਾਂ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਘਟ ਗਿਆ ਹੈ। ਪੰਜਾਬ ਨੂੰ ਭਾਰਤ ਦਾ ਅੰਨ ਦਾ ਭੜੋਲਾ ਅਤੇ ਕਿਸਾਨ ਨੂੰ ਅੰਨਦਾਤਾ ਕਿਹਾ ਜਾਂਦਾ ਹੈ। ਇਸ ਉਪਲਬਧੀ ਪਿੱਛੇ ਸੂਬੇ ਦੇ ਵਿਕਸਿਤ ਸਿੰਜਾਈ ਸਿਸਟਮ ਦੀ ਭੂਮਿਕਾ ਅਹਿਮ ਰਹੀ ਹੈ। ਪੰਜਾਬ ’ਚ ਖੇਤੀਬਾੜੀ ਦੀ ਸਫਲਤਾ ਨਹਿਰੀ ਸਿੰਜਾਈ ਅਤੇ ਟਿਊਬਵੈੱਲਾਂ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਉੱਤੇ ਨਿਰਭਰ ਰਹੀ ਹੈ, ਪਰ ਪਿਛਲੇ ਕੁਝ ਦਹਾਕਿਆਂ ’ਚ ਇਹ ਸਿੰਜਾਈ ਸਿਸਟਮ ਵਾਤਾਵਰਨ ’ਚ ਵਿਗਾੜ ਅਤੇ ਖੇਤੀ ਤੇ ਆਰਥਿਕ ਸੰਕਟ ਦਾ ਕਾਰਨ ਵੀ ਬਣਿਆ ਹੈ। ਉਂਜ, ਪੰਜਾਬ ਦੇ ਸਿੰਜਾਈ ਸਿਸਟਮ ਨੂੰ ਇਸੇ ਸੰਦਰਭ ’ਚ ਦੇਖਿਆ ਜਾਣਾ ਬਣਦਾ ਹੈ। ਪੰਜਾਬ ਵਿੱਚ ਸਿੰਜਾਈ ਦਾ ਇਤਿਹਾਸ ਬਹੁਤ ਪੁਰਾਣਾ ਹੈ, ਪਰ ਆਧੁਨਿਕ ਨਹਿਰੀ ਸਿਸਟਮ ਦਾ ਵਿਕਾਸ ਬਰਤਾਨਵੀ ਰਾਜ ਦੌਰਾਨ ਹੋਇਆ। ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਉੱਤੇ ਵੱਡੇ ਪੱਧਰ ’ਤੇ ਨਹਿਰਾਂ ਬਣਾਈਆਂ ਗਈਆਂ, ਜਿਨ੍ਹਾਂ ਨਾਲ ਬੰਜਰ ਜਮੀਨਾਂ ਸਿੰਜੀਆਂ ਗਈਆਂ ਅਤੇ ਉੱਥੇ ਖੇਤੀ ਸ਼ੁਰੂ ਹੋਈ। ਆਜਾਦੀ ਤੋਂ ਬਾਅਦ ਭਾਖੜਾ-ਨੰਗਲ ਪ੍ਰੋਜੈਕਟ, ਹਰੀਕੇ ਹੈੱਡਵਰਕਸ ਅਤੇ ਸਰਹਿੰਦ ਫੀਡਰ ਵਰਗੇ ਪ੍ਰੋਜੈਕਟਾਂ ਨੇ ਪੰਜਾਬ ਦੀ ਖੇਤੀਬਾੜੀ ਨੂੰ ਨਵੀਂ ਦਿਸ਼ਾ ਦਿੱਤੀ। 1960ਵਿਆਂ ’ਚ ਹਰੀ ਕ੍ਰਾਂਤੀ ਦੌਰਾਨ ਸੂਬੇ ’ਚ ਵੱਧ ਝਾੜ ਵਾਲੀਆਂ ਫਸਲਾਂ, ਖਾਸਕਰ ਕਣਕ ਅਤੇ ਝੋਨੇ ਦੀਆਂ ਕਿਸਮਾਂ ਨੂੰ ਅਪਣਾਇਆ ਗਿਆ। ਇਨ੍ਹਾਂ ਫਸਲਾਂ ਲਈ ਵੱਡੀ ਮਾਤਰਾ ’ਚ ਪਾਣੀ ਦੀ ਲੋੜ ਸੀ। ਇਸ ਕਾਰਨ ਨਹਿਰੀ ਸਿੰਜਾਈ ਦੇ ਨਾਲ-ਨਾਲ ਟਿਊਬਵੈੱਲਾਂ ਦੀ ਗਿਣਤੀ ’ਚ ਤੇਜੀ ਨਾਲ ਵਾਧਾ ਹੋਇਆ। ਸਰਕਾਰ ਵੱਲੋਂ ਮੁਫਤ ਬਿਜਲੀ ਦੇਣ ਕਾਰਨ ਕਿਸਾਨਾਂ ਨੇ ਧਰਤੀ ਹੇਠੋਂ ਪਾਣੀ ਦੀ ਬੇਰੋਕ ਵਰਤੋਂ ਸੁਰੂ ਕਰ ਦਿੱਤੀ, ਜਿਸ ਨਾਲ ਸਿੰਜਾਈ ਟਿਊਬਵੈੱਲਾਂ ਉੱਤੇ ਨਿਰਭਰ ਹੋ ਗਈ। ਉਂਜ, ਪੰਜਾਬ ਦੀ ਖੇਤੀਬਾੜੀ ਲਈ ਸਿੰਜਾਈ ਸਿਸਟਮ ਮੁੱਖ ਤੌਰ ’ਤੇ ਦੋ ਸਰੋਤਾਂ ’ਤੇ ਆਧਾਰਿਤ ਹੈ, ਪਹਿਲਾ ਨਹਿਰਾਂ ਅਤੇ ਦੂਜਾ ਟਿਊਬਵੈੱਲ। ਸੁਰੂਆਤੀ ਦੌਰ ’ਚ ਨਹਿਰਾਂ ਮੁੱਖ ਸਰੋਤ ਸਨ, ਪਰ ਹਰੀ ਕ੍ਰਾਂਤੀ ਤੋਂ ਬਾਅਦ ਟਿਊਬਵੈੱਲਾਂ ਨੇ ਨਹਿਰਾਂ ਦੀ ਥਾਂ ਲੈ ਲਈ। ਅੱਜ ਸੂਬੇ ਦੇ ਵੱਡੇ ਹਿੱਸੇ ’ਚ ਸਿੰਜਾਈ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ। ਇਸ ਨਾਲ ਖੇਤੀਬਾੜੀ ਉਤਪਾਦਨ ਅਤੇ ਉਤਪਾਦਕਤਾ ਵਿੱਚ ਵਾਧਾ ਤਾਂ ਹੋਇਆ, ਪਰ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਗਿਆ। ਨਤੀਜੇ ਵਜੋਂ ਪੰਜਾਬ ’ਚ ਹਰੀ ਕ੍ਰਾਂਤੀ ਦੇ ਸਮੇਂ ਨਹਿਰੀ ਸਿੰਜਾਈ ਕੁੱਲ ਸਿੰਜਾਈ ਅਧੀਨ ਖੇਤੀ ਦੇ ਰਕਬੇ ਦਾ ਤਕਰੀਬਨ 55-58 ਫੀਸਦੀ ਅਤੇ ਟਿਊਬਵੈੱਲਾਂ ਦਾ ਲਗਪਗ 42-45 ਫੀਸਦੀ ਸੀ, ਜੋ ਹੌਲੀ-ਹੌਲੀ ਬਦਲ ਕੇ ਅੱਜਕੱਲ੍ਹ ਨਹਿਰੀ ਸਿੰਜਾਈ 23-27 ਫੀਸਦੀ ਅਤੇ ਟਿਊਬਵੈੱਲਾਂ ਰਾਹੀਂ ਸਿੰਜਾਈ 73-77 ਫੀਸਦੀ ਹੋ ਗਿਆ ਹੈ। ਹਰੀ ਕ੍ਰਾਂਤੀ ਦੀ ਸਫਲਤਾ ਦਾ ਸਭ ਤੋਂ ਵੱਡਾ ਆਧਾਰ ਅਤੇ ਕਾਰਨ ਸੂਬੇ ਦਾ ਭਰੋਸੇਯੋਗ ਸਿੰਜਾਈ ਸਿਸਟਮ ਸੀ। ਸੂਬੇ ਵਿੱਚ ਪਾਣੀ ਦੀ ਉਪਲਬਧਤਾ ਨੇ ਵੱਧ ਉਤਪਾਦਨ ਵਾਲੇ ਬੀਜਾਂ, ਰਸਾਇਣਕ ਖਾਦਾਂ ਅਤੇ ਆਧੁਨਿਕ ਖੇਤੀ ਤਕਨੀਕਾਂ ਦੀ ਵਰਤੋਂ ਨੂੰ ਸੰਭਵ ਬਣਾਇਆ। ਨਤੀਜੇ ਵਜੋਂ ਪੰਜਾਬ ਨੇ ਦੇਸ ਦੇ ਅਨਾਜ ਭੰਡਾਰ ’ਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਭਾਰਤ ਨੂੰ ਖੁਰਾਕ ਦੇ ਮਾਮਲੇ ’ਚ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਹ ਮਾਡਲ ਆਪਣੇ ਸਮੇਂ ਵਿੱਚ ਬਹੁਤ ਸਫਲ ਰਿਹਾ, ਪਰ ਇਹ ਟਿਕਾਊ ਨਹੀਂ ਸੀ ਕਿਉਂਕਿ ਬਾਅਦ ’ਚ ਇਸ ਨੇ ਸੂਬੇ ’ਚ ਖੇਤੀ ਸੰਕਟ ਪੈਦਾ ਕੀਤਾ ਅਤੇ ਜਿਸ ਕਾਰਨ ਸੂਬੇ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੇ ਆਰਥਿਕ ਸੰਕਟ ਕਾਰਨ ਖੁਦਕੁਸੀਆਂ ਵੀ ਕੀਤੀਆਂ, ਜੋ ਅੱਜ ਵੀ ਜਾਰੀ ਹਨ।

ਪੰਜਾਬ ’ਚ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਹਰ ਸਾਲ ਜਿੰਨਾ ਪਾਣੀ ਧਰਤੀ ਹੇਠਾਂ ਦੁਬਾਰਾ ਰੀਚਾਰਜ ਹੁੰਦਾ ਹੈ, ਉਸ ਨਾਲੋਂ ਕਈ ਗੁਣਾ ਵੱਧ ਪਾਣੀ ਟਿਊਬਵੈੱਲਾਂ ਰਾਹੀਂ ਕੱਢਿਆ ਜਾ ਰਿਹਾ ਹੈ। ਕੇਂਦਰੀ ਪੰਜਾਬ ਦੇ ਕਈ ਜਿਲ੍ਹਿਆਂ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸ ਦਾ ਕਾਰਨ ਝੋਨੇ ਦੀ ਖੇਤੀ ਦਾ ਵਿਸਤਾਰ, ਮੁਫਤ ਬਿਜਲੀ ਅਤੇ ਪਾਣੀ ਦੀ ਕੋਈ ਕੀਮਤ ਵਸੂਲ ਨਾ ਕਰਨਾ ਹੈ। ਪਾਣੀ ਦਾ ਪੱਧਰ ਡਿੱਗਣ ਕਾਰਨ ਕਿਸਾਨਾਂ ਨੂੰ ਹੋਰ ਡੂੰਘੇ ਟਿਊਬਵੈੱਲ ਲਾਉਣੇ ਪੈਂਦੇ ਹਨ। ਇਸ ਨਾਲ ਲਾਗਤ ਤਾਂ ਵਧਦੀ ਹੀ ਹੈ ਸਗੋਂ ਬਿਜਲੀ ਦੀ ਖਪਤ ਵਿੱਚ ਵਾਧਾ ਹੁੰਦਾ ਹੈ ਅਤੇ ਵਾਤਾਵਰਨ ’ਚ ਵਿਗਾੜ ਪੈਦਾ ਹੁੰਦਾ ਹੈ। ਭਾਵੇਂ ਪੰਜਾਬ ’ਚ ਨਹਿਰਾਂ ਦਾ ਜਾਲ ਵਿਛਿਆ ਹੈ, ਪਰ ਪਿਛਲੇ ਸਮੇਂ ਦੌਰਾਨ ਇਸ ਦੀ ਕਾਰਗੁਜਾਰੀ ਅਤੇ ਕਾਰਜਕੁਸਲਤਾ ਕਈ ਕਾਰਨਾਂ ਕਰਕੇ ਪ੍ਰਭਾਵਿਤ ਹੋਈ ਹੈ। ਖਾਸਕਰ ਨਹਿਰਾਂ ਦੀ ਸਾਂਭ-ਸੰਭਾਲ ਦੀ ਘਾਟ, ਪਾਣੀ ਦੀ ਕਾਣੀ ਵੰਡ ਤੇ ਨਹਿਰਾਂ ਵਿੱਚ ਗਾਰ ਜਮ੍ਹਾਂ ਹੋਣ ਕਾਰਨ ਨਹਿਰੀ ਸਿੰਜਾਈ ਦੀ ਪ੍ਰਭਾਵਸੀਲਤਾ ਘਟ ਗਈ। ਨਤੀਜੇ ਵਜੋਂ ਮੁਫਤ ਬਿਜਲੀ ਕਾਰਨ ਕਿਸਾਨ ਟਿਊਬਵੈੱਲਾਂ ਰਾਹੀਂ ਸਿੰਜਾਈ ਨੂੰ ਤਰਜੀਹ ਦੇਣ ਲੱਗੇ। ਸੂਬੇ ’ਚ ਸਿੰਜਾਈ ਲਈ ਪਾਣੀ ਦੀ ਅਸੰਤੁਲਿਤ ਵਰਤੋਂ ਨੇ ਵਾਤਾਵਰਨ ਸਬੰਧੀ ਕਈ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਕੁਝ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨਾ ਹੇਠਾਂ ਚਲਾ ਗਿਆ ਹੈ ਕਿ ਭਵਿੱਖ ਵਿੱਚ ਖੇਤੀਬਾੜੀ ਲਈ ਪਾਣੀ ਦੀ ਉਪਲਬਧਤਾ ਖਤਰੇ ’ਚ ਪੈ ਸਕਦੀ ਹੈ। ਦੂਜੇ ਪਾਸੇ, ਜਿੱਥੇ ਨਹਿਰੀ ਪਾਣੀ ਜਿਆਦਾ ਉਪਲਬਧ ਹੈ, ਉੱਥੇ ਖੇਤਾਂ ’ਚ ਪਾਣੀ ਭਰਨ ਅਤੇ ਮਿੱਟੀ ਦੇ ਲੂਣੀਕਰਨ () ਵਰਗੀਆਂ ਸਮੱਸਿਆਵਾਂ ਆ ਰਹੀਆਂ ਹਨ। ਇਸ ਤਰ੍ਹਾਂ ਇੱਕੋ ਸਿੰਜਾਈ ਮਾਡਲ ਵੱਖ-ਵੱਖ ਖੇਤਰਾਂ ਵਿੱਚ ਵੱਖੋ-ਵੱਖਰੇ ਵਾਤਾਵਰਨ ਵਿਗਾੜ ਪੈਦਾ ਕਰ ਰਿਹਾ ਹੈ। ਖੇਤੀ ਲਈ ਮੁਫਤ ਬਿਜਲੀ, ਝੋਨੇ ਅਤੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਖਰੀਦ ਨੇ ਕਿਸਾਨਾਂ ਨੂੰ ਪਾਣੀ ਵੱਧ ਖਪਤ ਕਰਨ ਵਾਲੀਆਂ ਫਸਲਾਂ ਵੱਲ ਪ੍ਰੇਰਿਤ ਕੀਤਾ ਹੈ। ਇਸ ਕਾਰਨ ਕਿਸਾਨਾਂ ਨੇ ਫਸਲੀ ਵੰਨ-ਸੁਵੰਨਤਾ ਨੂੰ ਖਾਸ ਤਵੱਜੋ ਨਹੀਂ ਦਿੱਤੀ ਅਤੇ ਸੂਬੇ ’ਚ ਸਿੰਜਾਈ ਲਈ ਪਾਣੀ ਦੇ ਸਰੋਤਾਂ ’ਤੇ ਦਬਾਅ ਲਗਾਤਾਰ ਵਧਦਾ ਗਿਆ। ਪੰਜਾਬ ਦੇ ਸਿੰਜਾਈ ਸਿਸਟਮ ਨੂੰ ਲੰਮੇ ਸਮੇਂ ਲਈ ਟਿਕਾਊ ਬਣਾਉਣਾ ਜਰੂਰੀ ਹੈ। ਇਸ ਲਈ ਸਭ ਤੋਂ ਪਹਿਲਾਂ ਝੋਨੇ ਦੀ ਥਾਂ ਘੱਟ ਪਾਣੀ ਖਪਤ ਕਰਨ ਵਾਲੀਆਂ ਫਸਲਾਂ ਜਿਵੇਂ ਮੱਕੀ, ਦਾਲਾਂ ਅਤੇ ਤੇਲ ਬੀਜ ਵਾਲੀਆਂ ਫਸਲਾਂ ਦੀ ਬਿਜਾਈ ਨੂੰ ਉਤਸਾਹਿਤ ਕੀਤਾ ਜਾਵੇ। ਇਸ ਦੇ ਨਾਲ ਹੀ ਨਹਿਰੀ ਸਿੰਜਾਈ ਢਾਂਚੇ ਦਾ ਆਧੁਨਿਕੀਕਰਨ ਕੀਤਾ ਜਾਵੇ, ਸਾਂਭ-ਸੰਭਾਲ ਲਈ ਕੁਸਲ ਪ੍ਰਬੰਧ ਤੇ ਲੋੜੀਂਦੇ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਨਹਿਰੀ ਸਿਸਟਮ ਦਾ ਵਿਸਤਾਰ ਕਰਕੇ ਇਸ ਦੀ ਸਮਰੱਥਾ ਵਧਾਈ ਜਾਵੇ। ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਨੂੰ ਨਿਯਮਿਤ ਕਰਨ ਲਈ ਪ੍ਰਭਾਵਸਾਲੀ ਕਾਨੂੰਨ ਲਿਆਉਣ ਦੇ ਨਾਲ-ਨਾਲ ਪ੍ਰਸਾਸਕੀ ਪ੍ਰਬੰਧ ਕੀਤੇ ਜਾਣ।

ਸਿੰਜਾਈ ਦੀਆਂ ਨਵੀਆਂ ਤਕਨੀਕਾਂ ਨੂੰ ਹੱਲਾਸੇਰੀ ਦਿੱਤੀ ਜਾਵੇ, ਜਿਵੇਂ ਫੁਹਾਰਾ ਅਤੇ ਤੁਪਕਾ ਵਰਗੀਆਂ ਸੂਖਮ ਸਿੰਜਾਈ ਤਕਨੀਕਾਂ ਅਪਣਾਈਆਂ ਜਾਣ। ਇਸੇ ਤਰ੍ਹਾਂ ਮੀਂਹ ਦੇ ਪਾਣੀ ਦੀ ਸੰਭਾਲ ਵੱਲ ਧਿਆਨ ਦਿੱਤਾ ਜਾਵੇ ਅਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਲਈ ਵਿਸੇਸ ਯੋਜਨਾਵਾਂ ਬਣਾਈਆਂ ਜਾਣ। ਅਜਿਹੀਆਂ ਹੋਰ ਨੀਤੀਆਂ ਵੀ ਬਣਾਈਆਂ ਜਾਣ, ਜੋ ਪਾਣੀ ਦੀ ਸੰਭਾਲ ਤੇ ਸੰਜਮ ਨਾਲ ਵਰਤੋਂ ਨੂੰ ਉਤਸਾਹਿਤ ਕਰਨ ਅਤੇ ਫਜੂਲ ਖਪਤ ਨੂੰ ਘਟਾਉਣ। ਪੰਜਾਬ ਦੇ ਸਿੰਜਾਈ ਸਿਸਟਮ ਨੇ ਦੇਸ ਦੀ ਖੁਰਾਕ ਸੁਰੱਖਿਆ ਵਿੱਚ ਇਤਿਹਾਸਕ ਯੋਗਦਾਨ ਪਾਇਆ ਅਤੇ ਪਾ ਰਿਹਾ ਹੈ, ਪਰ ਇਸ ਦੀ ਸਫਲਤਾ ਨਾਲ ਹੀ ਕਈ ਨਵੀਆਂ ਚੁਣੌਤੀਆਂ ਵੀ ਪੈਦਾ ਹੋਈਆਂ ਹਨ। ਧਰਤੀ ਹੇਠਲੇ ਪਾਣੀ ਦੀ ਬੇਰੋਕ ਵਰਤੋਂ ਕਾਰਨ ਵੱਡੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ। ਇਸ ਤੋਂ ਇਲਾਵਾ ਨਹਿਰੀ ਸਿਸਟਮ ਦੀ ਕਮਜੋਰ ਅਤੇ ਮਾੜੀ ਕਾਰਗੁਜਾਰੀ, ਵੱਧ ਪਾਣੀ ਦੀ ਖਪਤ ਆਧਾਰਿਤ ਫਸਲੀ ਚੱਕਰ ਅਤੇ ਵੋਟਾਂ ਬਟੋਰਨ ਲਈ ਪ੍ਰੇਰਿਤ ਨੀਤੀਆਂ ਨੇ ਪੰਜਾਬ ਦੇ ਜਲ ਸਰੋਤਾਂ ’ਤੇ ਭਾਰੀ ਦਬਾਅ ਪਾਇਆ ਹੈ। ਇਸ ਲਈ ਪਾਣੀ ਦੇ ਸਮੁੱਚੇ ਪ੍ਰਬੰਧਨ, ਫਸਲੀ ਵੰਨ-ਸੁਵੰਨਤਾ, ਆਧੁਨਿਕ ਸਿੰਜਾਈ ਤਕਨੀਕਾਂ ਅਤੇ ਵਿਗਿਆਨਕ ਨੀਤੀਆਂ ਨੂੰ ਅਪਣਾ ਕੇ ਪੰਜਾਬ ਦੀ ਖੇਤੀ ਤੇ ਪਾਣੀ ਨੂੰ ਭਵਿੱਖ ਲਈ ਸੁਰੱਖਿਅਤ ਬਣਾਇਆ ਜਾ ਸਕਦਾ ਹੈ ਕਿਉਂਕਿ ਦੇਸ ਦੀ ਖੁਰਾਕ ਸੁਰੱਖਿਆ ਦੇ ਨਾਲ-ਨਾਲ ਸੂਬੇ ਦੇ ਜਲ ਸਰੋਤਾਂ ਦੀ ਸਥਿਰਤਾ ਨੂੰ ਵੀ ਬਰਾਬਰ ਅਹਿਮੀਅਤ ਦੇਣੀ ਚਾਹੀਦੀ ਹੈ।

ਡਾ: ਕੇਸਰ ਸਿੰਘ ਭੰਗੂ

# ਮਘਦਾ ਰਹੀਂ ਵੇ ਸੂਰਜਾ



ਜਦੋਂ ਕਣਕ ਵੱਢਣ ਦਾ ਸਮਾਂ ਆਉਂਦਾ ਤਾਂ ਸਾਨੂੰ ਬੜਾ ਚਾਅ ਚੜ੍ਹ ਜਾਂਦਾ। ਅਸੀਂ ਆਪਣੇ ਪਿਤਾ ਜੀ ਨਾਲ ਤੜਕਸਾਰ ਹੀ ਆਪਣੀ ਪੈਲੀ ਵੱਲ ਤੁਰ ਪੈਂਦੇ। ਪਿਤਾ ਜੀ ਨੇ ਆਖਣਾ, "ਠੰਢੇ-ਠੰਢੇ ਵਾਹਵਾ ਕੰਮ ਨਿੱਬੜ ਜਾਂਦੈ।" ਅਸੀਂ ਕਣਕ, ਅਲਸੀ, ਮੂੰਗੀ, ਜਵਾਰ, ਬਰਸੀਨ, ਸਣ, ਮੱਕੀ ਅਤੇ ਸਰ੍ਹੋਂ ਆਦਿ ਫਸਲਾਂ ਬੀਜਦੇ ਹੁੰਦੇ ਸੀ। ਕੋਲੋਂ ਹੀ ਘੱਗਰ ਨਦੀ ਲੰਘਦੀ ਸੀ, ਜਿਸ ਕਰਕੇ ਪੈਲੀ ਨੂੰ ਪਾਣੀ ਉੱਥੋਂ ਹੀ ਲਾ ਲੈਂਦੇ। ਕਣਕ ਵੱਢਣ ਤੋਂ ਬਾਅਦ ਭਰੀਆਂ/ਪੰਡਾਂ ਬੰਨ੍ਹ ਕੇ ਲਾਈਨਾਂ ਬਣਾ-ਬਣਾ ਕੇ ਉੱਥੇ ਹੀ ਰੱਖੀ ਜਾਣੀਆਂ। ਉਨ੍ਹਾਂ ਦਿਨਾਂ ਵਿੱਚ ਹਨੇਰੀ-ਝੱਖੜ ਆਉਣ ਕਰਕੇ ਕਈ ਵਾਰ ਇੱਕ ਖੇਤ ਦੀਆਂ ਭਰੀਆਂ ਦੂਜੇ ਖੇਤ ਜਾ ਰਲਦੀਆਂ। ਫਿਰ ਅਸੀਂ ਆਪਣੀ ਫਸਲ ਦਾ ਹੁਲੀਆ ਪਛਾਣ ਕੇ ਭਰੀਆਂ/ਪੰਡਾਂ ਵਾਪਸ ਲੈ ਕੇ ਆਇਆ ਕਰਦੇ।

ਖੇਤੀਬਾੜੀ ਜਾਂ ਹੋਰ ਕੰਮਾਂ-ਕਾਰਾਂ ਵਿੱਚ ਅਕਸਰ ਲੋਕ 'ਮਾਂਗੀ' (ਸਹਿਯੋਗ) ਪਾਇਆ ਕਰਦੇ। ਇੱਕ ਦਿਨ ਮਾਂਗੀ ਪਾ ਕੇ ਕਿਸੇ ਦਾ ਟਰੈਕਟਰ-ਥਰੈਸਰ ਲਿਆਉਣਾ ਅਤੇ ਸਾਮ ਤੱਕ ਕਣਕ ਦਾ ਬੋਹਲ ਲਾ ਲੈਣਾ। 'ਬਸ, ਸਾਮ ਤੱਕ ਕਣਕ ਘਰ ਪਹੁੰਚ ਜਾਵੇ' ਸਭ ਇਹੀ ਕਹੀ ਜਾਂਦੇ ਅਤੇ ਨਾਲੇ ਫਟਾਫਟ ਭਰੀਆਂ ਸੁੱਟੀ ਜਾਂਦੇ। ਗੁਰੂ ਘਰ ਦਾ ਹਿੱਸਾ ਕੱਢਣ ਤੋਂ ਬਾਅਦ ਬਾਕੀ ਕਣਕ ਚੁੱਕਣ ਤੋਂ ਪਹਿਲਾਂ ਸਾਨੂੰ ਰਿੜੀ (ਪਹਿਲੀ ਕਣਕ ਦਾ ਆਟਾ ਜਾਂ ਪ੍ਰਸਾਦ) ਮਿਲਦੀ। ਸਾਰੀ ਕਣਕ ਘਰ ਪਹੁੰਚਾਉਣ ਤੋਂ ਬਾਅਦ ਤਰਕਾਲਾਂ ਵੇਲੇ ਅਸੀਂ ਤਿੰਨੇ ਭਰਾ 'ਲੱਛੇ' ਕੋਲ ਜਲੇਬੀਆਂ ਲੈਣ ਪਹੁੰਚ ਜਾਂਦੇ। ਉਸ ਦਾ ਪੂਰਾ ਨਾਂ ਲਛਮਣ ਦਾਸ ਸੀ। ਪਿੰਡਾਂ ਦਾ ਆਪਣਾ ਹੀ ਰਿਵਾਜ ਹੁੰਦਾ ਹੈ, ਲਛਮਣ ਨੂੰ ਲੱਛਾ ਅਤੇ ਕ੍ਰਿਸਨ ਨੂੰ ਕਿੱਛੂ ਕਹਿਣ ਦਾ।

ਲਛਮਣ ਦਾਸ, ਪਿਆਰਾ ਲਾਲ ਅਤੇ ਗਰੀਬ ਦਾਸ, ਇਹ ਕਈ ਭਰਾ ਸਨ। ਪਿਆਰੇ ਲਾਲ ਅਤੇ ਗਰੀਬ ਦਾਸ ਦੀਆਂ ਕਰਿਆਨੇ ਦੀਆਂ ਦੁਕਾਨਾਂ ਇੱਕ-ਦੂਜੇ ਤੋਂ ਹਟਵੀਆਂ ਸਨ। ਲੱਛਾ ਸਾਈਕਲ ਰਿਪੇਅਰ ਦਾ ਕੰਮ ਕਰਦਾ, ਪਰ ਹਾੜੀ-ਸਾਉਣੀ ਉਹ ਹਲਵਾਈ ਵੀ ਬਣ ਜਾਂਦਾ ਅਤੇ ਲਾਲ-ਪੀਲੇ ਰੰਗ ਦੀਆਂ ਜਲੇਬੀਆਂ ਕੱਢ-ਕੱਢ ਕੇ ਪੂਰੇ ਪਿੰਡ ਨੂੰ ਖਵਾਉਂਦਾ। ਲੋਕ ਦਾਣੇ ਲੈ ਕੇ ਉਸ ਕੋਲ ਆਈ ਜਾਂਦੇ ਅਤੇ ਉਹ ਉਨ੍ਹਾਂ ਨੂੰ ਭੱਠੀ ਦੁਆਲੇ ਹੀ ਬਿਠਾ ਲੈਂਦਾ। ਫਿਰ ਉਹ ਅਖਬਾਰਾਂ ਵਿੱਚ ਪਾ-ਪਾ ਕੇ ਲੋਕਾਂ ਨੂੰ ਤੋਲ-ਤੋਲ ਕੇ ਜਲੇਬੀਆਂ ਦਿੰਦਾ। ਅੱਧੀਆਂ ਕੁ ਜਲੇਬੀਆਂ ਤਾਂ ਅਸੀਂ ਰਾਹ ਵਿੱਚ ਹੀ ਨਿਬੇੜ ਦਿਆ ਕਰਦੇ। ਘਰ ਜਾ ਕੇ, 'ਬਸ, ਲੱਛੇ ਨੇ ਇੰਨੀਆਂ ਕੁ ਹੀ ਦਿੱਤੀਆਂ ਨੇ' ਕਹਿ ਕੇ ਚੁੱਪ-ਚਾਪ ਚੌਂਕੇ ਵਾਲੀ ਬੰਨੀ 'ਤੇ ਧਰ ਦਿੰਦੇ।

'ਕੋਈ ਗੱਲ ਨਹੀਂ, ਕੱਲ੍ਹ ਨੂੰ ਹੋਰ ਲੈ ਆਵਾਂਗੇ' ਆਖਦਿਆਂ ਸਾਰਿਆਂ ਨੇ ਉਸੇ ਅਖਬਾਰ 'ਤੇ ਰੱਖੀਆਂ ਚਾਰ-ਚਾਰ ਜਲੇਬੀਆਂ ਨਾਲ ਜੁਟ ਜਾਣਾ। ਰਿੜੀ ਤਾਂ ਇੱਕ ਦਿਨ ਮਿਲਦੀ ਪਰ ਜਲੇਬੀਆਂ ਕਈ-ਕਈ ਦਿਨ ਚੱਲਦੀਆਂ। ਇਸੇ ਚਾਅ ਕਰਕੇ ਹੀ ਅਸੀਂ ਘਰ ਦਾ ਕੰਮ ਹੱਥੋ-ਹੱਥੀ ਨਿਬੇੜ ਦਿੰਦੇ। ਲੱਛਾ ਹਾੜੀ-ਸਾਉਣੀ ਲਾਲ-ਪੀਲੀਆਂ ਜਲੇਬੀਆਂ ਦਾ ਲੰਗਰ ਲਾਉਂਦਾ ਪਰ ਅੱਗੇ-ਪਿੱਛੇ ਉਹ ਆਪਣੇ ਪੱਕੇ ਕੰਮ 'ਤੇ ਆ ਜਾਂਦਾ, ਸਾਈਕਲਾਂ ਦੇ ਪੈਂਚਰ ਲਾਉਣ ਤੋਂ ਬਾਅਦ ਟਿਊਬਾਂ ਘੁਮਾ-ਘੁਮਾ ਕੇ ਵੇਖਦਾ। ਇਸੇ ਤਰ੍ਹਾਂ ਮਹਿਰਿਆਂ ਦਾ ਮੰਗਤ ਸਿੰਘ, ਜਿਸ ਨੂੰ ਸਾਰਾ ਪਿੰਡ 'ਮੰਗਾ' ਕਹਿ ਕੇ ਬੁਲਾਉਂਦਾ, ਸਿਆਲ ਦੇ ਦਿਨਾਂ ਵਿੱਚ ਸਵੇਰੇ-ਸਵੇਰੇ ਮੂੰਹ-ਹਨੇਰੇ ਹੋਕਾ ਦਿੰਦਾ, "ਤਾਜੇ ਰਸ, ਡਬਲ ਰੋਟੀਆਂ ਲਓ ਜੀ!" ਉਹ ਸਾਈਕਲ 'ਤੇ ਚੜ੍ਹ ਕੇ ਪੂਰੇ ਪਿੰਡ ਦਾ ਚੱਕਰ ਲਾਉਂਦਾ। ਦਿਨੇ ਉਹ ਸਕੂਲ ਕੋਲ ਕਦੇ ਮਰੂੰਡਾ, ਕਦੇ ਅਮਰੂਦ, ਕਦੇ ਜਾਮਣ ਅਤੇ ਕਦੇ ਬਰਫ ਦੇ ਰੰਗ-ਬਿਰੰਗੇ ਰਸ-ਗੋਲੇ ਬਣਾ-ਬਣਾ ਕੇ ਵੇਚਦਾ।

ਇਸੇ ਤਰ੍ਹਾਂ ਦਲਿਤ ਪਰਿਵਾਰ ਦਾ ਇੱਕ ਨੌਜਵਾਨ, ਜੋ ਬੋਲਣ ਤੋਂ ਅਸਮਰੱਥ ਸੀ, ਨੂੰ ਪਿੰਡ ਦੇ ਸਾਰੇ ਲੋਕ 'ਗੂੰਗਾ' ਕਹਿ ਕੇ ਹੀ ਬੁਲਾਉਂਦੇ ਸਨ। ਪਰਮਾਤਮਾ ਨੇ ਉਸ ਨੂੰ ਕਿਰਤ ਦੀ ਅਜਿਹੀ ਦਾਤ ਬਖਸੀ ਸੀ ਕਿ ਇੰਝ ਜਾਪਦਾ ਸੀ ਜਿਵੇਂ ਦਰਗਾਹ ਵਿੱਚ ਅਰਦਾਸ ਉਸੇ ਦੀ ਹੀ ਸੁਣੀ ਜਾਣੀ ਹੋਵੇ। ਵਾਢੀਆਂ ਸਮੇਂ ਉਹ ਮੋਢੇ 'ਤੇ ਵਹਿੰਗੀ ਰੱਖ ਕੇ, ਦੋਹਾਂ ਪਾਸੇ ਦੋ-ਦੋ ਘੜੇ ਪਾਣੀ ਦੇ ਭਰ ਕੇ, ਸਾਰਾ-ਸਾਰਾ ਦਿਨ ਨੰਗੇ ਪੈਰੀਂ ਵਾਢੀ ਵਿੱਚ ਲੱਗੇ ਲੋਕਾਂ ਨੂੰ ਖੇਤ-ਦਰ-ਖੇਤ ਪਾਣੀ ਪਿਆਉਂਦਾ ਅਤੇ ਪੁੰਨ ਖੱਟ ਕੇ ਸਾਮ ਤੱਕ ਆਪਣੇ ਘੜੇ ਭਰ ਲੈਂਦਾ। ਹਾੜੀ-ਸਾਉਣੀ ਬਦਲੇ ਉਸ ਨੂੰ ਦਾਣਾ-ਫੱਕਾ ਜਾਂ ਕੱਪੜਾ-ਲੀੜਾ ਮਿਲ ਜਾਂਦਾ। ਜਦੋਂ ਬਰਸਾਤਾਂ ਦੇ ਦਿਨਾਂ ਵਿੱਚ ਘੱਗਰ ਵਿੱਚ ਪਾਣੀ ਦਾ ਪੱਧਰ ਵਧ ਜਾਂਦਾ ਤਾਂ ਉਹ ਮਲਾਹ ਬਣ ਕੇ ਬੇੜੀ ਨੂੰ ਚੱਪੂਆਂ ਨਾਲ ਠੱਲ੍ਹ-ਠੱਲ੍ਹ ਕੇ ਲੋਕਾਂ ਨੂੰ ਘੱਗਰ ਪਾਰ ਕਰਾਉਂਦਾ।

ਅਸਲ ਵਿੱਚ, ਗੁਰੂ ਨਾਨਕ ਸਾਹਿਬ ਜੀ ਦੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦੇ ਹੁਕਮ ਨੂੰ ਪੱਲੇ ਬੰਨ੍ਹ ਕੇ ਵਿਚਰਦੇ ਉਹ ਭੋਲੇ-ਭਾਲੇ ਕਿਰਤੀ ਲੋਕ ਸਨ। ਅੱਜ ਦੇ ਇਨਸਾਨ ਨੂੰ ਰੋਜਗਾਰ ਚਾਹੀਦਾ ਹੈ, ਮੁਫਤ ਵਾਲੀਆਂ ਰਿਉੜੀਆਂ ਨਹੀਂ। ਅੱਜ ਅਸੀਂ ਕਾਲਜਾਂ ਦੇ ਬੱਚਿਆਂ ਨੂੰ ਅਰਥਸਾਸਤਰ ਵਿੱਚ ਪੜ੍ਹਾਉਂਦੇ ਹਾਂ ਕਿ ਕਿਸੇ ਚੀਜ ਦੀ ਮੰਗ ਉਸ ਦੀ ਪੂਰਤੀ ਨੂੰ ਖੁਦ-ਬ-ਖੁਦ ਪੈਦਾ ਕਰ ਲੈਂਦੀ ਹੈ। ਉਨ੍ਹਾਂ ਭੋਲੇ-ਭਾਲੇ ਲੋਕਾਂ ਕੋਲ ਕੁਦਰਤੀ ਤੌਰ 'ਤੇ ਹੀ ਇਹ ਗੁਣ ਸਨ, ਜਿਸ ਚੀਜ ਦਾ ਸੀਜਨ ਹੁੰਦਾ, ਉਹ ਉਸੇ ਅਨੁਸਾਰ ਆਪਣਾ ਕਿੱਤਾ ਬਦਲ ਲੈਂਦੇ। ਅਜੋਕੇ ਸਮੇਂ ਵਿੱਚ ਵੀ ਕਿਰਤੀ ਬੰਦੇ 'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਸਿਧਾਂਤ ਅਨੁਸਾਰ ਸੱਚੀ-ਸੁੱਚੀ ਕਿਰਤ ਕਰਨ ਵਿੱਚ ਹੀ ਵਿਸਵਾਸ ਰੱਖਦੇ ਹਨ ਅਤੇ ਦਿਲੋਂ ਅਮੀਰ ਹੋ ਕੇ ਵੰਡ ਕੇ ਛਕਦੇ ਹਨ।

ਡਾ: ਦਲਬੀਰ ਸਿੰਘ

## ਜ਼ਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਹੱਟਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਹੱਟਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ

ਡਾ: ਅਵਤਾਰ ਐਸ. ਸੰਘਾ

ਵਹੱਟਸਅਪ ਚੈਨਲ ਨੂੰ ਫੋਲੋ ਕਰਨ ਲਈ ਸਕੈਨ ਕਰੋ


## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaperÍ The views expressed in the advertisement and various articles belong solely to the concerned advertisers and authorsÍ They do not reflect the views of the newspaper managementÍ Jurisdiction SydneyÍ

# ਮੂੰਹ ਦੇ ਮਿੱਠੇ ਤੇ ਦਿਲ ਵਿਚ ਨਫ਼ਰਤ ਰੱਖਣ ਵਾਲੇ ਮਿੱਤਰਾਂ ਤੋਂ ਰਹੋ ਹਮੇਸ਼ਾ ਸਾਵਧਾਨ

ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ।



ਅਕਸਰ ਹੀ ਅਸੀਂ ਦੇਖਦੇ ਹਾਂ ਕਿ ਕਈ ਲੋਕ ਮੂੰਹ ਦੇ ਬਹੁਤ ਜ਼ਿਆਦਾ ਮਿੱਠੇ ਹੁੰਦੇ ਹਨ ਅਤੇ ਸਾਡੇ ਨਾਲ ਹਰ ਗੱਲ ਇਸ ਤਰ੍ਹਾਂ ਮਿਠਾਸ ਭਰੇ ਅੰਦਾਜ਼ ਵਿਚ ਕਰਦੇ ਹਨ ਕਿ ਸਾਨੂੰ ਲਗਦਾ ਹੈ ਕਿ ਇਸ ਤੋਂ ਵਧ ਕੇ ਸਾਡਾ ਨੇੜਲਾ ਦਿਲ ਦਾ ਸਾਥੀ ਕੋਈ ਵੀ ਨਹੀਂ ਹੋ ਸਕਦਾ ਪਰ ਉਹ ਲੋਕ ਜੋ ਮੂੰਹ 'ਤੇ ਬਹੁਤ ਮਿੱਠੇ ਹੋਣ ਦਾ ਦਾਅਵਾ ਕਰਦੇ ਹਨ, ਅਸਲ ਵਿਚ ਉਹ ਕਈ ਲੋਕ ਤੁਹਾਡੇ ਅਸਲ ਵਿਚ ਅੰਦਰੋਂ ਅੰਦਰੀ ਬਹੁਤ ਵੱਡੇ ਦੁਸ਼ਮਣ ਹੁੰਦੇ ਹਨ।

ਇਸ ਲਈ ਕਿਸੇ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪਰਖ ਕਰਨੀ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਚਾਤਰ ਲੋਕ ਸ਼ਰੀਫ਼ ਲੋਕਾਂ ਨਾਲ ਵਿਸ਼ਵਾਸਘਾਤ ਕਰਕੇ ਆਪਣਾ ਮਤਲਬ ਕੱਢ ਲੈਂਦੇ ਹਨ ਅਤੇ ਦੂਸਰੇ ਵਿਅਕਤੀ ਨੂੰ ਦਰਕਿਨਾਰ ਕਰ ਦਿੰਦੇ ਹਨ। ਇਹ ਲੋਕ ਸੋਚਦੇ ਹਨ ਕਿ ਅਸੀਂ ਸਭ ਤੋਂ ਚਲਾਕ ਹਾਂ ਬਹੁਤ ਸਾਰੇ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਾਂ ਪਰ ਇਹੋ ਜਿਹੇ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿੰਨਾ ਸੱਚੇ ਸੁੱਚੇ ਲੋਕਾਂ ਦਾ ਰੱਬ ਰਾਖਾ ਹੁੰਦਾ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।

ਕਹਿੰਦੇ ਹਨ ਕਿ ਰੱਬ ਦੀ ਲਾਠੀ ਵਿਚ ਆਵਾਜ਼ ਨਹੀਂ ਹੁੰਦੀ ਪਰ ਮਾਰ ਬਹੁਤ ਜ਼ਿਆਦਾ ਮਾਰਦੀ ਹੈ ਜੋ ਅਸੀਂ ਕਿਸੇ ਨੂੰ ਦੱਸ ਵੀ ਨਹੀਂ ਸਕਦੇ। ਡਰ ਜਿੰਨਾ ਜ਼ਿਆਦਾ ਹੋ ਸਕਦਾ ਹੈ, ਡਰੋ ਰੱਬ ਦੀ ਮਾਰ ਤੋਂ। ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ ਜਦ ਕਿ ਨੁਕਸਾਨ ਖ਼ੁਦ ਹੀ ਕੀਤਾ ਹੁੰਦਾ ਹੈ ਪਰ ਭੋਲਾ-ਭਾਲਾ ਵਿਅਕਤੀ ਐਵੇਂ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਫਸ ਜਾਂਦਾ ਹੈ। ਇਸ ਲਈ ਅੱਜ ਦੇ ਵਿਗਿਆਨਕ ਯੁੱਗ ਵਿਚ ਆਪਣੇ ਆਸ ਪਾਸ ਦੋਸਤਾਂ ਮਿੱਤਰਾਂ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰੋ ਅਤੇ ਦੇਖੋ ਕਿ ਤੁਹਾਨੂੰ ਕੋਈ ਪਾਗਲ ਬਣਾ ਕੇ ਆਪਣਾ ਮਤਲਬ ਤਾਂ ਨਹੀਂ ਕੱਢ ਰਿਹਾ ਅਗਰ ਕੋਈ ਐਸਾ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਤੁਹਾਡੀ ਜ਼ਿੰਦਗੀ ਵਿਚ ਹੈ ਤਾਂ ਉਸ ਨੂੰ ਤੁਰੰਤ ਅਲਵਿਦਾ ਕਹਿ ਦਿਉ।

ਸੰਦੀਪ ਕੰਬੋਜ

# ਸਵੇਰੇ-ਸਵੇਰੇ ਕੂੜਾ-ਕਚਰਾ ਨਾ ਖਾਓ

ਹਾਲ ਹੀ ਦੇ ਸਾਲਾਂ ਵਿਚ ਡਾਈਟਿੰਗ ਨੂੰ ਲੈ ਕੇ ਬਹੁਤ ਜ਼ਿਆਦਾ ਚੌਕਸੀ ਵਧੀ ਹੈ। ਇਸ ਲਈ ਹੁਣ ਸਾਡੇ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਇਸ ਗੱਲ ਨੂੰ ਚੰਗੀ ਤਰ੍ਹਾਂ ਨਾ ਜਾਣਦਾ ਹੋਵੇ ਕਿ ਸਾਡੀ ਸਿਹਤ ਲਈ ਸਵੇਰ ਦੇ ਨਾਸ਼ਤੇ ਦੀ ਕਿੰਨੀ ਅਹਿਮੀਅਤ ਹੈ। ਸਾਡੇ ਦਿਨ ਭਰ ਖਾਧੇ ਜਾਣ ਵਾਲੇ ਭੋਜਨ ਵਿਚ ਨਾਸ਼ਤਾ ਬਹੁਤ ਅਹਿਮ ਹੁੰਦਾ ਹੈ। ਸਵੇਰ ਦੇ ਨਾਸ਼ਤੇ ਵਿਚ ਜੇ 5 ਤੋਂ 7 ਬਦਾਮ ਰਾਤ ਨੂੰ ਪਾਣੀ ਵਿਚ ਭਿਉਂ ਕੇ ਲਏ ਜਾਣ ਉਹ ਵੀ ਬਹੁਤ ਲਾਭਕਾਰੀ ਹਨ। ਪਰ ਇਨ੍ਹਾਂ ਨੂੰ ਸਵੇਰੇ ਖਾਲੀ ਪੇਟ ਲੈਣਾ ਚਾਹੀਦਾ ਹੈ। ਬਦਾਮ ਵਿਚੋਂ ਵਿਟਾਮਿਨ, ਫਾਈਬਰ, ਪ੍ਰੋਟੀਨ, ਮੈਗਨੀਜ਼ ਅਤੇ ਓਮੇਗਾ-3 ਫੈਟੀ ਐਸਿਡ ਮਿਲਦੇ ਹਨ। ਜੇਕਰ ਸਵੇਰੇ ਤੁਸੀਂ 15-20 ਬਦਾਮ ਖਾਂਦੇ ਹੋ ਤਾਂ ਇਹ ਸਰੀਰ ਲਈ ਨੁਕਸਾਨਦਾਇਕ ਨਹੀਂ ਹੋਣਗੇ ਪਰ ਇਹ ਰਾਤ ਨੂੰ ਪਾਣੀ ਵਿਚ ਭਿਉਂ ਕੇ ਰੱਖੇ ਹੋਏ ਹੋਣ। ਸਵੇਰ ਦੇ ਨਾਸ਼ਤੇ ਵਿਚ ਦਹੀਂ ਵੀ ਅਹਿਮ ਮੰਨਿਆ ਜਾਂਦਾ ਹੈ। ਨਾਸ਼ਤੇ ਵਿਚ ਇਕ ਕੌਲੀ ਦਹੀਂ ਨਾ ਸਿਰਫ ਪੂਰੇ ਦਿਨ ਲਈ ਸਾਡਾ ਪੇਟ ਸਾਫ਼ ਰੱਖਦਾ ਹੈ, ਪਾਚਣ ਪ੍ਰਣਾਲੀ ਠੀਕ ਰੱਖਦਾ ਹੈ ਸਗੋਂ ਇਹ ਵੀ ਤੁਰੰਤ ਊਰਜਾ ਦਿੰਦਾ ਹੈ। ਸੇਬ ਅਤੇ ਸੰਤਰਾ ਇਹ ਦੋਵੇਂ ਫਲ ਜ਼ਿੰਦਗੀ ਦੀ ਜਾਨ ਹਨ। ਅਜਿਹਾ ਤਾਂ ਵੀ ਕਿਹਾ ਜਾਂਦਾ ਹੈ ਕਿ ਹਰ ਦਿਨ ਇਕ ਸੇਬ ਖਾਓ ਅਤੇ ਡਾਕਟਰ ਤੋਂ ਦੂਰ ਰਹੋ। ਦਰਅਸਲ ਇਕ ਸੇਬ ਵਿਚ ਉਹ ਸਾਰੇ ਜ਼ਰੂਰੀ ਤੱਤ ਹੁੰਦੇ ਹਨ ਜੋ ਕਿਸੇ ਵੀ ਵਿਅਕਤੀ ਨੂੰ ਬਿਮਾਰ ਹੋਣ ਤੋਂ ਬਚਾਉਣ ਦੀ ਸਮਰੱਥਾ ਰੱਖਦੇ ਹਨ। ਸੇਬ ਦੀ ਤਰ੍ਹਾਂ ਸੰਤਰਾ ਵੀ ਮਹੱਤਵਪੂਰਨ ਫਲ ਹੈ। ਸੰਤਰੇ ਵਿਚ ਰੋਗ ਰੋਕੂ ਸ਼ਕਤੀ ਦੀ ਜ਼ਬਰਦਸਤ ਸਮਰੱਥਾ ਹੁੰਦੀ ਹੈ। ਸੰਤਰਾ ਵੀ ਸਾਡੀ ਪਾਚਣ ਪ੍ਰਣਾਲੀ ਨੂੰ ਸਹੀ ਰੱਖਦਾ ਹੈ। ਸਵੇਰੇ ਦੇ ਸਿਹਤਮੰਦ ਅਤੇ ਪੌਸ਼ਟਿਕ ਨਾਸ਼ਤੇ ਵਿਚ ਆਂਡਾ ਵੀ ਮਹੱਤਵਪੂਰਨ ਹੈ ਪਰ ਜ਼ਿਆਦਾ ਤੇਲ, ਮਸਾਲਿਆਂ ਨਾਲ ਬਣਾਇਆ ਗਿਆ ਆਮਲੇਟ ਨਹੀਂ ਸਗੋਂ ਉੱਬਲਿਆ ਆਂਡਾ। ਜੇਕਰ ਅਸੀਂ ਹਰ ਰੋਜ਼ ਸਵੇਰੇ ਦੋ ਉੱਬਲੇ ਆਂਡੇ ਖਾਂਦੇ ਹਾਂ ਤਾਂ ਸਾਡੇ ਸਰੀਰ ਨੂੰ ਜ਼ਰੂਰੀ ਵਿਟਾਮਿਨ ਡੀ ਅਤੇ ਪ੍ਰੋਟੀਨ ਮਿਲ ਜਾਂਦੇ ਹਨ। ਇਸ ਲਈ ਵਧ ਰਹੇ ਬੱਚਿਆਂ ਨੂੰ ਆਂਡਾ ਖਾਣ 'ਤੇ ਜ਼ੋਰ ਦਿੱਤਾ ਜਾਂਦਾ ਹੈ।



... ਤਾਂ ਅਸੀਂ ਇਹ ਜਾਣਿਆ ਹੈ ਕਿ ਸਵੇਰੇ ਨਾਸ਼ਤੇ ਵਿਚ ਕੀ-ਕੀ ਖਾਣਾ ਸਾਡੇ ਲਈ ਫਾਇਦੇਮੰਦ ਹੁੰਦਾ ਹੈ। ਪਰ ਜੋ ਲੋਕ ਸਵੇਰ ਦਾ ਨਾਸ਼ਤਾ ਨਹੀਂ ਕਰਦੇ ਉਹ ਇਕ ਤਰ੍ਹਾਂ ਨਾਲ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਪਾਚਣਤੰਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਮਾਹਰਾਂ ਅਨੁਸਾਰ ਨਾਸ਼ਤੇ ਵਿਚ 8-9 ਚਮਚ ਅਨਾਜ ਅਤੇ 10-15 ਗ੍ਰਾਮ ਲੀਨ ਪ੍ਰੋਟੀਨ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਕ ਹੋਰ ਅਹਿਮ ਗੱਲ ਇਹ ਹੈ ਕਿ ਸਵੇਰ ਦਾ ਨਾਸ਼ਤਾ ਸਵੇਰੇ ਉੱਠਣ ਤੋਂ ਦੋ ਘੰਟੇ ਦੇ ਅੰਦਰ-ਅੰਦਰ ਕਰ ਲੈਣਾ ਚਾਹੀਦਾ ਹੈ। ਉਂਜ ਡਾਕਟਰ ਇਕ ਤੋਂ ਦੋ ਘੰਟਿਆਂ ਵਿਚ ਨਾਸ਼ਤਾ ਕਰਨ ਨੂੰ ਕਹਿੰਦੇ ਹਨ। ਜੇ ਅਸੀਂ ਸਵੇਰੇ 5 ਵਜੇ ਉੱਠ ਕੇ 10 ਵਜੇ ਨਾਸ਼ਤਾ ਕਰਦੇ ਹਾਂ ਤਾਂ ਇਹ ਨਾਸ਼ਤਾ ਸਰੀਰ ਲਈ ਫ਼ਾਇਦੇਮੰਦ ਨਹੀਂ ਬਲਕਿ ਨੁਕਸਾਨਦਾਇਕ ਹੈ। ਨਾਸ਼ਤੇ ਵਿਚ ਪ੍ਰੋਟੀਨ ਅਤੇ ਕਾਰਬੋਹਾਈਡਰੇਟ ਦਾ ਸੰਤੁਲਨ ਹੋਣਾ ਜ਼ਰੂਰੀ ਹੁੰਦਾ ਹੈ। ਜੇਕਰ ਅਸੀਂ ਲਗਾਤਾਰ ਸਵੇਰੇ ਸਿਹਤਮੰਦ ਨਾਸ਼ਤਾ ਕਰਦੇ ਹਾਂ ਤਾਂ ਸਾਡਾ ਸਰੀਰ ਸਿਹਤਮੰਦ ਰਹੇਗਾ, ਯਾਦ ਸ਼ਕਤੀ ਮਜ਼ਬੂਤ ਰਹੇਗੀ, ਅੱਖਾਂ ਦੀ ਰੌਸ਼ਨੀ ਬਰਕਰਾਰ ਰਹੇਗੀ ਅਤੇ ਕੰਮ ਕਰਨ ਦੀ ਸਮਰੱਥਾ ਵਿਚ ਕਮੀ ਨਹੀਂ ਆਏਗੀ।

**ਛਾਤੀ 'ਚ ਦਰਦ ਲਈ ਅਦਰਕ ਦਾ ਰਸ ਕੱਢ ਕੇ 40 ਬੂੰਦਾਂ ਅਤੇ ਇਕ ਮਾਸਾ ਮਿਸ਼ਰੀ ਦੀ ਵਰਤੋਂ ਕਰਨ ਨਾਲ ਦਰਦ ਤੋਂ ਰਾਹਤ ਮਿਲਦੀ ਹੈ।**

# ਗਰਮੀਆਂ ਵਿਚ ਖੀਰੇ ਨਾਲ ਹਾਸਲ ਕਰੋ ਚਮਕਦੀ ਦਿੱਖ

ਬੇਹੱਦ ਗਰਮੀ ਵਿਚ ਚਮੜੀ ਨੂੰ ਜਿਊਂਦੇ ਅਤੇ ਮੁਲਾਇਮ ਰੱਖਣ ਲਈ ਖੀਰਾ ਸਦੀਆਂ ਤੋਂ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਤੇਲ ਵਾਲੀ ਚਮੜੀ ਲਈ ਤੁਸੀਂ ਖੀਰੇ ਦੇ ਰਸ ਨੂੰ ਸਿੱਧੇ ਚਮੜੀ 'ਤੇ ਲਗਾ ਕੇ 15 ਮਿੰਟ ਬਾਅਦ ਸਾਫ਼ ਪਾਣੀ ਨਾਲ ਧੋ ਲਓ। ਖੀਰੇ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਬਣੇ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 15 ਮਿੰਟ ਬਾਅਦ ਪਾਣੀ ਨਾਲ ਧੋ ਲਓ। ਖੀਰੇ ਦੇ ਗਾੜ੍ਹੇ ਗੁੱਦੇ ਵਿਚ ਦੋ ਚਮਚ ਗੁਲਾਬ ਜਲ ਪਾ ਕੇ ਬਲੈਂਡ ਕਰ ਲਓ ਅਤੇ ਇਸ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 30 ਮਿੰਟ ਬਾਅਦ ਤਾਜ਼ੇ ਸਾਫ਼ ਪਾਣੀ ਨਾਲ ਧੋ ਲਓ। ਖੀਰਾ ਐਸਟ੍ਰਿਨਜੈਂਟ ਹੁੰਦਾ ਹੈ ਅਤੇ ਟੋਨਿੰਗ ਅਤੇ ਰਿਫ੍ਰੈਸ਼ਿੰਗ ਤੋਂ ਇਲਾਵਾ ਇਹ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਦਾ ਹੈ ਅਤੇ ਚਮੜੀ ਦੇ ਤੇਲ ਪ੍ਰਭਾਵ ਨੂੰ ਘੱਟ ਕਰਦਾ ਹੈ। ਖੀਰੇ ਨੂੰ ਕੱਦੂਕਸ਼ ਕਰ ਕੇ ਜਾਂ ਖੀਰੇ ਦੇ ਰਸ ਨੂੰ ਅੱਖਾਂ ਦੇ ਆਲੇ-ਦੁਆਲੇ ਰੱਖਣ ਨਾਲ ਕਾਲੇ ਧੱਬੇ ਘੱਟ ਹੁੰਦੇ ਹਨ ਅਤੇ ਚਮੜੀ ਦੀ ਰੰਗਤ ਵਿਚ ਨਿਖਾਰ ਆਉਂਦਾ ਹੈ। ਖੀਰਾ, ਨਾਰੀਅਲ ਤੇਲ, ਗਾਜਰ ਬੀਜ ਦਾ ਤੇਲ ਅਤੇ ਕੁਆਰ ਜੈੱਲ ਨੂੰ ਮਿਲਾ ਕੇ ਕ੍ਰੀਮੀ ਮਿਸ਼ਰਨ ਬਣਾ ਲਓ। ਇਸ ਮਿਸ਼ਰਨ ਨੂੰ ਬਰਫ਼ ਦੀਆਂ ਟੁਕੜੀਆਂ ਵਿਚ ਪਾ ਕੇ ਫਰੀਜਰ ਵਿਚ ਰੱਖ ਲਓ ਅਤੇ ਇਸ ਨੂੰ ਜੰਮਣ ਦਿਓ। ਹੁਣ ਆਈਸ ਕਿਊਬ ਨੂੰ ਅੱਖਾਂ ਦੇ ਆਲੇ-ਦੁਆਲੇ ਲਗਾ ਕੇ ਮਾਲਿਸ਼ ਕਰੋ ਪਰ ਇਹ ਧਿਆਨ ਰੱਖੋ ਕਿ ਮਿਸ਼ਰਨ ਅੱਖਾਂ ਦੇ ਅੰਦਰ ਬਿਲਕੁਲ ਨਾ ਜਾਵੇ। ਕੁਝ ਸਮੇਂ ਬਾਅਦ ਚਮੜੀ ਨੂੰ ਧੋ ਲਓ।



ਖੀਰੇ ਦਾ ਫੇਸ ਮਾਸਕ ਲਗਾਉਂਦੇ ਸਮੇਂ ਚਮੜੀ ਦੀ ਘੁਮਾਦਾਰ ਮਾਲਿਸ਼ ਕਰੋ ਜਿਸ ਨਾਲ ਉਹ ਚਮੜੀ ਦੇ ਸੁਰਾਖਾਂ ਵਿਚ ਆਸਾਨੀ ਨਾਲ ਦਾਖਲ ਕਰ ਸਕੇ ਅਤੇ ਚਮੜੀ ਵਿਚ ਖ਼ੂਨ ਸੰਚਾਰ ਦਾ ਲਗਾਤਾਰ ਵਹਾਅ ਹੋ ਸਕੇ। ਮਾਸਕ ਨੂੰ ਚਮੜੀ 'ਤੇ 10-15 ਮਿੰਟ ਤੱਕ ਸ਼ਾਂਤ ਰਹਿਣ ਦਿਓ ਅਤੇ ਬਾਅਦ ਵਿਚ ਤਾਜ਼ੇ ਪਾਣੀ ਨਾਲ ਧੋ ਲਓ। ਇਸ ਤੋਂ ਬਾਅਦ ਇਕ ਚੰਗੀ ਆਈ ਕ੍ਰੀਮ ਜ਼ਰੂਰ ਲਗਾਓ ਤਾਂ ਕਿ ਅੱਖਾਂ ਦੀ ਨਮੀ ਬਰਕਰਾਰ ਰਹੇ।

ਇਕ ਖੀਰੇ ਦੇ ਜੂਸ, ਇਕ ਚਮਚ ਗੁਲਾਬ ਜਲ ਨੂੰ ਇਕ ਕੱਪ ਮਿਨਰਲ ਪਾਣੀ ਵਿਚ ਪਾ ਕੇ ਸਕਿਨ ਟੋਨਰ ਬਣਾ ਲਓ। ਇਸ ਦੀ ਵਰਤੋਂ ਨਾਲ ਚਮੜੀ ਟੋਨਿੰਗ ਤੋਂ ਇਲਾਵਾ ਚਮੜੀ ਮੁਲਾਇਮ ਅਤੇ ਕੋਮਲ ਹੋ ਜਾਵੇਗੀ। ਤੇਲ ਵਾਲੀ ਚਮੜੀ ਲਈ ਖੀਰਾ ਜੂਸ, ਪੁਦੀਨਾ ਜੂਸ ਨੂੰ ਇਕ ਕੱਪ ਮਿਰਨਲ ਵਾਟਰ ਵਿਚ ਘੋਲ ਕੇ ਟੋਨਰ ਬਣਾ ਲਓ। ਇਹ ਕਿੱਲ ਮੁਹਾਂਸਿਆਂ ਲਈ ਕਾਫ਼ੀ ਸਹਾਇਕ ਸਿੱਧ ਹੋਵੇਗਾ। ਇਕ ਖੀਰੇ ਦੇ ਜੂਸ ਨੂੰ ਅੱਧਾ ਚਮਚ ਨਿੰਬੂ ਜੂਸ, ਇਕ ਚਮਚ ਐਲੋਵੇਰਾ ਅਤੇ ਇਕ ਕੱਪ ਗੁਲਾਬ ਜਲ ਨੂੰ ਮਿਲਾ ਕੇ ਟੋਨਰ ਬਣਾ ਲਓ। ਇਸ ਟੋਨਰ ਨੂੰ ਫਰਿੱਜ ਵਿਚ ਠੰਢਾ ਹੋਣ ਦਿਓ ਤੇ ਫਿਰ ਚਮੜੀ 'ਤੇ ਲਗਾ ਲਓ। ਇਹ ਟੋਨਰ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਕੇ ਚਮੜੀ ਵਿਚ ਕਸਾਵਟ ਲਿਆਏਗਾ ਅਤੇ ਚਿਹਰੇ ਨੂੰ ਆਕਰਸ਼ਕ ਬਣਾਏਗਾ।

ਇਕ ਚਮਚ ਖੀਰਾ ਜੂਸ ਨੂੰ ਕਿ ਕੱਪ ਨਾਰੀਅਲ ਪਾਣੀ ਵਿਚ ਮਿਲਾ ਕੇ ਟੋਨਰ ਬਣਾ ਲਓ। ਇਸ ਦੀ ਲਗਾਤਾਰ ਵਰਤੋਂ ਨਾਲ ਚਮੜੀ ਵਿਚ ਨਿਖਾਰ ਆਵੇਗਾ ਅਤੇ ਚਿਹਰੇ ਦਾ ਆਕਰਸ਼ਣ ਵਧੇਗਾ।

ਇਕ ਕੌਲੀ ਵਿਚ 10 ਗ੍ਰਾਮ ਗੁਲਾਬ ਦੀਆਂ ਪੱਤੀਆਂ ਪਾਓ। ਇਸ ਕੌਲੀ ਵਿਚ 2 ਕੱਪ ਗਰਮ ਪਾਣੀ ਪਾ ਕੇ ਇਸ ਨੂੰ ਰਾਤ ਭਰ ਭਿੱਜਣ ਦਿਓ। ਅਗਲੀ ਸਵੇਰ ਇਸ ਨੂੰ ਠੰਢਾ ਹੋਣ 'ਤੇ ਛਾਣ ਲਓ ਅਤੇ ਮਿਸ਼ਰਨ ਵਿਚ ਇਕ ਚਮਚ ਖੀਰੇ ਦਾ ਜੂਸ ਅਤੇ ਇਕ ਵਿਟਾਮਿਨ ਈ ਕੈਪਸੂਲ ਮਿਲਾ ਕੇ ਇਸ ਮਿਸ਼ਰਨ ਨੂੰ ਚੰਗੀ ਤਰ੍ਹਾਂ ਫੈਂਟ ਲਓ। ਇਸ ਮਿਸ਼ਰਨ ਨੂੰ ਸਪ੍ਰੇਅ ਬੋਤਲ ਵਿਚ ਪਾ ਕੇ ਇਸ ਨੂੰ ਚਿਹਰੇ 'ਤੇ ਕੋਮਲਤਾ ਨਾਲ ਸਪ੍ਰੇਅ ਕਰੋ। ਇਸ ਨਾਲ ਚਿਹਰੇ ਦੇ ਟੋਨ, ਰਿਫ੍ਰੈਸ਼ ਅਤੇ ਨਾਰਿਸ਼ ਕਰਨ ਵਿਚ ਮਦਦ ਮਿਲੇਗੀ। ਖੀਰੇ ਦੀਆਂ ਫਾੜੀਆਂ ਨੂੰ ਅੱਧੇ ਘੰਟੇ ਤੱਕ ਫਰਿੱਜ ਦੀ ਠੰਢਕ ਵਿਚ ਰੱਖਣ ਤੋਂ ਬਾਅਦ ਅੱਖਾਂ 'ਤੇ ਰੱਖਣ ਨਾਲ ਦਿਨ ਭਰ ਦੀ ਥਕਾਵਟ ਤੋਂ ਰਾਹਤ ਮਹਿਸੂਸ ਹੁੰਦੀ ਹੈ। ਕਦੀ ਵੀ ਘਰੇਲੂ ਸੁੰਦਰਤਾ ਨੁਸਖਿਆਂ ਨੂੰ ਵੱਡੀ ਮਾਤਰਾ ਵਿਚ ਨਾ ਬਣਾਓ ਅਤੇ ਇਨ੍ਹਾਂ ਨੂੰ ਠੰਢੀ ਅਤੇ ਖ਼ੁਸ਼ਕ ਥਾਂ 'ਤੇ ਰੱਖੋ।

ਸ਼ਹਿਨਾਜ਼ ਹੁਸੈਨ

# ਗਹਿਣਿਆਂ ਦਾ ਰੱਖੋ ਧਿਆਨ

ਆਦਿਕਾਲ ਤੋਂ ਹੀ ਗਹਿਣਿਆਂ ਵਲ ਨਾਰੀ ਦੀ ਚਾਹਤ ਰਹੀ ਹੈ। ਸੁੰਦਰ ਅਤੇ ਆਕਰਸ਼ਕ ਗਹਿਣੇ ਨਾਰੀ ਦੀ ਸੁੰਦਰਤਾ ਅਤੇ ਸ਼ਖ਼ਸੀਅਤ ਵਿਚ ਚਾਰ ਚੰਨ ਲਗਾ ਦਿੰਦੇ ਹਨ। ਗਹਿਣੇ ਚਾਹੇ ਸੋਨੇ, ਚਾਂਦੀ, ਪਿੱਤਲ ਅਤੇ ਮੋਤੀ ਆਦਿ ਜਿਸ ਵੀ ਕਿਸੇ ਧਾਤੂ ਦੇ ਬਣੇ ਹੋਣ, ਜੇਕਰ ਉਨ੍ਹਾਂ ਦੀ ਸਹੀ ਦੇਖਭਾਲ, ਸਫ਼ਾਈ, ਰੱਖ-ਰਖਾਅ ਦਾ ਧਿਆਨ ਰੱਖਿਆ ਜਾਵੇ ਤਾਂ ਸਾਲੋ-ਸਾਲ ਚਲਣ ਤੋਂ ਬਾਅਦ ਵੀ ਇਹ ਨਵੇਂ ਦਿਸਣਗੇ। ਇਸ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ।



ਜੇਕਰ ਤੁਹਾਡੇ ਕੋਲ ਗਹਿਣੇ ਜ਼ਿਆਦਾ ਹੋਣ ਤਾਂ ਉਨ੍ਹਾਂ ਨੂੰ ਬੈਂਕ ਵਿਚ ਰੱਖੋ।

ਘਰ 'ਚ ਵੀ ਵੱਖ-ਵੱਖ ਤਰ੍ਹਾਂ ਦੇ ਗਹਿਣਿਆਂ ਨੂੰ ਮਖਮਲੀ ਕੱਪੜੇ ਵਿਚ ਲਪੇਟ ਕੇ ਵੱਖ-ਵੱਖ ਡੱਬਿਆਂ ਵਿਚ ਰੱਖੋ।

ਗਹਿਣੇ ਪਾ ਕੇ ਕਦੀ ਨਾ ਸੌਂਵੋ ਕਿਉਂਕਿ ਇਸ ਨਾਲ ਗਹਿਣੇ ਟੁੱਟ ਜਾਣ ਦਾ ਡਰ ਰਹਿੰਦਾ ਹੈ।

ਸਿਨੇਮਾ, ਪਿਕਨਿਕ ਅਤੇ ਘੁੰਮਣ ਲਈ ਜਾਂਦੇ ਸਮੇਂ ਘੱਟ ਗਹਿਣੇ ਪਾਵੋ। ਜਿਥੋਂ ਤੱਕ ਹੋ ਸਕੇ ਇਸ ਤਰ੍ਹਾਂ ਦੀ ਥਾਂ 'ਤੇ ਜਾਣ ਸਮੇਂ ਨਕਲੀ ਜਾਂ ਮੋਤੀਆਂ ਦਾ ਸੈੱਟ ਪਾ ਕੇ ਜਾਓ।

ਅਣਜਾਣਾਂ ਨਾਲ ਆਪਣੇ ਗਹਿਣਿਆਂ ਦੀ ਚਰਚਾ ਬਿਲਕੁਲ ਨਾ ਕਰੋ।

ਗਹਿਣੇ ਹਮੇਸ਼ਾ ਜਾਣ-ਪਛਾਣ ਵਾਲੇ ਸੁਨਿਆਰੇ ਕੋਲੋਂ ਬਣਵਾਓ।

ਗਰਮੀ ਦੇ ਦਿਨਾਂ ਵਿਚ ਗਹਿਣੇ ਪਸੀਨੇ ਦੀ ਵਜ੍ਹਾ ਕਰਕੇ ਕਾਲੇ ਹੋ ਜਾਂਦੇ ਹਨ ਤੇ ਆਪਣੀ ਚਮਕ ਗਵਾ ਦਿੰਦੇ ਹਨ। ਇਸ ਲਈ ਇਸ ਮੌਸਮ ਵਿਚ ਗਹਿਣੇ ਲਾਹੁਣ ਤੋਂ ਬਾਅਦ ਰੂੰ ਜਾਂ ਸੂਤੀ ਕੱਪੜੇ ਵਿਚ ਚੰਗੀ ਤਰ੍ਹਾਂ ਪੂੰਝ ਕੇ ਰੱਖੋ।

ਕੰਮਕਾਜੀ ਔਰਤਾਂ ਸਹੂਲਤ ਅਨੁਸਾਰ ਗਹਿਣੇ ਪਾਉਣ। ਗਹਿਣੇ ਸਲੀਕੇ ਨਾਲ ਪਾਵੋ, ਨਾ ਤੰਗ ਨਾ ਟਾਈਟ। ਬਿਛੂਏ ਚੰਗੀ ਤਰ੍ਹਾਂ ਕੱਸੇ ਹੋਣ, ਅੰਗੂਠੀ ਐਨ ਫਿਟ ਹੋਵੇ।

ਰੇਸ਼ਮ ਦੀ ਡੋਰੀ ਵਿਚ ਪਰੋਏ ਗਹਿਣਿਆਂ ਨੂੰ ਪਾਣੀ ਨਾਲ ਗਿੱਲਾ ਨਾ ਹੋਣ ਦਿਓ।

ਸੁਮਿਤਰਾ ਯਾਦਵ

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣਾ ਜਾਇਜ਼ ਹੈ?



ਭਾਰਤ ਵਿੱਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ। ਹਾਲਾਂਕਿ, ਇਹ ਟਕਰਾਅ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਰਾਸ਼ਟਰੀ ਪ੍ਰਤੀਕਾਂ ਅਤੇ ਅਸਹਿਮਤੀ ਦੇ ਅਧਿਕਾਰਾਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਕੱਸਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਸਾਹਮਣੇ ਆ ਰਿਹਾ ਹੈ।

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕਾਂਗਰਸ ਨੇ 'ਵੰਦੇ ਮਾਤਰਮ' ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਿਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ 'ਅਰਬਨ ਨਕਸਲੀ' ਜਾਂ 'ਦਿਮਾਗੀ ਨਕਸਲੀ' ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿੱਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ। ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿੱਚ ਅਜਿਹੇ ਵਿਵਾਦ ਉੱਭਰਦੇ ਹਨ। ਸ਼੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿੱਚੋਂ ਲੰਘ ਚੁੱਕੇ ਹਨ।

ਬਹੁਤ ਸਾਰੇ ਲੋਕਤੰਤਰਾਂ ਵਿੱਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿੱਚ ਇੱਕ ਸਾਂਝਾ ਸੂਤਰ ਦਿਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਠੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ਼੍ਰੀਲੰਕਾ ਵਿੱਚ 2010 ਵਿੱਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ-ਜਿਵੇਂ ਜਰਮਨੀ ਦਾ ਅੰਸ਼ਕ ਗਾਇਨ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿੱਚ ਆਖਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿੱਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿੱਚੋਂ ਨਿਕਲਿਆ ਹੈ। 'ਵੰਦੇ ਮਾਤਰਮ' 1875 ਵਿੱਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿੱਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ। ਲੇਕਿਨ ਦੇਸ਼ ਵਿੱਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿੱਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿੱਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਇਸ ਗੀਤ ਸਬੰਧੀ ਵਿਰੋਧ ਵਧਿਆ ਤਾਂ ਉਸ ਉੱਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿੱਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰਗਾਨ 'ਜਨ ਗਨ ਮਨ' ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ 'ਵੰਦੇ ਮਾਤਰਮ' ਦੇ ਕੁੱਲ ਛੇ ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿੱਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿੱਚ ਹਰ ਮੰਦਰ ਵਿੱਚ ਛਵੀ ਦਾ ਜ਼ਿਕਰ ਹੈ, ਅਤੇ ਪੰਜਵੇਂ ਵਿੱਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ-ਜੋ ਸਭ ਨੂੰ ਸਵੀਕਾਰਯੋਗ ਸਨ-ਹੀ ਗਾਉਣ ਦਾ ਫੈਸਲਾ ਲਿਆ ਗਿਆ।

ਇਤਿਹਾਸਕਾਰ 'ਤਨਿਕਾ ਸਰਕਾਰ' ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ 'ਆਨੰਦ ਮਠ' ਨਾਵਲ ਦਾ ਹਿੱਸਾ ਬਣਾਇਆ ਸੀ, ਸਪਸ਼ਟ ਰੂਪ ਵਿੱਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿੱਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿੱਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ 'ਜਨ ਗਨ ਮਨ' ਰਾਸ਼ਟਰੀ ਗਾਣ ਹੋਵੇਗਾ, ਪਰ 'ਵੰਦੇ ਮਾਤਰਮ'- ਜਿਸ ਨੇ ਆਜ਼ਾਦੀ ਦੀ ਲੜਾਈ ਵਿੱਚ ਇਤਿਹਾਸਕ ਭੂਮਿਕਾ ਨਿਭਾਈ-ਉਸ ਨੂੰ 'ਜਨ ਗਨ ਮਨ' ਦੇ ਬਰਾਬਰ ਦਾ ਦਰਜਾ ਮਿਲੇਗਾ। ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ 'ਵੰਦੇ ਮਾਤਰਮ' ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।

ਕਾਨੂੰਨੀ ਮਾਹਰ ਇਸ ਉੱਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ 'ਵੰਦੇ ਮਾਤਰਮ' ਦਾ ਸੰਵਿਧਾਨਕ ਦਰਜਾ 'ਜਨ ਗਨ ਮਨ' ਜਿਹਾ ਕਦੇ ਰਿਹਾ ਹੀ ਨਹੀਂ ਹੈ। ਸੰਵਿਧਾਨ ਸਭਾ ਨੇ 'ਜਨ ਗਨ ਮਨ' ਨੂੰ ਰਸਮੀ ਰੂਪ ਵਿੱਚ ਰਾਸ਼ਟਰੀ ਗਾਣ ਚੁਣਿਆ, ਜਦਕਿ 'ਵੰਦੇ ਮਾਤਰਮ' ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿੱਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿੱਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ 'ਵੰਦੇ ਮਾਤਰਮ' ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰਗਾਨ ('ਜਨ ਗਨ ਮਨ') ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿੱਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿੱਚ ਪਾਸ ਕੀਤੇ ਪ੍ਰਸਤਾਵ ਅਨੁਸਾਰ 'ਵੰਦੇ ਮਾਤਰਮ' 'ਤੇ ਵੀ ਲਾਗੂ ਹੋਵੇਗਾ।

ਭਾਰਤ ਵਿੱਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ ਹੈ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ 'ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿੱਚ ਟਕਰਾਅ ਅਗਲੇ ਦਿਨਾਂ ਵਿੱਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿੱਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ 15 ਅਗਸਤ ਨੂੰ ਕਾਂਗਰਸ ਦੇ ਹੈੱਡਕੁਆਰਟਰ ਵਿੱਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿੱਚ 'ਵੰਦੇ ਮਾਤਰਮ' ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਣ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿੱਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਲਾ ਰਹੀ ਹੈ। ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ 'ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ 'ਚ ਰੱਖ ਲਿਆ। ਉਂਝ ਜਿਵੇਂ ਕਾਂਗਰਸ ਦੇ ਦੌਰ ਵਿੱਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿੱਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ। ਨਾਗਰਿਕਤਾ ਕਾਨੂੰਨ (ਸੀਏਏ) ਦੇ ਵਿਰੋਧ ਵਿੱਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖਤ ਕਾਨੂੰਨਾਂ (ਜਿਵੇਂ ਯੂਏਪੀਏ) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਰੱਖਿਆ ਗਿਆ-ਜਿਨ੍ਹਾਂ ਵਿੱਚ ਵਰਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ. ਐੱਮ. ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਦੇਸ਼ ਵਿੱਚ ਵੱਖਰੀ ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿੱਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉੱਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿੱਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿੱਚ ਨਹੀਂ ਹੈ।

ਅੱਜ ਜਦੋਂ ਭਾਰਤ ਵਿੱਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ। ਪਰ ਇਸ ਦੇ ਉਲਟ, ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ। ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਊਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਊਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ-ਉਹ ਤਾਂ ਭਾਰਤ ਦਾ ਬਾਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿੱਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉੱਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

ਗੁਰਮੀਤ ਸਿੰਘ ਪਲਾਹੀ

# ਸਿਹਤ ਲਈ ਨੁਕਸਾਨਦੇਹ ਹਨ ਪਲਾਸਟਿਕ ਅਤੇ ਪਾਲੀਥੀਨ

ਅੱਜ ਦੇ ਯੁੱਗ ਨੂੰ ਜੇਕਰ ਪਲਾਸਟਿਕ ਯੁੱਗ ਕਿਹਾ ਜਾਵੇ ਤਾਂ ਇਸ ਨੂੰ ਗ਼ਲਤ ਨਹੀਂ ਕਿਹਾ ਜਾ ਸਕਦਾ। ਬੱਚਿਆਂ ਦੇ ਖਿਡੌਣੇ ਤੋਂ ਲੈ ਕੇ ਸਬਜ਼ੀ ਲੈਣ ਤੱਕ ਲਈ ਅੱਜ ਪਲਾਸਿਟਕ ਦੀ ਹੀ ਵਰਤੋਂ ਹੋ ਰਹੀ ਹੈ।

ਵਿਗਿਆਨਕ ਖੋਜਾਂ ਤੋਂ ਪਲਾਸਟਿਕ ਦੀ ਵਰਤੋਂ ਕਰਨ ਨਾਲ ਹੈਰਾਨ ਕਰਨ ਵਾਲੇ ਜਿਨ੍ਹਾਂ ਤੱਥਾਂ ਦਾ ਪਤਾ ਲੱਗਿਆ ਹੈ, ਉਹ ਸਿਰਫ ਹੈਰਾਨੀਜਨਕ ਤੱਥ ਹੀ ਨਹੀਂ ਸਗੋਂ ਪੂਰੀ ਤਰ੍ਹਾਂ ਨਾਲ ਮਨੁੱਖ ਲਈ ਇਕ ਚਿਤਾਵਨੀ ਵੀ ਹੈ ਜਿਸ ਨੂੰ ਨਾ ਮੰਨਣ ਦਾ ਨਤੀਜਾ ਮਹਾਂਵਿਨਾਸ਼ ਵੀ ਹੋ ਸਕਦਾ ਹੈ। ਵਾਤਾਵਰਨ ਮਾਹਿਰਾਂ ਨੂੰ ਡਰ ਹੈ ਕਿ ਜ਼ਮੀਨ 'ਤੇ ਫੈਲੇ ਸਿੰਥੈਟਿਕ ਕੂੜੇ-ਕਰਕਟ ਦੀ ਮਾਤਰਾ, ਰੌਸ਼ਨੀ ਸੰਸ਼ਲੇਸ਼ਣ ਦੀ ਮਹੱਤਵਪੂਰਨ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਕਾਰਬਨ ਡਾਈਆਕਸਾਈਡ, ਕਾਰਬੋਹਾਈਡ੍ਰੇਟ ਅਤੇ ਰੁੱਖ ਪ੍ਰਭਾਵਿਤ ਹੋ ਸਕਦੇ ਹਨ। ਨਤੀਜੇ ਵਜੋਂ ਮਨੁੱਖ ਨੂੰ ਅਨੇਕਾਂ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਲਾਸਟਿਕ ਇਕ ਇਸ ਤਰ੍ਹਾਂ ਦਾ ਪਦਾਰਥ ਹੈ ਜੋ ਨਾ ਤਾਂ ਪਾਣੀ ਵਿਚ ਘੁਲ ਕੇ ਖ਼ਤਮ ਹੋ ਸਕਦਾ ਹੈ ਅਤੇ ਨਾ ਹੀ ਜ਼ਮੀਨ ਅੰਦਰ ਦੱਬ ਕੇ ਹੀ। ਇਕ ਅਮਰੀਕੀ ਡਾਕਟਰ ਡੀ. ਲਾਈਸਟ ਦਾ ਮੰਨਣਾ ਹੈ ਕਿ ਪਲਾਸਟਿਕ ਓਨਾ ਹੀ ਖ਼ਤਰਨਾਕ ਹੁੰਦਾ ਹੈ ਜਿੰਨਾ ਸਮੁੰਦਰ ਵਿਚ ਵਗਦਾ ਹੋਇਆ ਤੇਲ ਅਤੇ ਜ਼ਹਿਰੀਲੇ ਰਸਾਇਣ।

ਹਰ ਥਾਂ, ਹਰ ਕੋਨੇ ਤੋਂ ਕੂੜੇ ਦੇ ਹਰ ਕਚਰੇ ਵਿਚ ਪਲਾਸਟਿਕ ਹੀ ਪਲਾਸਟਿਕ ਨਜ਼ਰ ਆਉਣ ਲੱਗਾ ਹੈ। ਇਸ ਨੂੰ ਖ਼ਤਮ ਕਰਨ ਦੀ ਸਮੱਸਿਆ ਹਰ ਦਿਨ ਭਿਆਨਕ ਹੁੰਦੀ ਜਾ ਰਹੀ ਹੈ ਕਿਉਂਕਿ ਇਹ ਨਾ ਤਾਂ ਜ਼ਮੀਨ ਦੀ ਮਿੱਟੀ ਵਿਚ ਹੀ ਗਲਦਾ ਹੈ ਅਤੇ ਨਾ ਹੀ ਪਾਣੀ ਵਿਚ ਸੜ ਕੇ ਖ਼ਤਮ ਹੁੰਦਾ ਹੈ। ਜ਼ਮੀਨ ਵਿਚ ਮਿਲ ਕੇ ਇਹ ਜ਼ਮੀਨ ਦੀ ਪੈਦਾਵਰ ਸ਼ਕਤੀ ਨੂੰ ਘੱਟ ਕਰ ਦਿੰਦਾ ਹੈ ਅਤੇ ਉਸ ਨੂੰ ਬੰਜਰ ਬਣਾ ਦਿੰਦਾ ਹੈ। ਏਨੇ ਵੱਡੇ ਪਲਾਸਟਿਕ ਦੇ ਕੂੜੇ ਨੂੰ ਸਾੜ ਕੇ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਾੜ ਕੇ ਵੀ ਇਹ ਆਪਣੇ ਪਿੱਛੇ



ਹਾਈਡੋਕਾਰਬਨ ਦੀਆਂ ਜ਼ਹਿਰੀਲੀਆਂ ਗੈਸਾਂ ਨੂੰ ਛੱਡ ਕੇ ਹਵਾ ਪ੍ਰਦੂਸ਼ਣ ਨੂੰ ਜਨਮ ਦੇਣ ਵਾਲਾ ਹੁੰਦਾ ਹੈ।

ਰਸੋਈ ਘਰ ਵਿਚ ਵਰਤੋਂ ਆਉਣ ਵਾਲੇ ਪਲਾਸਟਿਕ ਦੇ ਛੋਟੇ-ਛੋਟੇ ਰੰਗੀਨ ਡੱਬਿਆਂ ਵਿਚ ਹਲਦੀ, ਮਿਰਚ ਅਤੇ ਲੂਣ ਭਰ ਕੇ ਰੱਖਿਆ ਜਾਂਦਾ ਹੈ। ਇਹ ਪਦਾਰਥ ਪਲਾਸਟਿਕ ਦੇ ਰਸਾਇਣਕ ਤੱਤਾਂ ਨੂੰ ਆਪਣੇ ਵਿਚ ਖਿੱਚ ਲੈਂਦਾ ਹੈ ਅਤੇ ਖ਼ੁਦ ਦੂਸ਼ਿਤ ਹੋ ਜਾਂਦਾ ਹੈ। ਜੇਕਰ ਇਨ੍ਹਾਂ ਪਲਾਸਟਿਕ ਦੇ ਡੱਬਿਆਂ ਵਿਚ ਰੱਖੇ ਹੋਏ ਇਨ੍ਹਾਂ ਪਦਾਰਥਾਂ ਦੋ ਲਗਾਤਾਰ ਘੱਟ ਤੋਂ ਘੱਟ ਤਿੰਨ ਸਾਲਾਂ ਤੱਕ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਮਾੜੇ ਪ੍ਰਭਾਵ ਨਾਲ ਚਮੜੀ ਰੋਗ, ਸਾਹ ਰੋਗ ਆਦਿ ਅਨੇਕ ਰੋਗ ਸੌਖਿਆਂ ਹੀ ਮਨੁੱਖ ਨੂੰ ਘੇਰ ਲੈਂਦੇ ਹਨ।

ਪਾਲੀਥੀਨ ਦੀ ਪਤਲੀ ਥੈਲੀ ਵਿਚ ਦਹੀਂ, ਦੁੱਧ, ਚਾਟ, ਚਟਨੀ ਆਦਿ ਨੂੰ ਰੱਖ ਕੇ ਖਾਣਾ ਬਹੁਤ ਹਾਨੀਕਾਰਕ ਤਾਂ ਹੁੰਦਾ ਹੀ ਹੈ ਕਿਉਂਕਿ ਇਹ ਸਭ ਵਸਤਾਂ ਦੇ ਵਿਸ਼ੈਲੇ ਰਸਾਇਣਾਂ ਨੂੰ ਬੜੀ ਛੇਤੀ ਨਾਲ ਖਿੱਚ ਕੇ ਆਪਣੇ ਵਿਚ ਮਿਲਾ ਲੈਂਦੀਆਂ ਹਨ। ਇਸ ਦੇ ਸਿੱਟੇ ਵਜੋਂ ਗਠੀਆ, ਸਾਹ ਰੋਗ, ਚਮੜੀ ਰੋਗ, ਦਿਲ ਦੇ ਰੋਗ ਆਦਿ ਅਨੇਕ ਭਿਆਨਕ ਬਿਮਾਰੀਆਂ ਦੇ ਜਨਮ ਹੁੰਦੇ ਹਨ। ਦੁਬਾਰਾ ਵਰਤੋਂ ਵਿਚ ਲਿਆਂਦਾ ਪਲਾਸਟਿਕ ਸਿਹਤ ਲਈ ਬਹੁਤ ਜ਼ਿਆਦਾ ਹਾਨੀਕਾਰਕ ਹੁੰਦਾ ਹੈ।

ਪਲਾਸਟਿਕ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਮੇਂ ਰਹਿੰਦਿਆਂ ਖ਼ੁਦ ਨੂੰ ਜਾਗਰੂਕ ਕੀਤਾ ਜਾਵੇ ਅਤੇ ਇਸ ਹਾਨੀਕਾਰਕ ਵਸਤ ਨੂੰ ਘੱਟੋ-ਘੱਟ ਰਸੋਈ ਘਰ ਅਤੇ ਇਸ਼ਨਾਨ ਘਰ ਦਾ ਸਾਥੀ ਤਾਂ ਬਿਲਕੁਲ ਨਾ ਬਣਾਇਆ ਜਾਵੇ।

ਆਨੰਦ ਕੁਮਾਰ ਅਨੰਤ

# ਖੰਘ ਨੂੰ ਹਲਕੇ 'ਚ ਨਾ ਲਓ



ਉਂਜ ਤਾਂ ਸਾਨੂੰ ਸਭ ਨੂੰ ਕਦੀ ਨਾ ਕਦੀ ਖੰਘ, ਗਲੇ ਦੀ ਖਰਾਸ਼ ਜਾਂ ਖ਼ਰਾਬ ਗਲੇ ਦੀ ਸਮੱਸਿਆ ਹੋ ਹੀ ਜਾਂਦੀ ਹੈ ਪਰ ਕਦੀ-ਕਦੀ ਇਸ ਖੰਘ ਅਤੇ ਖਰਾਸ਼ ਨਾਲ ਰਹਿਊਮੈਟਿਕ ਦਿਲ ਦਾ ਰੋਗ ਵੀ ਹੋ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਇਹ ਸਮੱਸਿਆ ਵਧਦੀ ਹੀ ਜਾ ਰਹੀ ਹੈ।

ਇਹ ਸਮੱਸਿਆ ਪਹਿਲਾਂ ਕਾਫੀ ਛੋਟੀ ਉਮਰ 'ਚ ਸ਼ੁਰੂ ਹੋ ਜਾਂਦੀ ਹੈ ਅਤੇ 5 ਤੋਂ 15 ਸਾਲ ਦੀ ਉਮਰ ਤੱਕ ਇਸ ਦਾ ਕਹਿਰ ਵਧੇਰੇ ਹੋ ਜਾਂਦਾ ਹੈ। ਸੰਸਾਰ ਭਰ ਵਿਚ ਰਹਿਊਮੈਟਿਕ ਦਿਲ ਦੇ ਰੋਗੀ ਮਰੀਜ਼ਾਂ ਵਿਚੋਂ 30 ਫ਼ੀਸਦੀ ਲੋਕ ਭਾਰਤ ਵਿਚ ਹੀ ਹਨ। ਸਾਡੇ ਦੇਸ਼ 'ਚ ਲਗਭਗ 30 ਲੱਖ ਬੱਚੇ ਇਸ ਬਿਮਾਰੀ ਨਾਲ ਪੀੜਤ ਹਨ ਅਤੇ ਇਨ੍ਹਾਂ ਵਿਚ 25 ਫ਼ੀਸਦੀ ਬੱਚਿਆਂ ਨੂੰ ਦਿਲ ਦੇ ਆਪ੍ਰੇਸ਼ਨ ਦੀ ਜ਼ਰੂਰਤ ਹੈ। ਰਹਿਊਮੈਟਿਕ ਦਿਲ ਰੋਗ ਖ਼ਰਾਬ ਗ਼ਲੇ ਤੋਂ ਹੀ ਸ਼ੁਰੂ ਹੁੰਦਾ ਹੈ। ਬਾਅਦ ਵਿਚ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦੀ ਹੈ ਅਤੇ ਰਹਿਊਮੈਟਿਕ ਬੁਖਾਰ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਦਿਲ ਦੇ ਵਾਲਵ ਖ਼ਰਾਬ ਹੋ ਸਕਦੇ ਹਨ। ਦਿਲ, ਦਿਮਾਗ ਜਾਂ ਸਰੀਰ ਦੇ ਜੋੜਾਂ 'ਤੇ ਅਸਰ ਹੋ ਸਕਦਾ ਹੈ ਪਰ ਇਹ 5 ਤੋਂ 15 ਸਾਲ ਦੇ ਬੱਚਿਆਂ ਨੂੰ ਵਧੇਰੇ ਹੁੰਦਾ ਹੈ। ਇਸ ਦਾ ਅਸਰ ਬੱਚਿਆਂ ਦੇ ਸੁਸਤ ਹੋਣ ਤੋਂ ਹੀ ਪਤਾ ਲਗਦਾ ਹੈ।

ਰਹਿਊਮੈਟਿਕ ਦਿਲ ਦੇ ਰੋਗ ਤੋਂ ਬਚਣ ਦਾ ਸੌਖਾ ਤਰੀਕਾ ਇਹੀ ਹੈ ਕਿ ਰਹਿਊਮੈਟਿਕ ਬੁਖਾਰ ਹੋਣ ਹੀ ਨਾ ਦਿਓ, ਇਸ ਲਈ ਜਦੋਂ ਵੀ ਬੱਚੇ ਦਾ ਗਲਾ ਖ਼ਰਾਬ ਹੋਵੇ, ਖਾਣਾ ਖਾਣ 'ਚ ਮੁਸ਼ਕਿਲ ਹੋਵੇ, ਜਬਾੜੇ ਹੇਠਾਂ ਸੋਜ ਹੋਵੇ, ਬੁਖਾਰ, ਸਿਰਦਰਦ ਆਦਿ ਦੀ ਸ਼ਿਕਾਇਤ ਹੋਵੇ ਤਾਂ ਬੱਚਿਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਜਾਣਾ ਚਾਹੀਦਾ ਹੈ। ਗਲਾ ਖ਼ਰਾਬ ਹੋਣ 'ਤੇ ਜਾਂ ਇਨ੍ਹਾਂ ਵਿਚੋਂ ਕੁਝ ਲੱਛਣ ਹੋਣ 'ਤੇ ਡਾਕਟਰ ਵਲੋਂ ਹੀ ਸਹੀ ਇਲਾਜ ਕੀਤਾ ਜਾ ਸਕਦਾ ਹੈ। ਐਂਟੀਬਾਇਓਟਿਕ ਦਵਾਈਆਂ ਦੀ ਸਹਾਇਤਾ ਨਾਲ ਗ਼ਲੇ ਦੀ ਬਿਮਾਰੀ 'ਤੇ ਕਾਬੂ ਪਾ ਕੇ ਰਹਿਊਮੈਟਿਕ ਬੁਖਾਰ ਤੋਂ ਬਚਿਆ ਜਾ ਸਕਦਾ ਹੈ। -ਅਸ਼ੋਕ ਗੁਪਤਾ

# ਰੋਗਾਂ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਹੈ ਯੋਗਿਕ ਜੀਵਨ ਸ਼ੈਲੀ



ਖਾਣਾ ਖਾਣ ਤੋਂ ਬਾਅਦ ਜੇਕਰ ਹੋ ਸਕੇ 2 ਤੋਂ 10 ਮਿੰਟ ਤੱਕ ਬੱਜਰ ਆਸਣ ਵਿਚ ਬੈਠੋ ਜਾਂ ਖੱਬਾ ਪਾਸਾ ਲੈ ਕੇ ਲੇਟ ਜਾਓ, ਜਿਸ ਨਾਲ ਪਾਚਨ ਪ੍ਰਕਿਰਿਆ ਵਿਚ ਤੇਜ਼ੀ ਆ ਸਕੇ। ਖਾਣਾ ਖਾਣ ਤੋਂ ਬਾਅਦ ਸੌਣਾ ਜਾਂ ਕੋਈ ਵੀ ਸਰੀਰਕ ਅਤੇ ਮਾਨਸਿਕ ਕੰਮ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਅਮੱਲਤਾ, ਬਦਹਜ਼ਮੀ, ਗੈਸ ਥਕਾਵਟ, ਧੜਕਨ ਵਧਣਾ, ਉੱਚ ਖ਼ੂਨ ਦਬਾਅ, ਅਤੇ ਦਿਲ ਦੇ ਹੋਰ ਰੋਗਾਂ ਵਿਚ ਵਾਧਾ ਹੋ ਸਕਦਾ ਹੈ। ਖਾਣਾ ਖਾਣ ਤੋਂ ਬਾਅਦ 2-3 ਘੰਟੇ ਤਕ ਆਰਾਮ ਕਰੋ ਜਾਂ ਕੋਈ ਵੀ ਕੰਮ ਘਟ ਮਿਹਨਤ ਵਾਲਾ ਸਰੀਰਕ ਜਾਂ ਮਾਨਸਿਕ ਕੰਮ ਹੀ ਕਰੋ ਪਰ ਭਾਰਾ ਕੰਮ ਬਿਲਕੁਲ ਨਾ ਕਰੋ। ਖਾਣਾ ਖਾਂਦੇ ਹੋਏ ਅਤੇ ਇਸ ਤੋਂ 2-3 ਘੰਟੇ ਬਾਅਦ ਤੱਕ ਖੱਬੇ ਨੱਕ ਦੀ ਥਾਂ ਸੱਜੇ ਨੱਕ ਵਲੋਂ ਜ਼ਿਆਦਾ ਸਾਹ ਲੈਣਾ ਚਾਹੀਦਾ ਹੈ ਤਾਂ ਕਿ ਪਾਚਨ-ਕਿਰਿਆ ਸਹੀ ਢੰਗ ਨਾਲ ਹੋ ਸਕੇ। ਭੋਜਨ ਕਰਨ ਦੇ 20 ਮਿੰਟ ਬਾਅਦ ਇਕ ਗਿਲਾਸ ਸਾਫ਼ ਸਾਦਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤਾਂ ਕਿ ਪਾਚਨ ਕਿਰਿਆ ਆਸਾਨੀ ਨਾਲ ਪੂਰੀ ਹੋ ਸਕੇ। ਖਾਣਾ ਖਾਣ ਤੋਂ ਬਾਅਦ 1-2 ਘੰਟੇ ਤੇਜ਼ ਧੁੱਪ, ਤੇਜ਼ ਠੰਢ ਜਾਂ ਮੀਂਹ ਵਿਚ ਭਿੱਜਣ ਤੋਂ ਬਚਣਾ ਚਾਹੀਦਾ ਹੈ ਤਾਂ ਕਿ ਵਧ-ਘਟ ਰਹੇ ਤਾਪਕ੍ਰਮ ਦੇ ਕਾਰਨ ਪਾਚਨ ਕਿਰਿਆ ਵਿਚ ਗੜਬੜੀ ਨਾ ਹੋ ਸਕੇ। ਖਾਣਾ ਖਾਣ ਦੇ ਬਾਅਦ 6 ਘੰਟੇ ਤੱਕ ਕੁਝ ਵੀ ਨਹੀਂ ਖਾਣਾ ਚਾਹੀਦਾ ਅਤੇ ਇਸ ਤੋਂ ਬਾਅਦ ਹਲਕਾ-ਫੁਲਕਾ ਸਲਾਦ, ਫਲ, ਦੁੱਧ, ਪੁੰਗਰਿਆ ਅਨਾਜ ਜਾਂ ਕੋਈ ਹੋਰ ਕੁਝ ਖਾਣਾ ਚਾਹੀਦਾ ਹੈ। ਕਬਜ਼ ਤੋਂ ਬਚਣ ਲਈ ਦਿਨ ਵਿਚ ਖਾਣਾ ਖਾਣ ਦੇ 6 ਘੰਟੇ ਬਾਅਦ ਪਖਾਨਾ ਜਾਣ ਦੀ ਆਦਤ ਬਣਾਉਣੀ ਚਾਹੀਦੀ ਹੈ। ਪਖਾਨਾ ਜਾਣ ਤੋਂ ਤੁਰੰਤ ਪਹਿਲਾਂ ਜਾਂ ਬਾਅਦ ਵਿਚ ਪਾਣੀ ਨਹੀਂ ਪੀਣਾ ਚਾਹੀਦਾ। ਨਾਸ਼ਤੇ ਦੇ ਤਿੰਨ ਘੰਟੇ ਬਾਦ ਫਿਰ ਭੋਜਨ ਕਰਨਾ ਚਾਹੀਦਾ ਹੈ। ਨਹੀਂ ਤਾਂ ਪੇਟ ਖ਼ਾਲੀ ਰਹਿਣ ਨਾਲ ਤੇਜ਼ਾਬੀਪਣ, ਗੈਸ, ਕਬਜ਼, ਮਾਨਸਿਕ ਤਣਾਅ ਜਾਂ ਪਾਚਣ ਕਿਰਿਆ ਵਿਚ ਗੜਬੜੀ ਪੈਦਾ ਹੋ ਸਕਦੀ ਹੈ।

# ਸਾਵਧਾਨ ਰਹੋ : ਸਵੇਰ ਵੇਲੇ ਇਹ ਗ਼ਲਤੀਆਂ ਨਾ ਕਰੋ

ਜੇਕਰ ਦਿਨ ਦੀ ਸ਼ੁਰੂਆਤ ਚੰਗੀ ਹੋਵੇ ਤਾਂ ਸਾਰਾ ਦਿਨ ਚੰਗਾ ਲੰਘਦਾ ਹੈ ਪਰ ਸਵੇਰ ਵੇਲੇ ਹੀ ਥਕਾਵਟ ਅਤੇ ਮਨ ਉਦਾਸ ਹੋਵੇ ਤਾਂ ਸਾਰਾ ਦਿਨ ਨਾ ਤਾਂ ਕੰਮ ਵਿਚ ਦਿਲ ਲਗਦਾ ਹੈ ਅਤੇ ਨਾ ਹੀ ਕੰਮ ਖ਼ਤਮ ਹੁੰਦਾ ਹੈ। ਮਨ ਬੁਝਿਆ-ਬੁਝਿਆ ਰਹਿੰਦਾ ਹੈ। ਅਕਸਰ ਅਸੀਂ ਕੁਝ ਇਸ ਤਰ੍ਹਾਂ ਦੀਆਂ ਗ਼ਲਤੀਆਂ ਉੱਠਦਿਆਂ ਹੀ ਕਰਦੇ ਹਾਂ ਜੋ ਜਾਣ-ਬੁੱਝ ਕੇ ਨਹੀਂ, ਅਣਜਾਣੇ ਵਿਚ ਹੋ ਜਾਂਦੀਆਂ ਹਨ। ਉਨ੍ਹਾਂ ਦਾ ਅਸਰ ਸਾਡੀ ਸਿਹਤ 'ਤੇ ਕੁਝ ਸਮੇਂ ਬਾਅਦ ਦਿਸਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਅਸੀਂ ਉਨ੍ਹਾਂ ਗ਼ਲਤੀਆਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਦੇ ਰਹਾਂਗੇ ਤਾਂ ਨਤੀਜਾ ਬੁਰਾ ਹੋ ਸਕਦਾ ਹੈ। ਆਓ ਤੇ ਦੇਖੀਏ ਕੀ ਗ਼ਲਤੀਆਂ ਅਸੀਂ ਕਰਦੇ ਹਾਂ।

ਦੇਰੀ ਨਾਲ ਤੇ ਝਟਕੇ ਨਾਲ ਉੱਠਣਾ ਅਤੇ ਕੰਮ ਵਿਚ ਲੱਗਣਾ : ਅਕਸਰ ਅਸੀਂ ਸਵੇਰ ਸਮੇਂ ਜਲਦੀ ਨਹੀਂ ਉੱਠਦੇ। ਅਲਾਰਮ ਵਜਣ 'ਤੇ ਵੀ 15 ਤੋਂ 30 ਮਿੰਟ ਬਾਅਦ ਉੱਠਦੇ ਹਾਂ। ਫਿਰ ਸਮਾਂ ਦੇਖਦੇ ਹਾਂ ਅਤੇ ਹੜਬੜਾਹਟ 'ਚ ਉੱਠ ਕੇ ਇਕਦਮ ਕੰਮ ਵਿਚ ਲਗ ਜਾਂਦੇ ਹਾਂ। ਹੜਬੜਾਹਟ ਵਿਚ ਕੰਮ ਠੀਕ ਨਹੀਂ ਹੁੰਦਾ ਅਤੇ ਸਮਝ ਵੀ ਨਹੀਂ ਆਉਂਦਾ ਕਿ ਪਹਿਲਾਂ ਕੀ ਕਰੀਏ ਅਤੇ ਤਣਾਅ ਵੀ ਬਣਿਆ ਰਹਿੰਦਾ ਹੈ, ਜਿਸ ਦਾ ਸਿੱਧਾ ਅਸਰ ਸਾਡੀ ਸਿਹਤ 'ਤੇ ਪੈਂਦਾ ਹੈ।

ਦਿਨ ਦੀ ਸ਼ੁਰੂਆਤ ਜੇਕਰ ਸ਼ਾਂਤ ਸੁਭਾਅ ਨਾਲ ਕਰੀਏ ਤਾਂ ਸਾਰਾ ਕੰਮ ਆਰਾਮ ਨਾਲ ਬਿਨਾਂ ਤਣਾਅ ਅਤੇ ਹੜਬੜਾਹਟ ਨਾਲ ਹੁੰਦਾ ਚਲਿਆ ਜਾਂਦਾ ਹੈ। ਇਸ ਲਈ ਸਵੇਰੇ ਦੋ ਜਾਂ ਤਿੰਨ ਅਲਾਰਮ ਕੁਝ ਵਕਫ਼ੇ ਵਿਚ ਲਗਾਓ ਅਤੇ ਅਖ਼ੀਰਲੇ ਅਲਾਰਮ 'ਤੇ ਸੱਜੇ ਪਾਸੇ ਕਰਵਟ ਲੈ ਕੇ ਉੱਠੋ, ਬਿਸਤਰ 'ਤੇ ਦੋ ਚਾਰ ਪੰਜ ਮਿੰਟ ਬੈਠੋ, ਥੋੜ੍ਹਾ ਜਿਹਾ ਪਾਣੀ ਪੀਓ। ਚਿਹਰੇ 'ਤੇ ਮੁਸਕਾਨ ਲਿਆਓ ਅਤੇ ਰੱਬ ਦਾ ਧੰਨਵਾਦ ਕਰੋ, ਜਿਸ ਦੀ ਬਦੌਲਤ ਤੁਸੀਂ ਨਵੀਂ ਸਵੇਰ ਦਾ ਮੂੰਹ ਦੇਖ ਰਹੇ ਹੋ। ਫਿਰ ਬਿਸਤਰ ਛੱਡ ਕੇ ਪਖਾਨਾ ਕਰਨ ਜਾਓ।

ਸਵੇਰੇ ਉੱਠਦਿਆਂ ਹੀ ਥੋੜ੍ਹੀ ਜਿਹੀ ਸਟ੍ਰੈਚਿੰਗ ਕਰੋ : ਜਦੋਂ ਅਸੀਂ ਰਾਤ ਨੂੰ ਸੌਂਦੇ ਹਾਂ ਤਾਂ ਸਰੀਰ ਸਥਿਰ ਅਵਸਥਾ ਵਿਚ ਹੁੰਦਾ ਹੈ ਅਤੇ ਸਾਰੀਆਂ ਮਾਸਪੇਸ਼ੀਆਂ ਸਖ਼ਤ ਹੋ ਜਾਂਦੀਆਂ ਹਨ। ਜੇਕਰ ਅਸੀਂ ਉੱਠਦਿਆਂ ਹੀ ਕੰਮ ਵਿਚ ਲਗ ਜਾਈਏ ਤਾਂ ਸਰੀਰ ਆਪਣੀ ਸਹੀ ਅਵਸਥਾ ਵਿਚ ਆਏ ਬਿਨਾਂ ਓਨਾ ਚੁਸਤ ਨਹੀਂ ਹੁੰਦਾ। ਜੇਕਰ ਅਸੀਂ ਚਾਰ ਪੰਜ ਵਾਰ ਬਾਹਾਂ ਨੂੰ ਖਿੱਚ ਕੇ ਸਿੱਧਾ ਕਰੀਏ ਅਤੇ ਲੱਕ ਵੀ ਸਿੱਧਾ ਕਰ ਲਈਏ ਤਾਂ ਸਰੀਰ ਵਿਚ ਚੁਸਤੀ ਦਾ ਸੰਚਾਰ ਹੋ ਜਾਵੇਗਾ ਅਤੇ ਦਿਨ ਭਰ ਅਸੀਂ ਫੁਰਤੀ ਵਿਚ ਕੰਮ ਕਰਦੇ ਰਹਾਂਗੇ।

ਉੱਠਦੇ ਹੀ ਚਾਹ ਨਾ ਪੀਓ : ਬਹੁਤ ਸਾਰੇ ਲੋਕਾਂ ਨੂੰ ਸਵੇਰੇ ਉੱਠਦਿਆਂ ਹੀ 'ਬੈੱਡ ਟੀ' ਭਾਵ ਸਵੇਰ ਦੀ ਚਾਹ ਪੀਣ ਦੀ ਆਦਤ ਹੁੰਦੀ ਹੈ, ਜੋ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਖਾਲੀ ਪੇਟ ਚਾਹ ਕਦੀ ਨਾ ਪੀਓ।



ਸਵੇਰ ਦੀ ਸ਼ੁਰੂਆਤ ਇਕ ਗਿਲਾਸ ਨਿੰਬੂ ਪਾਣੀ ਨਾਲ ਕਰੋ। ਇਸ ਨਾਲ ਸਰੀਰ ਦੇ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ ਅਤੇ ਸਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਿਚ ਵੀ ਵਾਧਾ ਹੁੰਦਾ ਹੈ। ਜੇਕਰ ਚਾਹ ਪੀਣੀ ਹੈ, ਤਾਂ ਨਿੰਬੂ ਪਾਣੀ ਪੀਣ ਤੋਂ ਇਕ ਘੰਟੇ ਬਾਅਦ ਗ੍ਰੀਨ ਟੀ ਪੀਓ।

ਉੱਠਦਿਆਂ ਹੀ ਮੋਬਾਈਲ ਦੀ ਵਰਤੋਂ ਕਰਨਾ : ਬਹੁਤ ਸਾਰੇ ਲੋਕਾਂ ਦੀ ਆਦਤ ਹੁੰਦੀ ਹੈ ਕਿ ਉੱਠਦਿਆਂ ਹੀ ਫੋਨ ਚੁੱਕਦੇ ਹਨ ਅਤੇ ਆਪਣੀ ਈ-ਮੇਲ, ਮੈਸੇਜ ਜਾਂਚਣੇ ਸ਼ੁਰੂ ਕਰ ਦਿੰਦੇ ਹਨ। ਇਹ ਆਦਤ ਤੁਹਾਨੂੰ ਤਣਾਅ ਦੇ ਸਕਦੀ ਹੈ। ਸਵੇਰੇ ਤਣਾਅ ਦਾ ਅਰਥ ਹੈ ਕਿ ਦਿਨ ਭਰ ਦਾ ਤਣਾਅ। ਇਸ ਲਈ ਉੱਠਦਿਆਂ ਹੀ ਮੋਬਾਈਲ ਨਾ ਦੇਖੋ।

ਨਾਸ਼ਤਾ ਜ਼ਰੂਰ ਕਰੋ : ਮਾਹਿਰਾਂ ਅਨੁਸਾਰ ਸਵੇਰ ਦਾ ਨਾਸ਼ਤਾ ਨਾ ਕਰਨਾ ਸਾਡੇ ਸਰੀਰ ਵਿਚ ਤਣਾਅ ਨੂੰ ਵਧਾਉਂਦਾ ਹੈ, ਜਿਸ ਨਾਲ ਮੋਟਾਪਾ, ਸ਼ੂਗਰ ਵਰਗੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਤਾਕਤ ਵਿਚ ਕਮੀ ਆਉਂਦੀ ਹੈ। ਇਸ ਦਾ ਕਾਰਨ ਹੈ ਰਾਤ ਦੇ ਭੋਜਨ ਤੋਂ ਬਾਅਦ ਜੇਕਰ ਸਵੇਰ ਦਾ ਨਾਸ਼ਤਾ ਨਾ ਕੀਤਾ ਜਾਵੇ ਤਾਂ ਦੁਪਹਿਰ ਤੱਕ ਦੇ ਸਮੇਂ ਦਾ ਕਾਫ਼ੀ ਫਰਕ ਹੋਣ ਕਾਰਨ ਬਲੱਡ ਪ੍ਰੈਸ਼ਰ ਦਾ ਪੱਧਰ ਘੱਟ ਹੋ ਜਾਂਦਾ ਹੈ, ਜੋ ਸਿਹਤ ਲਈ ਨੁਕਸਾਨਦਾਇਕ ਹੁੰਦਾ ਹੈ। ਉੱਠਣ ਤੋਂ ਇਕ ਘੰਟੇ ਦੇ ਅੰਦਰ ਕੁਝ ਨਾ ਕੁਝ ਜ਼ਰੂਰ ਖਾਓ ਤਾਂ ਕਿ ਸਰੀਰ ਵਿਚ ਊਰਜਾ ਦਾ ਸੰਚਾਰ ਬਣਿਆ ਰਹੇ। ਭਿੱਜੇ ਬਦਾਮ, ਚਾਹ ਬਿਸਕੁਟ, ਫਲ, ਬ੍ਰੈੱਡ, ਚਾਹ ਲੈ ਸਕਦੇ ਹੋ।

ਮੁਸਕਰਾਉਂਦੇ ਹੋਏ ਉੱਠੋ : ਮੁਸਕਰਾਉਣ ਵਿਚ ਕਦੀ ਵੀ ਕੰਜੂਸੀ ਨਾ ਕਰੋ। ਮਾਹਿਰਾਂ ਅਨੁਸਾਰ ਸਵੇਰੇ ਆਪਣੇ ਬੁੱਲ੍ਹਾਂ 'ਤੇ ਮੁਸਕਾਨ ਲਿਆਓ ਤਾਂ ਕਿ ਦਿਨ ਭਰ ਤੁਸੀਂ ਮੁਸਕਰਾਉਂਦੇ ਰਹੋ। ਬਹੁਤ ਸਾਰੇ ਲੋਕ ਲਾਫਟਰ ਕਲੱਬ ਦੇ ਮੈਂਬਰ ਹੁੰਦੇ ਹਨ, ਜਿਥੇ ਉਹ ਖੁੱਲ੍ਹ ਕੇ ਹੱਸਦੇ ਹਨ। ਹੱਸਣ ਨਾਲ ਸਾਡਾ ਤਣਾਅ ਦੂਰ ਹੁੰਦਾ ਹੈ, ਦਿਲ ਦੀ ਧੜਕਣ ਸਹੀ ਬਣੀ ਰਹਿੰਦੀ ਹੈ, ਬਲੱਡ ਪ੍ਰੈਸ਼ਰ 'ਤੇ ਕੰਟਰੋਲ ਰਹਿੰਦਾ ਹੈ, ਸਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ। ਏਨਾ ਕੁਝ ਪਾਉਣ ਲਈ ਥੋੜ੍ਹਾ ਜਿਹਾ ਮੁਸਕਰਾਉਣਾ ਜ਼ਰੂਰੀ ਹੋ ਜਾਂਦਾ ਹੈ।

ਲਗਾਤਾਰ ਕਸਰਤ ਕਰੋ : ਖ਼ੁਦ ਨੂੰ ਫਿੱਟ ਰੱਖਣ ਲਈ ਕਸਰਤ ਚਾਰ ਮੁੱਖ ਥੰਮ੍ਹਾਂ ਵਿਚੋਂ ਇਕ ਹੈ। ਚਾਰ ਥੰਮ੍ਹ ਹਨ-ਪੌਸ਼ਟਿਕ ਭੋਜਨ, ਸਾਕਾਰਾਤਮਕ ਸੋਚ, ਕਸਰਤ ਅਤੇ ਆਰਾਮ। ਇਕ ਵੀ ਥੰਮ੍ਹ ਅਸੀਂ ਨਜ਼ਰਅੰਦਾਜ਼ ਕਰਾਂਗੇ ਤਾਂ ਸਾਡੀ ਸਿਹਤ 'ਤੇ ਗ਼ਲਤ ਪ੍ਰਭਾਵ ਪਵੇਗਾ, ਜੋ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾਏਗਾ। ਸੈਰ, ਜਾਗਿੰਗ, ਯੋਗਾ, ਪ੍ਰਾਣਾਯਾਮ ਜਾਂ ਕੋਈ ਹੋਰ ਕਸਰਤ ਅੱਧੇ ਘੰਟੇ ਲਈ ਹਰ ਰੋਜ਼ ਜ਼ਰੂਰ ਕਰੋ। ਇਨ੍ਹਾਂ ਨੂੰ ਵੀ ਆਪਣੀ ਰੋਜ਼ਮਰ੍ਹਾ ਦਾ ਹਿੱਸਾ ਬਣਾਓ।

ਨੀਤੂ ਗੁਪਤਾ

# ਅਕਾਦਮਿਕ ਆਜ਼ਾਦੀ ਦਾ ਘਾਣ ਅਤੇ ਅਗਲੀ ਪੀੜ੍ਹੀ



ਮੈਂ ਅਕਾਦਮਿਕ ਆਜਾਦੀ ਬਾਰੇ ਵੀ-ਡੈਮ (-) ਦੀ ਤਾਜਾ ਰਿਪੋਰਟ ਉੱਤੇ ਨਜਰ ਮਾਰੀ ਤਾਂ ਮਨ ਨੂੰ ਧੱਕਾ ਲੱਗਿਆ, ਪਰ ਬਹੁਤੀ ਹੈਰਾਨੀ ਨਹੀਂ ਹੋਈ। ਫਿਕਰ ਤਾਂ ਇਸ ਗੱਲ ਦੀ ਹੈ ਕਿ ਅਕਾਦਮਿਕ ਆਜਾਦੀ ਦੇ ਮਾਮਲੇ ਵਿੱਚ 179 ਦੇਸਾਂ ਵਿੱਚੋਂ ਭਾਰਤ ਦਾ ਨਾਂ ਹੇਠਲੇ 10 ਤੋਂ 20 ਫੀਸਦੀ ਮੁਲਕਾਂ ਵਿੱਚ ਸੁਮਾਰ ਹੈ। ਜਦੋਂ ਇਹ ਮਹਿਸੂਸ ਹੁੰਦਾ ਹੈ ਕਿ ਨਾ ਸਿਰਫ 1990 ਤੋਂ ਬਾਅਦ ਭਾਰਤ ਦੀ ਇਹ ਹਾਲਤ ਸਭ ਤੋਂ ਹੇਠਲੇ ਪੱਧਰ 'ਤੇ ਜਾ ਪਹੁੰਚੀ ਹੈ ਸਗੋਂ 1975-1977 ਦੀ ਐਮਰਜੈਂਸੀ ਦੇ ਦੌਰ ਨਾਲੋਂ ਵੀ ਹੇਠਾਂ ਡਿੱਗ ਗਈ ਹੈ ਤਾਂ ਇਹ ਪੀੜ ਹੋਰ ਵੀ ਡੂੰਘੀ ਹੋ ਜਾਂਦੀ ਹੈ।

ਫਿਰ ਵੀ ਮੈਨੂੰ ਦੋ ਕਾਰਨਾਂ ਕਰਕੇ ਕੋਈ ਹੈਰਾਨੀ ਨਹੀਂ ਹੁੰਦੀ। ਪਹਿਲੀ ਗੱਲ, ਸਾਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਕਾਦਮਿਕ ਆਜਾਦੀ ਦੀ ਉਮੀਦ ਰੱਖਣਾ ਕੋਈ ਬਹੁਤੀ ਸਿਆਣਪ ਨਹੀਂ ਸਗੋਂ ਸਾਡਾ ਭੋਲਾਪਣ ਹੀ ਕਹਾਏਗਾ; ਖਾਸ ਕਰਕੇ ਉਸ ਦੌਰ ਵਿੱਚ ਜਦੋਂ ਅਜੋਕਾ ਸਿਆਸੀ-ਸੱਭਿਆਚਾਰਕ ਮਾਹੌਲ ਆਪਣੇ ਪਿਛਾਂਹ-ਖਿੱਚੂ ਅਤੇ ਤਾਨਾਸਾਹੀ ਸੁਭਾਅ ਕਾਰਨ ਆਜਾਦ ਸੋਚ ਦੇ ਚਾਨਣ ਤੋਂ ਸਹਿਮਿਆ ਰਹਿੰਦਾ ਹੈ। ਸੱਤਾ ਦਾ ਅਸਲ ਵਿਰੋਧਾਭਾਸ ਵੀ ਇਹੀ ਹੈ ਕਿ ਜਿੰਨਾ ਕੋਈ ਤਾਕਤਵਰ ਹੁੰਦਾ ਹੈ, ਓਨਾ ਹੀ ਵੱਧ ਡਰਪੋਕ ਬਣ ਜਾਂਦਾ ਹੈ। ਹਾਂ, ਇਹ ਅਸਹਿਮਤੀ ਦਾ ਡਰ ਹੈ, ਇਹ ਬਦਲਵੇਂ ਵਿਚਾਰਧਾਰਕ ਨਜਰੀਏ ਦਾ ਡਰ ਹੈ ਅਤੇ ਇਹ ਉਸ ਆਲੋਚਨਾਤਮਕ ਸੋਚ ਦਾ ਡਰ ਹੈ, ਜੋ ਕਿਸੇ ਤਾਕਤਵਰ ਹਕੂਮਤ ਜਾਂ ਇਸ ਦੇ 'ਸੁਪਰੀਮ ਲੀਡਰ' ਦੇ ਬੜੀ ਸੋਚ-ਸਮਝ ਕੇ ਘੜੇ ਗਏ ਵੱਡੇ ਤੋਂ ਵੱਡੇ ਅਕਸ ਨੂੰ ਪਲਾਂ ਵਿੱਚ ਤੋੜ ਸਕਦੀ ਹੈ। ਇਹ ਡਰ ਬਹੁਤ ਤੇਜੀ ਨਾਲ ਫੈਲਣ ਵਾਲਾ ਹੈ।

ਜਿੱਥੇ ਇਹ ਉਸ ਸੂਝਵਾਨ ਪ੍ਰੋਫੈਸਰ ਤੋਂ ਡਰਦਾ ਹੈ ਜਿਹੜਾ ਆਪਣੀ ਪੜ੍ਹਾਈ ਅਤੇ ਲਿਖਤਾਂ ਰਾਹੀਂ ਮਰਦ-ਪ੍ਰਧਾਨ ਸੋਚ, ਔਰਤਾਂ ਪ੍ਰਤੀ ਨਫਰਤ ਅਤੇ ਹੱਦੋਂ ਵੱਧ ਮਰਦਾਨਗੀ ਵਾਲੇ ਧਾਰਮਿਕ ਰਾਸਟਰਵਾਦ ਉੱਤੇ ਸਵਾਲ ਖੜ੍ਹੇ ਕਰਦਾ ਹੈ, ਉੱਥੇ ਹੀ ਇਹ ਉਸ ਉੱਨੀ ਸਾਲਾਂ ਦੇ ਕਾਲਜ ਦੇ ਵਿਦਿਆਰਥੀ ਨੂੰ ਵੀ ਨਹੀਂ ਬਖਸਦਾ, ਜੋ ਮਿਸਾਲ ਵਜੋਂ ਸਰਕਾਰ ਦੇ ਘੜੇ ਬਿਰਤਾਂਤ ਤੋਂ ਪਾਰ ਜਾ ਕੇ ਉਮਰ ਖਾਲਿਦ ਦੀ ਲਿਖੀ ਕਿਤਾਬ 'ਫਰੈਕਚਰਡ ਕਮਿਊਨਿਟੀਜ: ਆਦਿਵਾਸੀ ਹਿਸਟਰੀਜ ਐਂਡ ਦਿ ਪੌਲੀਟਿਕਸ ਆਫ ਪਾਵਰ' ਰਾਹੀਂ ਉਸ ਦੀ ਵਿਦਵਤਾ ਨੂੰ ਸਮਝਣਾ ਚਾਹੁੰਦਾ ਹੈ, ਜਾਂ ਫਿਰ ਸਟੈਨ ਸਵਾਮੀ ਅਤੇ ਪ੍ਰੋਫੈਸਰ ਜੀ ਐੱਨ ਸਾਈਬਾਬਾ ਵਰਗੇ ਵਿਅਕਤੀਆਂ ਦੇ ਸੰਘਰਸਾਂ ਅਤੇ ਪ੍ਰਾਪਤੀਆਂ ਬਾਰੇ ਜਾਣਨਾ ਚਾਹੁੰਦਾ ਹੈ।

ਇਸ ਡਰ ਦੀ ਇੰਤਹਾ ਤਾਂ ਦੇਖੋ ਕਿ ਸਾਡੇ ਕੁਝ ਸਿਆਸੀ ਤੌਰ 'ਤੇ ਥਾਪੇ ਹੋਏ ਵਾਈਸ-ਚਾਂਸਲਰ ਕਿਵੇਂ ਸੱਤਾਧਾਰੀ ਧਿਰ ਨੂੰ ਖੁਸ ਕਰਨ ਦਾ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੰਦੇ ਅਤੇ ਇਸ ਤਰ੍ਹਾਂ ਯੂਨੀਵਰਸਿਟੀ ਦੇ ਉਸ ਅਸਲ ਵਿਚਾਰ ਨੂੰ ਹੀ ਮਿੱਟੀ ਵਿੱਚ ਮਿਲਾ ਦਿੰਦੇ ਹਨ, ਜੋ ਵੱਖ-ਵੱਖ ਗਿਆਨ ਪਰੰਪਰਾਵਾਂ ਦਾ ਸੰਗਮ ਹੁੰਦੀ ਹੈ। ਫਿਰ ਇਸ ਉੱਤੇ ਸਾਨੂੰ ਹੈਰਾਨੀ ਕਿਉਂ ਹੋਵੇ, ਜਦ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਹੋਈ ਇੱਕ ਤਾਜਾ ਕਾਨਫਰੰਸ ਦੌਰਾਨ ਇੱਕ ਹੋਰ ਪ੍ਰਮੁੱਖ ਕੇਂਦਰੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੇ ਸਾਡੇ ਕੁਝ ਉੱਘੇ ਸਮਾਜਿਕ ਵਿਗਿਆਨੀਆਂ ਦਾ ਇਹ ਕਹਿ ਕੇ ਮਜਾਕ ਉਡਾਉਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕੀਤੀ ਕਿ ਉਹ 'ਤੱਥਾਂ ਦੇ ਕ੍ਰਮ ਨੂੰ ਉਲਟਾ' ਰਹੇ ਹਨ। ਸਾਇਦ 'ਭਾਰਤੀ ਗਿਆਨ ਪ੍ਰਣਾਲੀ' ਦੀ ਸਰਬਉੱਚਤਾ ਵਿੱਚ ਉਸ ਦੇ ਅੰਨ੍ਹੇ ਵਿਸਵਾਸ ਨੇ ਹੀ ਉਸ ਨੂੰ ਆਧੁਨਿਕ ਨਾਰੀਵਾਦੀਆਂ ਦੇ ਸਮੂਹ ਨੂੰ 'ਸੁਧਾਰਨ' ਲਈ ਪ੍ਰੇਰਿਤ ਕੀਤਾ ਅਤੇ ਇਹ ਦਾਅਵਾ ਕਰਨ ਲਈ ਮਜਬੂਰ ਕੀਤਾ ਕਿ 'ਸਿਮੋਨ ਡੀ ਬਿਵੋਆ ਨਹੀਂ ਸਗੋਂ ਦ੍ਰੋਪਦੀ ਨੂੰ ਪਹਿਲੀ ਨਾਰੀਵਾਦੀ ਸ਼ਖਸੀਅਤ ਵਜੋਂ ਦੇਖਿਆ ਜਾਣਾ ਚਾਹੀਦਾ ਹੈ!' ਸੁਨੇਹਾ ਬਿਲਕੁਲ ਸਪੱਸ਼ਟ ਹੈ।

ਵੱਡੇ 'ਬੌਸ' ਨੂੰ ਖੁਸ ਕਰੋ, 'ਭਾਰਤੀ ਗਿਆਨ ਪ੍ਰਣਾਲੀ' ਦੇ ਨਾਂ ਉੱਤੇ ਜੋ ਕੁਝ ਵੀ ਹੋ ਰਿਹਾ ਹੈ ਉਸ ਦੀ ਵਡਿਆਈ ਕਰੋ ਅਤੇ ਆਲੋਚਨਾਤਮਕ ਸੋਚ ਦੀ ਭਾਵਨਾ ਨੂੰ ਕਾਰਲ ਮਾਰਕਸ, ਜਾਂ ਪਾਲ ਸਾਰਤਰ ਅਤੇ ਮਿਸੇਲ ਫੂਕੋ ਵਰਗੇ ਲੋਕਾਂ ਤੋਂ ਉਧਾਰ ਲਿਆ ਗਿਆ ਸਿਰਫ ਇੱਕ 'ਪੱਛਮੀ' ਵਿਚਾਰ ਕਹਿ ਕੇ ਰੱਦ ਕਰ ਦਿਓ। ਦੂਜੀ ਗੱਲ, ਇਹ ਸਮਝਣਾ ਵੀ ਓਨਾ ਹੀ ਲਾਜਮੀ ਹੈ ਕਿ ਉਹ ਚਲਾਕ ਸਿੱਖਿਆ ਸਾਸਤਰੀ, ਜੋ ਅਕਸਰ 'ਨਿਰਪੱਖਤਾ ਦੇ ਪਖੰਡ' ਦੇ ਓਹਲੇ ਹੇਠ ਆਪਣੀਆਂ ਜਿੰਮੇਵਾਰੀਆਂ ਤੋਂ ਮੂੰਹ ਮੋੜ ਲੈਂਦੇ ਹਨ ਅਤੇ ਮੂਕ ਦਰਸ਼ਕ ਬਣੇ ਰਹਿਣਾ ਪਸੰਦ ਕਰਦੇ ਹਨ, ਵੀ ਕਿਸੇ ਪੱਖੋਂ ਘੱਟ ਦੋਸੀ ਨਹੀਂ ਹਨ। ਉਹ ਵੀ ਅਕਾਦਮਿਕ ਆਜਾਦੀ ਦੀ ਆਤਮਾ ਨੂੰ ਡੂੰਘੀ ਸੱਟ ਮਾਰਦੇ ਹਨ। ਉਨ੍ਹਾਂ ਨੂੰ ਇਹ ਅਹਿਸਾਸ ਕਦੋਂ ਹੋਵੇਗਾ ਕਿ ਨਿਰਪੱਖਤਾ ਦਾ ਇਹ ਪਖੰਡ ਗਲਪ ਤੋਂ ਵੱਧ ਕੁਝ ਨਹੀਂ ਹੈ? ਪ੍ਰਚਾਰ ਮਸੀਨਰੀ ਦੇ ਇਸ ਹਨੇਰੇ ਦੌਰ ਵਿੱਚ ਅਸੀਂ ਸਾਫ ਦੇਖ ਰਹੇ ਹਾਂ ਕਿ ਅਗਿਆਨਤਾ ਨੂੰ ਹਥਿਆਰ ਵਜੋਂ ਕਿਵੇਂ ਵਰਤਿਆ ਜਾ ਰਿਹਾ ਹੈ। ਅਸੀਂ ਨਫਰਤੀ ਰਾਸਟਰਵਾਦ ਦਾ ਘਿਣਾਉਣਾ ਰੂਪ ਦੇਖ ਰਹੇ ਹਾਂ, ਅਸੀਂ ਜਨਤਕ ਦਾਇਰੇ ਵਿੱਚ ਅਦਬ-ਆਦਾਬ ਅਤੇ ਸੁਹਿਰਦ ਗੱਲਬਾਤ ਦੇ ਸੱਭਿਆਚਾਰ ਦੇ ਲਗਾਤਾਰ ਹੋ ਰਹੇ ਪਤਨ ਨੂੰ ਹੰਢਾ ਰਹੇ ਹਾਂ।

ਅਜਿਹੇ ਮਾਹੌਲ ਵਿੱਚ ਕੋਈ 'ਨਿਰਪੱਖ' ਕਿਵੇਂ ਰਹਿ ਸਕਦਾ ਹੈ? ਦਰਅਸਲ, ਇਹ ਅਖੌਤੀ ਨਿਰਪੱਖਤਾ ਮੌਜੂਦਾ ਜੁਲਮ 'ਤੇ ਮੱਲੋ-ਮੱਲੀ ਸਹਿਮਤੀ ਦੇਣ ਦੇ ਤੁੱਲ ਹੈ। ਜੇ ਤੁਸੀਂ ਉਦੋਂ ਵੀ ਨਿਰਪੱਖ ਤੇ ਚੁੱਪ ਬੈਠੇ ਰਹਿੰਦੇ ਹੋ ਜਦੋਂ ਤੁਹਾਡੇ ਸਾਥੀਆਂ ਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਲਿਖਤਾਂ ਬਦਲੇ ਤੰਗ-ਪ੍ਰੇਸਾਨ, ਜਲੀਲ ਅਤੇ ਮੁਅੱਤਲ ਕੀਤਾ ਜਾਂਦਾ ਹੈ ਤਾਂ ਤੁਸੀਂ ਮਹਿਜ ਇੱਕ ਅਧਿਆਪਕ ਵਜੋਂ ਹੀ ਫੇਲ੍ਹ ਨਹੀਂ ਹੁੰਦੇ, ਤੁਸੀਂ ਇੱਕ ਨਾਗਰਿਕ ਵਜੋਂ ਵੀ ਪੂਰੀ ਤਰ੍ਹਾਂ ਅਸਫਲ ਹੋ ਜਾਂਦੇ ਹੋ ਅਤੇ ਆਖਰਕਾਰ, ਤੁਸੀਂ ਉਨ੍ਹਾਂ ਤਾਕਤਾਂ ਨੂੰ ਹੀ ਬਲ ਬਖਸਦੇ ਹੋ, ਜੋ ਆਲੋਚਨਾਤਮਕ ਸੋਚ ਅਤੇ ਆਜਾਦ ਖੋਜ ਦੀ ਭਾਵਨਾ ਦੀ ਜੜ੍ਹ ਪੁੱਟਣ ਉੱਤੇ ਤੁਲੀਆਂ ਹੋਈਆਂ ਹਨ। ਚੰਗਾ ਹੋਵੇਗਾ ਜੇਕਰ ਭੌਤਿਕ ਅਤੇ ਰਸਾਇਣ ਵਿਗਿਆਨ ਦੇ ਪ੍ਰੋਫੈਸਰ ਵੀ ਆਪਣੀਆਂ ਲੈਬਾਂ ਦੀ ਚਾਰਦੀਵਾਰੀ 'ਚੋਂ ਬਾਹਰ ਨਿਕਲਣ ਅਤੇ ਇਹ ਸਮਝਣ ਕਿ ਜੇ ਅਕਾਦਮਿਕ ਆਜਾਦੀ ਦਾ ਘਾਣ ਹੁੰਦਾ ਰਿਹਾ ਤਾਂ ਵਿਗਿਆਨ ਵੀ ਕਦੇ ਤਰੱਕੀ ਨਹੀਂ ਕਰ ਸਕੇਗਾ।

ਇਸ ਸਚਾਈ ਨੂੰ ਸਵੀਕਾਰ ਕਰਨਾ ਹੀ ਪਵੇਗਾ। ਅਕਾਦਮਿਕ ਆਜਾਦੀ ਦਾ ਘਾਣ ਪੂਰੇ ਦੇਸ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦੇਵੇਗਾ। ਜੇ ਅਸੀਂ ਬਹਿਸ, ਸੰਵਾਦ ਅਤੇ ਆਜਾਦ ਖੋਜ ਦੇ ਸੱਭਿਆਚਾਰ ਨੂੰ ਇਵੇਂ ਹੀ ਗੁਆਉਂਦੇ ਰਹੇ ਤਾਂ ਸਾਡੀ ਜਮਹੂਰੀਅਤ ਕਿਸੇ ਨਾ ਕਿਸੇ ਰੂਪ ਵਿੱਚ ਚੁਣਾਵੀ ਤਾਨਾਸਾਹੀ (ਇਲੈਕਟੋਰਲ ਆਟੋਕ੍ਰੇਸੀ) ਵਿੱਚ ਤਬਦੀਲ ਹੋ ਕੇ ਰਹਿ ਜਾਵੇਗੀ। ਲੋਕਤੰਤਰ ਦੀ ਕਿਸਮਤ ਅਸਲ ਵਿੱਚ ਲੋਕਾਂ ਦੀ ਉਸ ਸੋਚਣ ਦੀ ਸਕਤੀ ਉੱਤੇ ਨਿਰਭਰ ਕਰਦੀ ਹੈ, ਜਿਸ ਨਾਲ ਉਹ ਸੰਸਦ ਵਿੱਚ ਬਿਠਾਏ ਆਪਣੇ ਆਗੂਆਂ ਤੋਂ ਵੀ ਤਿੱਖੇ ਸਵਾਲ ਪੁੱਛ ਸਕਣ। ਇਹ ਸਿਰਫ ਤਾਂ ਹੀ ਮੁਮਕਿਨ ਹੈ ਜੇ ਸਾਡੇ ਸਕੂਲ ਅਤੇ ਯੂਨੀਵਰਸਿਟੀਆਂ ਸੂਝਵਾਨ ਤੇ ਸੰਵਾਦ ਕਰਨ ਵਾਲੇ ਨਾਗਰਿਕ ਤਿਆਰ ਕਰਨ ਵਿੱਚ ਕਾਮਯਾਬ ਹੋਣ। ਦਰਅਸਲ, ਹੁਣ ਵੇਲਾ ਆ ਗਿਆ ਹੈ ਕਿ ਅਸੀਂ ਇਹ ਸਮਝਣਾ ਸੁਰੂ ਕਰ ਦੇਈਏ ਕਿ ਬਿਨਾਂ ਸੋਚੇ-ਸਮਝੇ ਅੰਨ੍ਹੇ ਭਗਤ ਬਣਨ ਅਤੇ ਇੱਕ ਜਾਗਰੂਕ ਨਾਗਰਿਕ ਹੋਣ ਵਿੱਚ ਜਮੀਨ-ਆਸਮਾਨ ਦਾ ਫਰਕ ਹੁੰਦਾ ਹੈ। ਇੱਕ ਜਾਗਰੂਕ ਨਾਗਰਿਕ ਉਹ ਹੈ, ਜੋ ਹੰਕਾਰ ਜਾਂ ਸੱਤਾ ਦੇ ਨਸੇ ਨੂੰ ਲਲਕਾਰ ਸਕੇ ਅਤੇ ਮੰਤਰੀਆਂ, ਜੱਜਾਂ, ਅਧਿਕਾਰੀਆਂ ਸਮੇਤ ਜਿੰਮੇਵਾਰ ਅਹੁਦਿਆਂ 'ਤੇ ਬੈਠੇ ਹਰ ਵਿਅਕਤੀ ਤੋਂ ਨਿਮਰਤਾ, ਜਵਾਬਦੇਹੀ ਅਤੇ ਹਮਦਰਦੀ ਦੀ ਮੰਗ ਕਰ ਸਕੇ।

ਜੇ ਸਾਡੀਆਂ ਵਿਦਿਅਕ ਸੰਸਥਾਵਾਂ ਸਿਰਫ ਮਸੀਨਾਂ ਵਾਂਗ ਹੁਕਮ ਮੰਨਣ ਵਾਲੇ ਅਤੇ ਡਰਪੋਕ ਨਾਗਰਿਕ ਹੀ ਪੈਦਾ ਕਰਦੀਆਂ ਰਹੀਆਂ ਤਾਂ ਜਮਹੂਰੀਅਤ ਕਦੇ ਵੀ ਪ੍ਰਫੁੱਲਿਤ ਨਹੀਂ ਹੋ ਸਕਦੀ। ਸਭ ਪਾਸੇ ਪਸਰੇ ਖਲਾਅ ਅਤੇ ਨਿਘਾਰ ਨੂੰ ਦੇਖ ਕੇ ਨਿਰਾਸਾ ਦੇ ਜਾਲ ਵਿੱਚ ਫਸ ਜਾਣਾ ਬਹੁਤ ਆਸਾਨ ਹੁੰਦਾ ਹੈ। ਫਿਰ ਵੀ ਮੈਨੂੰ ਇਹ ਆਖਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਮੈਂ ਅਜੇ ਵੀ ਆਪਣੇ ਵਿਦਿਆਰਥੀਆਂ ਵਿੱਚ ਅਥਾਹ ਸੰਭਾਵਨਾਵਾਂ ਦੇਖਦਾ ਹਾਂ।

ਸਾਡੇ ਕੁਝ ਵਿਕਾਊ ਵਾਈਸ-ਚਾਂਸਲਰਾਂ ਦੇ ਉਲਟ ਸਾਡੇ ਕੁਝ ਵਿਦਿਆਰਥੀ ਆਵਾਜ ਉਠਾਉਂਦੇ ਹਨ ਅਤੇ ਟਾਟਾ ਇੰਸਟੀਚਿਊਟ ਆਫ ਸੋਸਲ ਸਾਇੰਸਜ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਰਗੇ ਸਾਡੇ ਮੋਹਰੀ ਵਿਦਿਅਕ ਕੇਂਦਰਾਂ ਉੱਤੇ ਹੋ ਰਹੇ ਲਗਾਤਾਰ ਹੱਲਿਆਂ ਵਿਰੁੱਧ ਰੋਸ ਪ੍ਰਗਟ ਕਰਦੇ ਹਨ। ਜਾਂ ਫਿਰ ਹੈਦਰਾਬਾਦ ਦੀ ਨੈਸਨਲ ਅਕੈਡਮੀ ਆਫ ਲੀਗਲ ਸਟੱਡੀਜ ਐਂਡ ਰਿਸਰਚ ਦੇ ਵਿਦਿਆਰਥੀਆਂ ਵੱਲ ਹੀ ਨਿਗਾਹ ਮਾਰ ਲਓ। ਉਨ੍ਹਾਂ ਨੇ ਪ੍ਰਸਾਸਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੀਕਸਾਂਤ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਭਾਰਤ ਦੇ ਮੁੱਖ ਜੱਜ ਸੂਰਿਆਕਾਂਤ ਨੂੰ ਸੱਦਾ ਦੇਣ 'ਤੇ ਮੁੜ ਵਿਚਾਰ ਕਰਨ। ਹਾਂ, ਵਿਰੋਧ ਦੇ ਇਸ ਪ੍ਰਤੀਕਾਤਮਕ ਕਦਮ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਇਹ ਨੌਜਵਾਨ ਸੱਤਾ ਵੱਲੋਂ ਇਹ ਕਦਮ ਜਾਇਜ ਠਹਿਰਾਉਣ ਦੀ ਹਰ ਕੋਸਿਸ ਨੂੰ ਚੁੱਪ-ਚਾਪ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ, ਭਾਵੇਂ ਉਹ ਦੇਸ ਦੀ ਸਰਬਉੱਚ ਅਦਾਲਤ ਜਰੀਏ ਹੀ ਕਿਉਂ ਨਾ ਹੋਵੇ। ਸਾਇਦ, ਨੌਜਵਾਨ ਵਿਦਿਆਰਥੀਆਂ ਦੇ ਜਮੀਰ ਨੂੰ ਮਾਰਨਾ ਹਰ ਵਾਰ ਇੰਨਾ ਸੌਖਾ ਨਹੀਂ ਹੁੰਦਾ।

ਅਵੀਜੀਤ ਪਾਠਕ

# ਆਪਣੀ ਸਟੇਜ, ਆਪਣਾ ਦਾਅ

ਰੱਖੜ ਪੁੰਨਿਆ ਦੇ ਪਵਿੱਤਰ ਮੌਕੇ 'ਤੇ ਬਾਬਾ ਬਕਾਲਾ ਸਾਹਿਬ ਤੋਂ ਭਾਜਪਾ ਨੇ ਪੰਜਾਬ ਦੀ ਸਿਆਸਤ ਨੂੰ ਇਕ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਹੁਣ ਉਹ ਸਿਰਫ ਕਿਸੇ ਗੱਠਜੋੜ ਦੀ ਸਹਿਯੋਗੀ ਨਹੀਂ ਰਹਿਣਾ ਚਾਹੁੰਦੀ, ਸਗੋਂ ਆਪਣੀ ਸਿਆਸੀ ਪਛਾਣ ਤੇ ਤਾਕਤ ਦੇ ਬਲਬੂਤੇ ਪੰਜਾਬ 'ਚ ਥਾਂ ਬਣਾਉਣ ਲਈ ਤਿਆਰ ਹੈ। ਪਹਿਲੀ ਵਾਰ ਆਪਣੀ ਵੱਖਰੀ ਸਿਆਸੀ ਕਾਨਫਰੰਸ ਕਰਨਾ ਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਵਿਸ਼ੇਸ਼ ਤੌਰ 'ਤੇ ਲਿਆਉਣਾ ਇਸੇ ਬਦਲਦੀ ਰਣਨੀਤੀ ਦਾ ਸੰਕੇਤ ਹੈ। ਅਕਾਲੀ-ਭਾਜਪਾ ਗੱਠਜੋੜ ਦੇ ਦੌਰ 'ਚ ਬਾਬਾ ਬਕਾਲਾ ਦੀ ਸਿਆਸੀ ਸਟੇਜ ਅਕਾਲੀ ਦਲ ਦੀ ਪਛਾਣ ਰਹੀ ਹੈ। ਇਸ ਵਾਰ ਉਸੇ ਧਰਤੀ 'ਤੇ ਭਾਜਪਾ ਵੱਲੋਂ ਆਪਣਾ ਮੰਚ ਖੜ੍ਹਾ ਕਰਨਾ ਸਿਰਫ ਪ੍ਰੋਗਰਾਮਾਂ ਦੀ ਵੰਡ ਨਹੀਂ, ਸਗੋਂ ਸਿਆਸੀ ਖੇਤਰ ਦੀ ਨਵੀਂ ਵੰਡ ਦਾ ਸੰਕੇਤ ਹੈ। ਉੱਪਰੋਂ ਸ਼ਿਵਰਾਜ ਚੌਹਾਨ ਵੱਲੋਂ ਹਰ ਸਾਲ ਭਾਜਪਾ ਦੀ ਸਟੇਜ ਲਾਉਣ ਦਾ ਐਲਾਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪਾਰਟੀ ਪੰਜਾਬ 'ਚ ਆਪਣੀ ਮੌਜੂਦਗੀ ਨੂੰ ਹੁਣ ਆਰਜੀ ਨਹੀਂ, ਸਥਾਈ ਬਣਾਉਣਾ ਚਾਹੁੰਦੀ ਹੈ। ਚੌਹਾਨ ਨੂੰ ਅੱਗੇ ਕਰਨ ਦਾ ਆਪਣਾ ਸਿਆਸੀ ਮਤਲਬ ਹੈ। ਪੰਜਾਬ 'ਚ ਕਿਸਾਨ ਸਭ ਤੋਂ ਸੰਵੇਦਨਸ਼ੀਲ ਤੇ ਪ੍ਰਭਾਵਸ਼ਾਲੀ ਵੋਟਰ ਵਰਗ ਹੈ। ਕਿਸਾਨ ਚੌਪਾਲ ਤੋਂ ਲੈ ਕੇ ਬਾਬਾ ਬਕਾਲਾ ਦੀ ਸਿਆਸੀ ਸਟੇਜ ਤੱਕ ਕੇਂਦਰੀ ਖੇਤੀ ਮੰਤਰੀ ਦੀ ਮੌਜੂਦਗੀ ਰਾਹੀਂ ਭਾਜਪਾ ਨੇ ਕਿਸਾਨਾਂ ਨਾਲ ਸਿੱਧਾ ਸੰਵਾਦ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਇਹੀ ਹੈ ਕਿ ਸ਼ਹਿਰੀ ਆਧਾਰ ਤੋਂ ਅੱਗੇ ਵਧ ਕੇ ਪੇਂਡੂ ਪੰਜਾਬ 'ਚ ਆਪਣੀ ਸਵੀਕਾਰਤਾ ਕਿਵੇਂ ਬਣਾਈ ਜਾਵੇ। ਇੱਥੇ ਸਿਆਸਤ ਹੋਰ ਦਿਲਚਸਪ ਹੋ ਜਾਂਦੀ ਹੈ। ਇਕ ਪਾਸੇ ਭਾਜਪਾ ਦਾ ਕੇਂਦਰੀ ਸੰਗਠਨ 117 ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦੀ ਗੱਲ ਕਰ ਰਿਹਾ ਹੈ, ਦੂਜੇ ਪਾਸੇ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਸੰਭਾਵੀ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਦੀਆਂ ਰਿਪੋਰਟਾਂ ਵੀ ਸਾਹਮਣੇ ਆ ਰਹੀਆਂ ਹਨ। ਇਸ ਆਪਾ-ਵਿਰੋਧ ਨੂੰ ਸਮਝਣ ਦੀ ਲੋੜ ਹੈ। ਭਾਜਪਾ ਲਈ ਅਕਾਲੀ ਦਲ ਨਾਲ ਤੁਰੰਤ ਸਮਝੌਤਾ ਕਰਨਾ ਉਸ ਦੇ ਆਪਣੇ ਵਿਸਥਾਰ ਦੇ ਟੀਚੇ ਨੂੰ ਸੀਮਤ ਕਰ ਸਕਦਾ ਹੈ। ਦੂਜੇ ਪਾਸੇ, ਅਕਾਲੀ ਦਲ ਲਈ ਭਾਜਪਾ ਨਾਲ ਮੁੜ ਹੱਥ ਮਿਲਾਉਣਾ ਹਿੰਦੂ ਸ਼ਹਿਰੀ ਵੋਟ ਤੇ ਕੇਂਦਰ ਸਰਕਾਰ ਨਾਲ ਸਿਆਸੀ ਤਾਲਮੇਲ ਪੱਖੋਂ ਲਾਹੇਵੰਦ ਹੋ ਸਕਦਾ ਹੈ। ਇਸੇ ਤਰ੍ਹਾਂ ਭਾਜਪਾ ਲਈ ਅਕਾਲੀ ਦਲ ਦੀ ਪੇਂਡੂ ਤੇ ਸਿੱਖ ਵੋਟਰਾਂ ਵਿਚ ਬਣੀ ਹੋਈ ਪਹੁੰਚ ਅਣਦੇਖੀ ਕਰਨ ਵਾਲੀ ਚੀਜ ਨਹੀਂ। ਇਸੇ ਲਈ ਦੋਵੇਂ ਧਿਰਾਂ ਜਨਤਕ ਤੌਰ 'ਤੇ ਆਪੋ-ਆਪਣੇ ਪੈਰ ਮਜਬੂਤ ਦਿਖਾਉਂਦੀਆਂ ਹੋਈਆਂ ਵੀ ਭਵਿੱਖ ਦੇ ਦਰਵਾਜੇ ਪੂਰੀ ਤਰ੍ਹਾਂ ਬੰਦ ਨਹੀਂ ਕਰਨਾ ਚਾਹੁੰਦੀਆਂ। ਤਾਜਾ ਰਿਪੋਰਟਾਂ ਵਿਚ ਸੀਟਾਂ ਦੀ ਵੰਡ ਤੇ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਵੀ ਸੰਭਾਵੀ ਗੱਠਜੋੜ ਦੀਆਂ ਮੁਸ਼ਕਲਾਂ ਦਾ ਜਿਕਰ ਹੈ। ਇਸ ਪੱਖੋਂ ਬਾਬਾ ਬਕਾਲਾ ਵਿਚ ਭਾਜਪਾ ਦੀ ਆਪਣੀ ਸਟੇਜ ਨੂੰ ਅਕਾਲੀ ਦਲ ਵਿਰੁੱਧ ਅੰਤਿਮ ਫੈਸਲਾ ਮੰਨਣਾ ਵੀ ਜਲਦਬਾਜੀ ਹੋਵੇਗੀ। ਇਸ ਨੂੰ ਭਾਜਪਾ ਦੀ ਸੌਦੇਬਾਜੀ ਵਾਲੀ ਸਥਿਤੀ ਨੂੰ ਮਜਬੂਤ ਕਰਨ ਦੀ ਕੋਸ਼ਿਸ਼ ਵੀ ਸਮਝਿਆ ਜਾ ਸਕਦਾ ਹੈ। ਜੇ ਭਾਜਪਾ ਇਹ ਸਿੱਧ ਕਰ ਸਕੇ ਕਿ ਉਹ ਪੰਜਾਬ 'ਚ ਆਪਣੇ ਦਮ 'ਤੇ ਵੱਡਾ ਵੋਟ ਹਿੱਸਾ ਹਾਸਲ ਕਰਨ ਦੀ ਸਮਰੱਥਾ ਰੱਖਦੀ ਹੈ ਤਾਂ ਅਕਾਲੀ ਦਲ ਨਾਲ ਗੱਲਬਾਤ ਦੀ ਮੇਜ 'ਤੇ ਉਸ ਦੀ ਮੰਗ ਵੀ ਵੱਡੀ ਹੋਵੇਗੀ। ਅਕਾਲੀ ਦਲ ਲਈ ਵੀ ਸਥਿਤੀ ਘੱਟ ਚੁਣੌਤੀਪੂਰਨ ਨਹੀਂ ਹੈ। ਜੇ ਗੱਠਜੋੜ ਮੁੜ ਬਣਦਾ ਹੈ ਤਾਂ ਸੀਟਾਂ ਦੀ ਵੰਡ, ਮੁੱਖ ਮੰਤਰੀ ਦਾ ਚਿਹਰਾ ਤੇ ਦੋਵਾਂ ਧਿਰਾਂ ਦੇ ਰਵਾਇਤੀ ਵੋਟ ਬੈਂਕ ਸਭ ਤੋਂ ਵੱਡੇ ਸਵਾਲ ਹੋਣਗੇ। ਜੇ ਗੱਠਜੋੜ ਨਹੀਂ ਹੁੰਦਾ ਤਾਂ ਭਾਜਪਾ ਵੱਲੋਂ ਅਕਾਲੀ ਦਲ ਦੇ ਰਵਾਇਤੀ ਪ੍ਰਭਾਵ ਵਾਲੇ ਖੇਤਰਾਂ ਵਿਚ ਦਾਖਲਾ ਇਕ ਨਵੀਂ ਸਿਆਸੀ ਲੜਾਈ ਨੂੰ ਜਨਮ ਦੇ ਸਕਦਾ ਹੈ। ਸੋ, ਬਾਬਾ ਬਕਾਲਾ ਦੀ ਕਾਨਫਰੰਸ ਨੂੰ ਸਿਰਫ ਭੀੜ ਜਾਂ ਭਾਸ਼ਣਾਂ ਦੇ ਪੈਮਾਨੇ 'ਤੇ ਨਹੀਂ ਤੋਲਿਆ ਜਾਣਾ ਚਾਹੀਦਾ। ਇਸ ਦਾ ਅਸਲ ਮਹੱਤਵ ਇਹ ਹੈ ਕਿ ਭਾਜਪਾ ਨੇ ਪੰਜਾਬ ਵਿਚ ਆਪਣੀ ਸਟੇਜ ਲਾ ਕੇ ਆਪਣਾ ਦਾਅ ਖੇਡ ਦਿੱਤਾ ਹੈ। ਹੁਣ ਦੇਖਣਾ ਇਹ ਹੈ ਕਿ ਇਹ ਦਾਅ ਇਕੱਲੀ ਚੁਣਾਵੀ ਲੜਾਈ ਵੱਲ ਜਾਂਦਾ ਹੈ ਜਾਂ ਅਕਾਲੀ ਦਲ ਨਾਲ ਮੁੜ ਸਮਝੌਤੇ ਦੀ ਮੇਜ 'ਤੇ ਭਾਜਪਾ ਨੂੰ ਹੋਰ ਮਜਬੂਤ ਸਥਿਤੀ ਦਿਵਾਉਂਦਾ ਹੈ।

# ਪੰਜਾਬ ਦੇ ਵਿੱਤੀ ਪੁਨਰ-ਨਿਰਮਾਣ ਦੀ ਲੋੜ



ਕਿਸੇ ਵੀ ਸੂਬੇ ਦੇ ਟਿਕਾਊ ਵਿਕਾਸ ਦਾ ਧੁਰਾ ਉਸ ਦਾ ਮਜਬੂਤ ਅਤੇ ਦੂਰਅੰਦੇਸ਼ ਵਿੱਤੀ ਪ੍ਰਬੰਧਨ ਹੁੰਦਾ ਹੈ। ਪਰ ਪੰਜਾਬ ਦੀ ਆਰਥਿਕਤਾ ਪਿਛਲੇ ਕਈ ਦਹਾਕਿਆਂ ਤੋਂ ਇੱਕ ਅਜਿਹੇ ਗੰਭੀਰ ਸੰਕਟ 'ਚੋਂ ਲੰਘ ਰਹੀ ਹੈ, ਜਿੱਥੇ ਵਿਕਾਸ ਨੀਤੀਆਂ ਨਾਲੋਂ ਚੋਣ ਮੁਖੀ ਤਰਜੀਹਾਂ ਭਾਰੂ ਰਹੀਆਂ ਹਨ। ਜਦੋਂ ਵੀ ਸੂਬੇ ਦੇ ਵਿੱਤੀ ਨਿਘਾਰ 'ਤੇ ਚਰਚਾ ਹੁੰਦੀ ਹੈ ਤਾਂ ਸਿਆਸੀ ਧਿਰਾਂ ਆਪਣੀ ਜਵਾਬਦੇਹੀ ਤੋਂ ਪੱਲਾ ਝਾੜ ਕੇ ਸਾਰਾ ਦੋਸ਼ ਪਿਛਲੀਆਂ ਸਰਕਾਰਾਂ ਸਿਰ ਮੜ੍ਹਨ ਦਾ ਰਵਾਇਤੀ ਰਾਹ ਚੁਣਦੀਆਂ ਹਨ। ਲੰਮਾ ਸਮਾਂ ਇਹ ਬਹਿਸ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਦੇ ਵਿੱਤੀ ਪ੍ਰਬੰਧਨ ਦੇ ਦਾਇਰੇ ਤੱਕ ਸੀਮਿਤ ਰਹੀ। ਪਰ 2022 ਵਿੱਚ ਰਾਜਨੀਤਕ ਬਦਲਾਅ ਤੋਂ ਬਾਅਦ ਹੁਣ 'ਆਮ ਆਦਮੀ ਪਾਰਟੀ' ਦਾ ਕਾਰਜਕਾਲ ਵੀ ਆਪਣੇ ਸ਼ਾਸਨ ਦੇ ਅੰਤ ਤੱਕ ਪਹੁੰਚ ਰਿਹਾ ਹੈ। ਇਸ ਲਈ ਹੁਣ ਸਮਾਂ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ, ਤਿੰਨਾਂ ਸ਼ਾਸਨਕਾਲਾਂ ਦੌਰਾਨ ਪੰਜਾਬ ਦੇ ਵਿੱਤੀ ਢਾਂਚੇ ਵਿੱਚ ਆਏ ਬਦਲਾਅ ਦੀ ਨਿਰਪੱਖ ਪੜਚੋਲ ਕਰਨ ਦਾ ਹੈ। ਅਸਲ ਸਵਾਲ ਇਹ ਹੈ ਕਿ ਤਿੰਨਾਂ ਸਰਕਾਰਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਢਾਂਚਾਗਤ ਯਤਨ ਕੀਤੇ ਜਾਂ ਸੰਕਟ ਨੂੰ ਹੋਰ ਡੂੰਘਾ ਕੀਤਾ? ਪੰਜਾਬ ਦੀ ਮੌਜੂਦਾ ਬਦਹਾਲੀ ਕਿਸੇ ਇੱਕ ਦੌਰ ਦੀ ਪੈਦਾਵਾਰ ਨਹੀਂ, ਸਗੋਂ ਸੀਮਿਤ ਮਾਲੀਆ ਵਾਧੇ, ਅਸੰਤੁਲਿਤ ਵਚਨਬੱਧ ਖਰਚਿਆਂ, ਵਧਦੇ ਵਿਆਜ ਬੋਝ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਕਾਰਨ ਬਣੇ ਇੱਕ ਗੁੰਝਲਦਾਰ ਵਿੱਤੀ ਦੁਸ਼ਚੱਕਰ ਦਾ ਸਿੱਟਾ ਹੈ। ਇਸ ਗੰਭੀਰ ਸੰਕਟ ਦੀਆਂ ਅਸਲ ਪਰਤਾਂ ਅਤੇ ਵਿੱਤੀ ਤਸਵੀਰ ਨੂੰ ਸਮਝਣ ਲਈ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਇਸ ਲੇਖ ਵਿੱਚ ਕੀਤਾ ਗਿਆ ਹੈ।

### ਮਾਲੀਏ ਦੀ ਸਥਿਤੀ

ਜਦੋਂ ਅਸੀਂ ਮਾਲੀਏ ਦੇ ਪੱਖ ਦਾ ਨਿਰੀਖਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਵਿੱਤੀ ਸਮੱਸਿਆ ਦਾ ਇੱਕ ਵੱਡਾ ਕਾਰਨ ਇਸਦੀ ਆਪਣੀ ਆਮਦਨ ਵਧਾਉਣ ਦੀ ਸੀਮਿਤ ਸਮਰੱਥਾ ਰਹੀ ਹੈ। ਪਹਿਲਾਂ ਦੇ ਅੰਕੜਿਆਂ ਅਨੁਸਾਰ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਆਮਦਨ, ਜੋ 2010-11 ਵਿੱਚ ਕ੍ਰਮਵਾਰ 76 ਫੀਸਦੀ ਅਤੇ 24 ਫੀਸਦੀ ਸੀ, 2016-17 ਵਿੱਚ 83 ਫੀਸਦੀ ਅਤੇ 17 ਫੀਸਦੀ ਹੋ ਗਈ ਅਤੇ 2020-21 ਤੱਕ ਇਹ 87 ਫੀਸਦੀ ਅਤੇ 13 ਫੀਸਦੀ ਰਹਿ ਗਈ। ਇਸ ਤੋਂ ਸਪੱਸ਼ਟ ਸੀ ਕਿ ਗੈਰ-ਕਰ ਸਰੋਤਾਂ ਤੋਂ ਆਮਦਨ ਦਾ ਹਿੱਸਾ ਲਗਾਤਾਰ ਘਟ ਰਿਹਾ ਸੀ। ਸਾਲ 2026-27 ਦੇ ਬਜਟ ਅਨੁਸਾਰ ਪੰਜਾਬ ਦੇ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਆਮਦਨ 81 ਫੀਸਦੀ ਅਤੇ 19 ਫੀਸਦੀ ਰਹਿਣ ਦੀ ਸੰਭਾਵਨਾ ਹੈ। ਇਹ ਦਰਸਾਉਂਦਾ ਹੈ ਕਿ ਤਿੰਨਾਂ ਸਰਕਾਰਾਂ ਦਾ ਧਿਆਨ ਲੋਕਾਂ ਦੀ ਆਮਦਨ ਅਤੇ ਆਰਥਿਕ ਗਤੀਵਿਧੀਆਂ ਵਧਾ ਕੇ ਟੈਕਸ ਆਧਾਰ ਮਜਬੂਤ ਕਰਨ ਦੀ ਬਜਾਏ, ਮੌਜੂਦਾ ਕਰਦਾਤਾਵਾਂ ਤੋਂ ਵੱਧ ਮਾਲੀਆ ਇਕੱਠਾ ਕਰਨ ਵੱਲ ਜਿਆਦਾ ਰਿਹਾ ਹੈ। ਇੱਥੇ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਸਾਲ 2022 ਵਿੱਚ ਸੂਬਿਆਂ ਲਈ ਜੀ ਐੱਸ ਟੀ ਮੁਆਵਜ਼ੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਪੰਜਾਬ ਦੀ ਵਿੱਤੀ ਯੋਜਨਾਬੰਦੀ ਵਿੱਚ ਕੇਂਦਰ ਤੋਂ ਮਿਲਣ ਵਾਲੇ ਸਰੋਤਾਂ ਦੀ ਮਹੱਤਤਾ ਹੁਣ ਪਹਿਲਾਂ ਨਾਲੋਂ ਹੋਰ ਵਧ ਗਈ ਹੈ। ਪ੍ਰੰਤੂ ਪੰਜਾਬ ਦੀ ਮੌਜੂਦਾ ਵਿੱਤੀ ਸਮੱਸਿਆ ਨੂੰ ਸਿਰਫ ਜੀ ਐੱਸ ਟੀ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਅਸਲ ਸਮੱਸਿਆ ਇਹ ਹੈ ਕਿ ਵੱਖੋ-ਵੱਖ ਸਰਕਾਰਾਂ ਨੇ ਪੰਜਾਬ ਵਿੱਚ ਨਿਵੇਸ਼, ਉਦਯੋਗੀਕਰਨ, ਰੁਜਗਾਰ ਸਿਰਜਣ ਅਤੇ ਲੋਕਾਂ ਦੀ ਆਮਦਨ ਵਧਾਉਣ ਵਾਲੇ ਵਿਕਾਸ ਮਾਡਲ ਨੂੰ ਲੰਮੇ ਸਮੇਂ ਤੱਕ ਨਜਰਅੰਦਾਜ ਕੀਤਾ ਹੈ। ਨਤੀਜੇ ਵਜੋਂ ਰਾਜ ਦੀ ਆਰਥਿਕਤਾ ਅਤੇ ਟੈਕਸ ਆਧਾਰ ਲੋੜ ਅਨੁਸਾਰ ਨਹੀਂ ਫੈਲ ਸਕੇ, ਜਿਸ ਕਾਰਨ ਸਰਕਾਰ ਲਈ ਟੈਕਸ ਆਮਦਨ ਵਿੱਚ ਟਿਕਾਊ ਅਤੇ ਲੰਮੇ ਸਮੇਂ ਦਾ ਵਾਧਾ ਕਰਨਾ ਮੁਸ਼ਕਿਲ ਹੋ ਗਿਆ ਹੈ। 2026-27 ਵਿੱਚ ਪੰਜਾਬ ਨੂੰ ਜੀ ਐੱਸ ਟੀ ਤੋਂ ਲਗਪਗ 32,000 ਕਰੋੜ ਰੁਪਏ ਦੀ ਪ੍ਰਾਪਤੀ ਦਾ ਅਨੁਮਾਨ ਹੈ, ਜੋ ਪੰਜਾਬ ਦੀ ਆਪਣੀ ਟੈਕਸ ਆਮਦਨ ਦਾ ਲਗਪਗ 45 ਫੀਸਦੀ ਬਣਦਾ ਹੈ। ਇਸ ਲਈ ਅਸਲ ਸਵਾਲ ਇਹ ਹੈ ਕਿ ਜੀ ਐੱਸ ਟੀ ਤੋਂ ਬਾਅਦ ਪੰਜਾਬ ਨੇ ਆਪਣੀ ਆਰਥਿਕਤਾ ਅਤੇ ਟੈਕਸ ਆਧਾਰ ਨੂੰ ਕਿੰਨਾ ਵਿਸ਼ਾਲ ਕੀਤਾ ਹੈ। ਜੇਕਰ ਨੀਤੀ ਦਾ ਕੇਂਦਰ ਆਮਦਨ, ਉਦਯੋਗ ਅਤੇ ਰੁਜਗਾਰ ਵਧਾ ਕੇ ਟੈਕਸ ਆਧਾਰ ਵਿਸਥਾਰਨਾ ਹੁੰਦਾ, ਤਾਂ ਪੰਜਾਬ ਦੀ ਆਰਥਿਕਤਾ ਅੱਜ ਮਜਬੂਤ ਹੋ ਸਕਦੀ ਸੀ।

### ਖਰਚਿਆਂ ਦੀ ਸਥਿਤੀ

ਇਸ ਪੱਖ ਦੀ ਚਰਚਾ ਸ਼ੁਰੂ ਕਰਦੇ ਹੀ ਸਭ ਤੋਂ ਪਹਿਲਾਂ ਨਜਰ ਪੰਜਾਬ ਸਰਕਾਰ ਦੇ ਵਧਦੇ ਵਿਆਜ ਭੁਗਤਾਨਾਂ ਵੱਲ ਜਾਂਦੀ ਹੈ। ਅੰਕੜਿਆਂ ਅਨੁਸਾਰ 2010-11 ਵਿੱਚ ਪ੍ਰਤੀ 100 ਰੁਪਏ ਸਰਕਾਰੀ ਖਰਚ 'ਚੋਂ 16.75 ਰੁਪਏ ਵਿਆਜ ਦੇ ਭੁਗਤਾਨ ਵੱਲ ਜਾਂਦੇ ਸਨ। 2016-17 ਵਿੱਚ ਇਹ 21 ਰੁਪਏ ਅਤੇ 2020-21 ਵਿੱਚ 20.20 ਰੁਪਏ ਰਹੇ। 2026-27 ਦੌਰਾਨ ਪੰਜਾਬ ਸਰਕਾਰ ਵੱਲੋਂ ਪ੍ਰਤੀ 100 ਰੁਪਏ ਸਰਕਾਰੀ ਖਰਚ 'ਚੋਂ 19.40 ਰੁਪਏ ਵਿਆਜ ਦੇ ਭੁਗਤਾਨ ਦੀ ਪੇਸ਼ੀਨਗੋਈ ਹੈ। ਜੇਕਰ ਤਨਖਾਹਾਂ ਅਤੇ ਪੈਨਸ਼ਨਾਂ ਦੇ ਖਰਚ ਨੂੰ ਵੀ ਜੋੜ ਲਿਆ ਜਾਵੇ ਤਾਂ ਇਹ ਰਕਮ ਪੰਜਾਬ ਦੇ ਕੁੱਲ ਮਾਲੀਆ ਪ੍ਰਾਪਤੀ ਦਾ ਲਗਪਗ 72 ਫੀਸਦੀ ਬਣਦੀ ਹੈ। ਸਾਲ 2024-25 ਵਿੱਚ ਤਾਂ ਇਹ ਸਥਿਤੀ ਹੋਰ ਵੀ ਗੰਭੀਰ ਸੀ, ਜਦੋਂ ਵਚਨਬੱਧ ਖਰਚੇ ਮਾਲੀਆ ਪ੍ਰਾਪਤੀਆਂ ਦੇ ਲਗਪਗ 85 ਫੀਸਦੀ ਤੱਕ ਪਹੁੰਚ ਗਏ ਸਨ। 2026-27 ਵਿੱਚ ਇਹ 72 ਫੀਸਦੀ ਰਹਿਣ ਦਾ ਅਨੁਮਾਨ ਹੈ, ਪਰ ਇਹ ਵਿੱਤੀ ਸੰਕਟ ਦਾ ਹੱਲ ਨਹੀਂ ਹੈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਪੰਜਾਬ ਉੱਤੇ ਵੱਡੇ ਕਰਜਿਆਂ ਅਤੇ ਅਨਾਜ ਖਰੀਦ ਨਾਲ ਜੁੜੀਆਂ ਦੇਣਦਾਰੀਆਂ ਦਾ ਬੋਝ ਵਧਿਆ। ਕਾਂਗਰਸ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਪਿਛਲੀ ਸਰਕਾਰ ਦੇ ਵਿੱਤੀ ਪ੍ਰਬੰਧਨ ਉੱਤੇ ਸਵਾਲ ਚੁੱਕੇ, ਪਰ ਉਹ ਵੀ ਆਪਣੇ ਕਾਰਜਕਾਲ ਦੌਰਾਨ ਕਰਜੇ ਅਤੇ ਮਾਲੀਆ ਘਾਟੇ ਦੇ ਮੂਲ ਢਾਂਚੇ ਨੂੰ ਬਦਲਣ ਵਿੱਚ ਸਫਲਤਾ ਹਾਸਲ ਨਹੀਂ ਕਰ ਸਕੀ। ਇਹ ਸੱਚ ਹੈ ਕਿ ਆਮ ਆਦਮੀ ਪਾਰਟੀ ਨੂੰ ਭਾਰੀ ਕਰਜੇ ਅਤੇ ਵਿੱਤੀ ਜਿੰਮੇਵਾਰੀਆਂ ਵਿਰਾਸਤ ਵਿੱਚ ਮਿਲੀਆਂ। ਪਰ 2026 ਤੱਕ ਸਰਕਾਰ ਕੋਲ ਪੰਜਾਬ ਦੀ ਵਿੱਤੀ ਦਿਸ਼ਾ ਨੂੰ ਬਦਲਣ ਲਈ ਕਾਫੀ ਸਮਾਂ ਰਿਹਾ ਹੈ, ਪਰ ਇਹ ਵੀ ਬਹੁਤਾ ਕੁੱਝ ਨਹੀਂ ਕਰ ਸਕੀ।

### ਕਰਜੇ ਦਾ ਵਧਦਾ ਚੱਕਰ

ਪੰਜਾਬ ਦੀ ਸਭ ਤੋਂ ਵੱਡੀ ਵਿੱਤੀ ਚਿੰਤਾ ਸਿਰਫ ਕਰਜੇ ਦੀ ਕੁੱਲ ਰਕਮ ਨਹੀਂ ਹੈ। ਅਸਲ ਚਿੰਤਾ ਇਹ ਹੈ ਕਿ ਕਰਜਾ ਲੈਣ ਦੀ ਪ੍ਰਕਿਰਿਆ ਅਤੇ ਸਰਕਾਰ ਦੇ ਮੌਜੂਦਾ ਖਰਚੇ ਆਪਸ ਵਿੱਚ ਇੱਕ ਅਜਿਹਾ ਚੱਕਰ ਬਣਾ ਰਹੇ ਹਨ ਜਿਸ 'ਚੋਂ ਬਾਹਰ ਨਿਕਲਣਾ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ। 2024-25 ਵਿੱਚ ਪੰਜਾਬ ਦਾ ਵਿੱਤੀ ਘਾਟਾ ਘਰੇਲੂ ਉਤਪਾਦ (ਜੀ ਐੱਸ ਡੀ ਪੀ) ਦਾ 4.7 ਫੀਸਦੀ ਸੀ। 2025-26 ਦੇ ਸੰਸ਼ੋਧਿਤ ਅਨੁਮਾਨ ਵਿੱਚ ਇਹ 4.2 ਫੀਸਦੀ ਅਤੇ 2026-27 ਵਿੱਚ 4.1 ਫੀਸਦੀ ਰਹਿਣ ਦਾ ਅਨੁਮਾਨ ਹੈ। ਭਾਵੇਂ ਕੁਝ ਸੁਧਾਰ ਹੋਇਆ ਹੈ, ਪਰ ਉੱਚਾ ਵਿੱਤੀ ਘਾਟਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਖਰਚਿਆਂ ਲਈ ਅਜੇ ਵੀ ਕਰਜੇ ਉੱਤੇ ਬਹੁਤ ਜਿਆਦਾ ਨਿਰਭਰ ਹੈ। ਮਾਲੀਆ ਘਾਟੇ ਦਾ ਸਿੱਧਾ ਅਰਥ ਹੈ ਕਿ ਸਰਕਾਰ ਦੀ ਮੌਜੂਦਾ ਆਮਦਨ ਉਸ ਦੇ ਰੋਜਾਨਾ ਦੇ ਮੌਜੂਦਾ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਾਫੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਕਰਜਾ ਲੈਣਾ ਪੈਂਦਾ ਹੈ।

ਕਰਜਾ ਤਦ ਹੀ ਲਾਭਕਾਰੀ ਹੁੰਦਾ ਹੈ ਜਦੋਂ ਇਸ ਨਾਲ ਸੜਕਾਂ, ਸਿੰਜਾਈ, ਉਦਯੋਗਿਕ ਢਾਂਚੇ ਅਤੇ ਹੋਰ ਉਤਪਾਦਕ ਸੰਪਤੀਆਂ ਬਣਨ। ਪਰ ਕਰਜਾ ਲੈ ਕੇ ਮੁੱਖ ਤੌਰ 'ਤੇ ਸਬਸਿਡੀਆਂ ਅਤੇ ਲੋਕ-ਲੁਭਾਊ ਖਰਚੇ ਚਲਾਉਣ ਨਾਲ ਵਿੱਤੀ ਸੰਕਟ ਹੋਰ ਡੂੰਘਾ ਹੁੰਦਾ ਹੈ। ਪੰਜਾਬ ਇਸ ਵੇਲੇ ਇਸੇ ਚੱਕਰ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਸਾਲ 2026-27 ਖਤਮ ਹੋਣ ਤੱਕ ਪੰਜਾਬ ਦਾ ਕੁੱਲ ਕਰਜਾ ਲਗਪਗ 4.47 ਲੱਖ ਕਰੋੜ ਪਹੁੰਚਣ ਦਾ ਅੰਦਾਜਾ ਹੈ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ ਅਤੇ ਅਦਾਰਿਆਂ ਲਈ ਲਗਪਗ 23,654 ਕਰੋੜ ਰੁਪਏ ਦੀ ਜਿੰਮੇਵਾਰੀ (ਗਾਰੰਟੀਆਂ) ਵੱਖਰੀਆਂ ਹਨ। ਇਸ ਪ੍ਰਕਾਰ ਪੰਜਾਬ ਦੀ ਅਸਲ ਵਿੱਤੀ ਹਾਲਤ ਸਿਰਫ ਸਰਕਾਰੀ ਕਰਜੇ ਤੋਂ ਨਹੀਂ, ਸਗੋਂ ਇਨ੍ਹਾਂ ਸਾਰੀਆਂ ਦੇਣਦਾਰੀਆਂ ਨੂੰ ਮਿਲਾ ਕੇ ਹੀ ਸਮਝੀ ਜਾ ਸਕਦੀ ਹੈ। ਪੂੰਜੀਗਤ ਨਿਵੇਸ਼ ਹੀ ਇਸ ਸਥਿਤੀ ਵਿੱਚ ਇੱਕ ਉਮੀਦ ਦੀ ਕਿਰਨ ਸੀ, ਪ੍ਰੰਤੂ ਪੰਜਾਬ ਦੀਆਂ ਪਿਛਲੀਆਂ ਵਿੱਤੀ ਨੀਤੀਆਂ ਦੀ ਸਭ ਤੋਂ ਵੱਡੀ ਕਮਜੋਰੀ ਜਨਤਕ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਰਹੀ ਹੈ। ਅੰਤਰ-ਰਾਜੀ ਤੁਲਨਾਤਮਕ ਅਧਿਐਨਾਂ ਵਿੱਚ ਪੰਜਾਬ ਲੰਮੇ ਸਮੇਂ ਤੋਂ ਵਿਕਾਸਮੁਖੀ, ਸਮਾਜਿਕ ਅਤੇ ਪੂੰਜੀਗਤ ਖਰਚਿਆਂ ਦੇ ਮਾਮਲੇ ਵਿੱਚ ਦੇਸ਼ ਦੇ ਪੱਛੜੇ ਸੂਬਿਆਂ ਦੀ ਕਤਾਰ ਵਿੱਚ ਖੜ੍ਹਾ ਨਜਰ ਆਉਂਦਾ ਰਿਹਾ ਹੈ। ਸਾਲ 2026-27 ਦੇ ਬਜਟ ਵਿੱਚ ਪੂੰਜੀਗਤ ਖਰਚ ਲਈ 18,381 ਕਰੋੜ ਰੁਪਏ ਰੱਖੇ ਗਏ ਹਨ, ਜੋ 2025-26 ਦੇ ਸੰਸ਼ੋਧਿਤ ਅਨੁਮਾਨ 10,434 ਕਰੋੜ ਰੁਪਏ ਨਾਲੋਂ ਲਗਪਗ 76 ਫੀਸਦੀ ਵੱਧ ਹਨ। ਇਹ ਇੱਕ ਸਕਾਰਾਤਮਕ ਕਦਮ ਹੈ, ਪਰ ਪੰਜਾਬ ਦੇ ਕਮਜੋਰ ਬੁਨਿਆਦੀ ਢਾਂਚੇ ਅਤੇ ਉਦਯੋਗਿਕ ਪਛੜੇਵੇਂ ਨੂੰ ਦੂਰ ਕਰਨ ਲਈ ਇਸ ਦੇ ਕਾਫੀ ਹੋਣ ਉੱਤੇ ਸਵਾਲ ਬਣਿਆ ਰਹਿੰਦਾ ਹੈ। ਇਸ ਨੂੰ ਵਿੱਤੀ ਦਿਸ਼ਾ ਦਾ ਇੱਕ ਸ਼ੁਰੂਆਤੀ ਮੋੜ ਤਾਂ ਮੰਨਿਆ ਜਾ ਸਕਦਾ ਹੈ, ਪਰ ਸੂਬੇ ਦੇ ਡੂੰਘੇ ਆਰਥਿਕ ਸੰਕਟ ਦਾ ਮੁਕੰਮਲ ਹੱਲ ਨਹੀਂ। ਜੇਕਰ ਮੁਫਤ ਸਹੂਲਤਾਂ ਅਤੇ ਚੋਣ ਗਾਰੰਟੀਆਂ 'ਤੇ ਖਰਚੀ ਜਾਣ ਵਾਲੀ ਵੱਡੀ ਰਕਮ ਨੂੰ ਵੀ ਕਿਸੇ ਤਰ੍ਹਾਂ ਨਾਲ ਪੂੰਜੀਗਤ ਨਿਵੇਸ਼ ਵੱਲ ਮੋੜਿਆ ਜਾਂਦਾ ਤਾਂ ਇਹ ਅੰਕੜਾ ਹੋਰ ਕਿਤੇ ਵੱਡਾ ਹੋ ਸਕਦਾ ਸੀ ਅਤੇ ਸੂਬੇ ਦੇ ਵਿਕਾਸ ਨੂੰ ਅਸਲ ਰਫਤਾਰ ਮਿਲ ਸਕਦੀ ਸੀ।

ਦਰਅਸਲ, ਪੰਜਾਬ ਇੱਕ ਅਜਿਹੇ ਢਾਂਚਾਗਤ ਦੁਸ਼ਚੱਕਰ ਵਿੱਚ ਘਿਰਿਆ ਹੋਇਆ ਹੈ ਜਿੱਥੇ ਪੁਰਾਣੇ ਕਰਜਿਆਂ ਨੇ ਵਿਆਜ ਦੀਆਂ ਦੇਣਦਾਰੀਆਂ ਵਧਾਈਆਂ, ਅਤੇ ਵਧਦੇ ਵਿਆਜ ਨੇ ਵਿਕਾਸ ਕਾਰਜਾਂ ਲਈ ਲੋੜੀਂਦੇ ਸਰੋਤ ਖੋਹ ਲਏ। ਜਦੋਂ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਘਟਿਆ, ਤਾਂ ਨਵੇਂ ਉਦਯੋਗ ਅਤੇ ਰੁਜਗਾਰ ਦੇ ਮੌਕੇ ਸੁੰਗੜ ਗਏ, ਜਿਸ ਕਾਰਨ ਸੂਬੇ ਦਾ ਟੈਕਸ ਆਧਾਰ ਕਦੇ ਮਜਬੂਤ ਹੀ ਨਹੀਂ ਹੋ ਸਕਿਆ। ਆਮਦਨ ਘਟਣ ਕਾਰਨ ਸਰਕਾਰਾਂ ਨੂੰ ਆਪਣੇ ਰੋਜਾਨਾ ਦੇ ਵਚਨਬੱਧ ਖਰਚੇ ਪੂਰੇ ਕਰਨ ਲਈ ਮੁੜ ਕਰਜੇ ਦਾ ਸਹਾਰਾ ਲੈਣਾ ਪਿਆ। ਇਸ ਗੈਰ-ਉਤਪਾਦਕ ਖਰਚਿਆਂ ਅਤੇ ਕਰਜੇ ਦੇ ਚੱਕਰਵਿਊਹ ਦਾ ਸਿੱਧਾ ਨੁਕਸਾਨ ਸੂਬੇ ਦੇ ਸਕੂਲਾਂ, ਹਸਪਤਾਲਾਂ, ਨਹਿਰੀ ਸਿੰਜਾਈ, ਸਰਕਾਰੀ ਅਤੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਅਤੇ ਨੌਜਵਾਨਾਂ ਦੇ ਰੁਜਗਾਰ ਨੂੰ ਝੱਲਣਾ ਪੈ ਰਿਹਾ ਹੈ। ਇਸ ਅਸੰਵੇਦਨਸ਼ੀਲ ਰਵੱਈਏ ਕਾਰਨ ਹੀ ਬੱਚੇ, ਕਿਸਾਨ, ਮੁਲਾਜ਼ਮ ਅਤੇ ਹੋਰ ਵਰਗ ਆਪਣੀਆਂ ਜਾਇਜ ਮੰਗਾਂ ਲਈ ਸੜਕਾਂ ਉੱਤੇ ਉਤਰਨ ਲਈ ਮਜਬੂਰ ਹਨ। ਸਪੱਸ਼ਟ ਹੈ ਕਿ ਇਹ ਵਿੱਤੀ ਸੰਕਟ ਕਿਸੇ ਇੱਕ ਪਾਰਟੀ ਜਾਂ ਇਕੱਲੀ ਸਰਕਾਰ ਦੀ ਦੇਣ ਨਹੀਂ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਲਏ ਗਏ ਭਾਰੀ ਕਰਜਿਆਂ ਅਤੇ ਅਨਾਜ ਖਰੀਦ ਦੇਣਦਾਰੀਆਂ ਦੇ ਉਤਪਾਦਕ ਲਾਭਾਂ ਦਾ ਲੇਖਾ-ਜੋਖਾ ਹੋਣਾ ਚਾਹੀਦਾ ਹੈ; ਕਾਂਗਰਸ ਸਰਕਾਰ ਨੂੰ ਆਪਣੀ ਪੰਜ ਸਾਲਾ ਮਿਆਦ ਦੌਰਾਨ ਵਿੱਤੀ ਢਾਂਚੇ ਨੂੰ ਨਵੀਂ ਦਿਸ਼ਾ ਦੇਣ ਵਿੱਚ ਰਹੀ ਨਾਕਾਮੀ ਦਾ ਜਵਾਬ ਦੇਣਾ ਪਵੇਗਾ ਅਤੇ 2022 ਤੋਂ ਸੱਤਾ ਸੰਭਾਲ ਰਹੀ ਆਮ ਆਦਮੀ ਪਾਰਟੀ ਨੂੰ ਵੀ ਇਹ ਸਪੱਸ਼ਟ ਕਰਨਾ ਪਵੇਗਾ ਕਿ ਕਰਜੇ ਦੇ ਬੋਝ ਹੇਠ ਦੱਬੇ ਸੂਬੇ ਵਿੱਚ ਮੁਫਤ ਸਹੂਲਤਾਂ ਦੀ ਸਿਆਸਤ ਦੀ ਥਾਂ ਆਮਦਨ ਵਧਾਉਣ ਲਈ ਠੋਸ ਨੀਤੀਆਂ ਕਿਉਂ ਨਹੀਂ ਅਪਣਾਈਆਂ ਗਈਆਂ। ਹੁਣ ਸਿਰਫ ਸੱਤਾ ਜਾਂ ਪਾਰਟੀਆਂ ਬਦਲਣ ਨਾਲ ਪੰਜਾਬ ਦੀ ਤਕਦੀਰ ਨਹੀਂ ਬਦਲੇਗੀ, ਸੂਬੇ ਨੂੰ ਖਪਤ-ਅਧਾਰਿਤ ਅਤੇ ਲੋਕ ਲੁਭਾਊ ਮਾਡਲ ਛੱਡ ਕੇ ਨਿਵੇਸ਼, ਉਦਯੋਗੀਕਰਨ ਅਤੇ ਉਤਪਾਦਕਤਾ 'ਤੇ ਆਧਾਰਿਤ ਨਵਾਂ ਵਿੱਤੀ ਮਾਡਲ ਅਪਣਾਉਣ ਦੀ ਸਖਤ ਲੋੜ ਹੈ।

ਰਾਜੀਵ ਖੋਸਲਾ

# ਪੁਸਤਕ "ਸੌਂਕਣ ਸੌਂਕਣ ਦਾ ਮੁਕਾਬਲਾ"

## ਲੇਖਕ : ਲਖਵਿੰਦਰ ਸਿੰਘ ਹਵੇਲੀਆਣਾ: ਮੇਰੀ ਨਜਰ ਵਿੱਚ

### (ਹਾਸ ਵਿਅੰਗ)

ਪਿੱਛੇ ਜਿਹੇ ਮੈਨੂੰ ਪੇਸੇ ਪੱਖੋਂ ਅਧਿਆਪਕ ਅਤੇ ਪੰਜਾਬੀ ਅਖਬਾਰਾਂ ਵਿੱਚ ਛਪਦੇ ਇੱਕ ਚਰਚਿਤ ਲੇਖਕ ਸ੍ ਲਖਵਿੰਦਰ ਸਿੰਘ ਰਈਆ ਹਵੇਲੀਆਣਾ ਜੀ ਦੀ "ਸੌਂਕਣ ਸੌਂਕਣ ਦਾ ਮੁਕਾਬਲਾ" ਨਾਂ ਦੀ ਇਕ ਹਾਸ ਵਿਅੰਗ ਪੁਸਤਕ ਪੜ੍ਹਨ ਨੂੰ ਮਿਲੀ। ਇਹ ਆਪਣੀ ਸੇਵਾ ਮੁਕਤੀ ਤੋਂ ਬਾਅਦ ਹੁਣ ਪੱਕੇ ਤੌਰ ਤੇ ਸਿਡਨੀ ਆਸਟ੍ਰੇਲੀਆ ਵਿੱਚ ਹੀ ਰਹਿੰਦੇ ਹਨ ਅਤੇ ਇੱਥੇ ਹੀ ਉਹਨਾਂ ਨਾਲ ਮੇਰਾ ਮਿਲਣ ਦਾ ਸਬੱਬ ਬਣਿਆ। ਇਹਨਾਂ ਦੀ ਇਹ ਪੁਸਤਕ 2012 ਵਿੱਚ ਪ੍ਰਕਾਸ਼ਿਤ ਹੋਈ ਸੀ। ਇਹਨਾਂ ਤੋਂ ਪਹਿਲਾਂ ਮੈਂ ਹਾਸ ਵਿਅੰਗ ਦੇ ਖੇਤਰ ਵਿੱਚ ਹਾਸ-ਰਸ ਦੇ ਮੋਢੀ ਅਤੇ ਸ੍ਰੋਮਣੀ ਲੇਖਕ ਸ੍ ਗੁਰਨਾਮ ਸਿੰਘ ਤੀਰ ਓਰਫ ਚਾਚਾ ਚੰਡੀਗੜ੍ਹੀਆ, ਹਾਸ-ਵਿਅੰਗ ਦੀ ਤੀਰਅੰਦਾਜੀ ਲਈ ਪ੍ਰਸਿੱਧ ਸ੍ਰੀ ਕੇ.ਐੱਲ. ਗਰਗ, ਬਹੁਪੱਖੀ ਹਾਸ-ਵਿਅੰਗਕਾਰ ਸ੍ ਪਿਆਰਾ ਸਿੰਘ ਦਾਤਾ, ਸ੍ਰੀ ਭੂਸਨ ਧਿਆਨ ਪੁਰੀ, ਮਾਰਡਨ ਹੀਰ ਪੁਸਤਕ ਦੇ ਲੇਖਕ ਸ੍ ਸੂਬਾ ਸਿੰਘ ਅਤੇ ਸ੍ ਈਸਰ ਸਿੰਘ ਭਾਈਆ ਆਦਿ ਲੇਖਕਾਂ ਦੀਆਂ ਕੁਝ ਰਚਨਾਵਾਂ ਨੂੰ ਪੜ੍ਹਿਆ ਸੀ ਅਤੇ ਇਹ ਰਚਨਾਵਾਂ ਮੈਨੂੰ ਚੰਗੀਆਂ ਲੱਗੀਆਂ ਸਨ। ਇਸ ਕਰਕੇ ਹੀ ਇਹ ਪੁਸਤਕ ਮੈਂ ਪਿਛਲੇ ਦਿਨੀਂ ਪੜ੍ਹਨੀ ਸੁਰੂ ਕੀਤੀ।

ਹਾਸ ਵਿਅੰਗ ਸਾਹਿਤ ਅਤੇ ਜੀਵਨ ਦਾ ਇੱਕ ਅਹਿਮ ਹਿੱਸਾ ਹੈ, ਜਿਸ ਦਾ ਮਕਸਦ ਹਾਸੇ ਰਾਹੀਂ ਸਮਾਜ ਦੀਆਂ ਕਮਜੋਰੀਆਂ, ਬੁਰਾਈਆਂ ਅਤੇ ਗਲਤ ਰੀਤਾਂ ਉੱਤੇ ਚੋਟ ਕਰਨਾ ਹੈ। ਇਹ ਸਿਰਫ ਮਨੋਰੰਜਨ ਨਹੀਂ ਕਰਦਾ, ਸਗੋਂ ਸੋਚਣ ਲਈ ਵੀ ਮਜਬੂਰ ਕਰਦਾ ਹੈ। ਹਾਸ ਵਿਅੰਗ ਸਾਹਿਤ ਵਿੱਚ ਹਾਸਾ, ਵਿਅੰਗ, ਮਖੌਲ / ਠੱਠਾ ਭਾਵ ਹਾਸ-ਰਸ ਭਰਪੂਰ ਹੁੰਦਾ ਹੈ। ਹਾਸ ਵਿਅੰਗ ਵਿੱਚ ਹਾਸਾ ਮਨ ਨੂੰ ਖੁਸ ਕਰਨ ਵਾਲਾ ਹੁੰਦਾ ਹੈ, ਜਦੋਂ ਕਿ ਵਿਅੰਗ ਸਮਾਜ ਜਾਂ ਰਾਜਨੀਤੀ ਦੀਆਂ ਕਮੀਆਂ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ। ਇਸ ਤਰ੍ਹਾਂ ਦੀ ਲਿਖੀ ਹੋਈ ਪੁਸਤਕ ਨੂੰ ਪੰਜਾਬੀ ਭਾਸਾ ਵਿੱਚ ਇੱਕ ਹਾਸ-ਰਸ ਪੁਸਤਕ ਕਿਹਾ ਜਾਂਦਾ ਹੈ। ਇੱਥੇ ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਪੰਜਾਬੀ ਸਾਹਿਤ ਵਿੱਚ ਕੁੱਲ ਨੌਂ ਰਸਾਂ ਨੂੰ ਮੁੱਖ ਮੰਨਿਆ ਗਿਆ ਹੈ, ਜਿਨ੍ਹਾ ਵਿੱਚ ਇਕ ਰਸ ਨੂੰ ਹਾਸ-ਰਸ ਕਿਹਾ ਜਾਂਦਾ ਹੈ। ਬਾਕੀ 8 ਰਸਾਂ ਨੂੰ ਸ਼ਿੰਗਾਰ ਰਸ, ਕਰੁਣਾ ਰਸ, ਰੌਦਰ ਰਸ, ਵੀਰ ਰਸ, ਭਿਆਨਕ ਰਸ, ਬੀਭਤਸ ਰਸ, ਅਦਭੁਤ ਰਸ ਅਤੇ ਸਾਂਤ ਰਸ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹਨਾਂ ਵਿਚੋਂ ਹਾਸ-ਰਸ ਅਤਿਅੰਤ ਸੁਖਦਾਇਕ ਹੈ। ਕੁਦਰਤੀ ਜੀਵਾਂ ਵਿੱਚੋਂ ਕੇਵਲ ਮਨੁੱਖ ਹੀ ਹੱਸ ਸਕਦਾ ਹੈ ਅਤੇ ਹਾਸਾ, ਅਨੇਕਾਂ ਮਾਨਸਿਕ ਅਤੇ ਸਮਾਜਿਕ ਗੁੰਝਲਾਂ ਨੂੰ ਸੁਲਝਾਉਣ ਲਈ ਇਕ ਕਲਿਆਣਕਾਰੀ ਦਵਾਈ ਹੈ।

ਸ੍ ਲਖਵਿੰਦਰ ਸਿੰਘ ਰਈਆ ਹਵੇਲੀਆਣਾ ਨੇ ਆਪਣੀ ਇਹ ਹਾਸ-ਵਿਅੰਗ ਪੁਸਤਕ "ਸਭ ਕੁਝ ਹੁੰਦਿਆਂ ਸੁੰਦਿਆਂ ਵੀ ਜਿਨ੍ਹਾਂ ਦੇ ਮੱਥੇ ਤੇ "ਵੈਰੀ ਸੌਰੀ" ਉਕਰਿਆ ਹੋਇਆ ਹੈ ਉਹਨਾਂ ਨੂੰ ਅਤੇ ਥੁੜ੍ਹਾਂ ਮਾਰੇ, ਪਰ ਗੁਲਾਬ ਵਾਂਗੂ ਖਿੜੇ ਚਿਹਰਿਆਂ ਨੂੰ" ਸਮਰਪਿਤ ਕੀਤੀ ਹੈ।

ਇਸ ਵਿਚ ਉਹਨਾਂ ਨੇ ਰਾਵਣ ਬੋਲਦੈ, ਸੁਪਰਡੈਂਟੀ ਦੀ ਫੂਕ, ਸਾਡਾ ਨਕਲਚੂਆਂ ਦਾ ਕੁਝ ਨਹੀਂ ਜਾਣਾ ਤੋਂ ਸੁਰੂ ਹੋ ਕੇ ਕਬਜੀ ਤੋੜੂ ਜੂਸ, ਚਾਰ ਗਲਾਸੀਆਂ ਅਤੇ ਕੁਰਸੀ ਯੁੱਧ ਆਦਿ ਆਪਣੇ 48 ਲੇਖਾਂ/ ਕਵਿਤਾਵਾਂ ਨੂੰ ਸਾਮਿਲ ਕੀਤਾ ਹੈ।

ਇਹਨਾਂ ਲਿਖਤਾਂ ਵਿੱਚ ਲੇਖਕ ਨੇ ਸਾਡੀਆਂ ਸਮਾਜਿਕ ਅਤੇ ਰਾਜਨੀਤਿਕ ਜੀਵਨ ਦੀਆਂ ਕਮੀਆਂ, ਇਮਤਿਹਾਨੀ ਪ੍ਰਬੰਧ ਵਿੱਚ ਆ ਰਹੀਆਂ ਮੁਸਕਲਾਂ, ਸਮਾਜ ਅੰਦਰ ਫੈਲੇ ਭਰਿਸਟਾਚਾਰ ਅਤੇ ਰਿਸਵਤ ਖੋਰੀ, ਸਮਾਜ ਦੇ ਢਾਂਚੇ ਅੰਦਰ ਪ੍ਰਸਾਸਨਿਕ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਵਿਵਹਾਰ ਵਿੱਚ ਕਮੀਆਂ ਅਤੇ ਘਰੇਲੂ ਜੀਵਨ ਅੰਦਰ ਪਤੀ ਪਤਨੀ ਦੀਆਂ ਨੋਕਾਂ ਝੋਕਾਂ ਆਦਿਕ ਵਿਸ਼ਿਆਂ ਨੂੰ ਸਾਮਿਲ ਕੀਤਾ ਹੈ। ਉਹਨਾਂ ਨੇ ਆਪਣੇ ਲੇਖ ਰਾਵਣ ਬੋਲਦੈ ਅੰਦਰ "ਰਾਵਣ" ਦੇ ਆਪਣੇ ਮੂੰਹ ਤੋਂ ਲੋਕਾਂ ਕੋਲੋਂ ਸਿੱਧੇ ਤੌਰ ਤੇ ਪੁੱਛਵਾਇਆ ਹੈ ਕਿ ਕੀ ਕਦੇ "ਆਪਣੇ ਅੰਦਰਲੇ ਰਾਵਣ ਬਾਰੇ ਸੋਚਿਆ ਜੇ, ਜਿਨ੍ਹਾਂ ਨਾਲ ਬੇਸਰਮੀ ਭਰੀਆਂ ਘਟਨਾਵਾਂ ਵਾਪਰ ਰਹੀਆਂ ਹਨ ਤੇ ਇਹ ਕਰਤੂਤਾਂ ਮੇਰੀ ਕਰਤੂਤ ਨੂੰ ਵੀ ਮਾਤ ਪਾ ਰਹੀਆਂ ਹਨ।" ਸੁਪਰਡੈਂਟੀ ਦੀ ਫੂਕ ਵਾਲੇ ਲੇਖ ਅੰਦਰ ਉਹਨਾਂ ਨ ਪ੍ਰੀਖਿਆਵਾਂ ਵਿੱਚ ਡਿਊਟੀ ਨਿਭਾ ਰਹੇ ਅਧਿਆਪਕ ਦੀ ਮਨੋ ਦਸਾ ਦਾ ਜ਼ਿਕਰ ਕੀਤਾ ਹੈ। ਅਧਿਆਪਕ ਕਹਿੰਦਾ ਹੈ ਕਿ "ਹੁਣ ਜਦ ਵੀ ਇਮਤਿਹਾਨਾਂ ਦਾ ਮੌਸਮ ਆਉਂਦਾ




ਹੈ ਤਾਂ ਦਿਲ ਨੂੰ ਧੁੜਕੂ ਜਿਹਾ ਲੱਗਣਾ ਸੁਰੂ ਹੋ ਜਾਂਦਾ ਹੈ ਕਿ ਕਿਤੇ ਨਿਗਰਾਨ ਅਮਲੇ ਵਜੋਂ ਕੋਈ ਡਿਊਟੀ ਹੀ ਨਾ ਲੱਗ ਜਾਏ। ਇਸ ਥੈਂਕਲੈਸ ਡਿਊਟੀ ਵਿੱਚ ਹੇਠੋਂ ਵੀ ਤੇ ਉਪਰੋਂ ਵੀ ਧੱਕੇ ਪੈਣੇ ਹੁੰਦੇ ਹਨ। ਚੱਕੀ ਦੇ ਪੁੜਾਂ ਵਿੱਚ ਪਿਸਣ ਦੇ ਬਰਾਬਰ ਹੁੰਦਾ ਹੈ। ਇੱਕ ਪਾਸੇ ਸਿਫਾਰਸਾਂ ਹੀ ਸਿਫਾਰਸਾਂ ਤੇ ਦੂਜੇ ਪਾਸੇ ਝਿੜਕਾਂ/ਦਬਕੇ, ਪਰ ਇਹ ਸੋਚ ਕੇ ਮਨ ਨੂੰ ਦਿਲਾਸਾ ਜਿਹਾ ਦੇ ਲਈਦਾ ਹੈ ਕਿ ਨੌਕਰੀ ਕੀ ਤੇ ਨਖਰਾ ਕੀ?"

ਪ੍ਰੀਖਿਆ ਕੇਂਦਰਾਂ ਵਿੱਚ ਨਕਲ ਦੀ ਸੱਮਸਿਆ ਬਾਰੇ, ਸਾਡਾ ਨਕਲਚੂਆਂ ਦਾ ਕੁਝ ਨਹੀਂ ਜਾਣਾ ਸਿਰਲੇਖ ਵਾਲੇ ਲੇਖ ਵਿੱਚ ਲੇਖਕ, ਅਧਿਆਪਕ ਵਰਗ ਦੀ ਧੌਣ ਤੇ ਨਤੀਜਾ ਰੂਪੀ ਤਲਵਾਰ ਨੂੰ ਨਕਲ ਹੋਣ ਦਾ ਇੱਕ ਕਾਰਨ ਮੰਨਦਾ ਹੋਇਆ ਵਿਅੰਗ ਕਰਦਾ ਹੋਇਆ ਇਮਤਿਹਾਨ ਅੰਦਰ ਨਕਲ ਕਰਨ ਵਾਲੇ ਨਕਲਚੂਆਂ ਕੋਲੋਂ ਅਖਵਾਉਂਦਾ ਹੈ ਕਿ "ਆਖਰ ਵਿੱਚ ਸਰਕਾਰ ਨੂੰ ਬੇਨਤੀ ਕਰਨੀ ਚਾਹਾਂਗੇ ਕਿ ਉਹ ਅਧਿਆਪਕ ਵਰਗ ਦੀ ਧੌਣ ਤੇ ਨਤੀਜਾ ਰੂਪੀ ਤਲਵਾਰ ਹੋਰ ਤਿੱਖੀ ਕਰਕੇ ਲਟਕਾਈ ਰੱਖੇ। ਇਸ ਨਾਲ ਜਿੱਥੇ ਸਾਡਾ ਭਲਾ ਹੋਊਗਾ ਉਥੇ ਸਰਕਾਰ ਜੀ! ਤੁਹਾਡੀ ਵੀ ਬੱਲੇ ਬੱਲੇ ਹੋ ਜਾਵੇਗੀ ਕਿ ਫਲਾਣੇ ਸੂਬੇ ਦੇ ਕਿੰਨੇ ਪੜ੍ਹੇ ਲਿਖੇ ਲੋਕ ਹਨ।" ਸੌਕਣ ਸੌਕਣ ਦਾ ਮੁਕਾਬਲਾ ਸਿਰਲੇਖ ਵਾਲੇ ਲੇਖ ਵਿੱਚ ਲੇਖਕ ਲੋਕ ਰਾਜ ਵਿੱਚ ਫੈਲੇ ਭ੍ਰਿਸਟਾਚਾਰ ਅਤੇ ਰਿਸਵਤ ਦੀ ਸੱਮਸਿਆ ਬਾਰੇ ਵਿਅੰਗ ਕਰਦਾ ਹੋਇਆ ਲਿਖਦਾ ਹੈ ਕਿ "ਭਰਿਸਟੋ-ਰਿਸਵਤੋ ਦੀ ਇਕ ਖੂਬੀ ਇਹ ਵੀ ਹੈ ਕਿ ਉਹ ਨਾ ਅੱਗਾ ਨਾ ਪਿੱਛਾ ਤੇ ਨਾ ਹੀ ਵੇਲਾ-ਕੁਵੇਲਾ ਵੇਖਦੀਆਂ ਹਨ, ਜਿੱਥੇ ਵੀ ਮੌਕਾ ਮਿਲੇ ਉਥੇ ਹੀ ਸਿੰਗ ਫਸਾ ਲੈਂਦੀਆਂ ਹਨ।" ਇਸੇ ਤਰ੍ਹਾਂ ਆਓ! ਬਿਜਲੀ ਚੋਰੀ ਫੜਨ ਚਲੀਏ ਵਾਲੇ ਲੇਖ ਅੰਦਰ ਬਿਜਲੀ ਚੋਰੀ ਸਬੰਧੀ ਬਿਜਲੀ ਮਹਿਕਮੇ ਦੀ ਮਿਲੀ ਭੁਗਤ ਸਬੰਧੀ ਲੇਖਕ ਵਿਅੰਗ ਕਰਦਾ ਹੋਇਆ ਲਿਖਦਾ ਹੈ ਕਿ "ਕਰਨਾ ਬਈ ਕੀ ਆ? ਚੋਰਾਂ ਤੇ ਮੋਰ ਬਣ ਕੇ ਛਾਪੇ ਤੇ ਛਾਪਾ ਮਾਰੀ ਜਾਉ, ਆਪਣਾ ਤੇ ਸਰਕਾਰੀ ਖਜਾਨਾ ਭਰੀ ਜਾਓ।" ਟੁੱਟੀਆਂ ਸੜਕਾਂ ਦੇ ਫਾਇਦੇ ਵਾਲੇ ਲੇਖ ਅੰਦਰ ਲੇਖਕ ਟੁੱਟੀਆਂ ਸੜਕਾਂ ਦੇ ਫਾਇਦੇ ਸਬੰਧੀ ਵਿਅੰਗ ਕਰਦਾ ਹੋਇਆ ਲਿਖਦਾ ਹੈ ਕਿ "ਟੁੱਟੀਆਂ ਸੜਕਾਂ ਰੁਜਗਾਰ ਦੇ ਅਨੇਕਾਂ ਮੌਕੇ ਪੈਦਾ ਕਰਨ ਵਿੱਚ ਸਹਾਇਕ ਹੁੰਦੀਆਂ ਹਨ।" ਕਬਜੀ ਤੋੜੂ ਜੂਸ ਵਾਲੇ ਲੇਖ ਵਿੱਚ ਲੇਖਕ ਨੇ ਸਮਾਜ ਵਿੱਚ ਫੈਲੀ ਸਰਾਬ ਦੀ ਬਿਮਾਰੀ ਬਾਰੇ, ਸਾਡੀ ਸਮਾਜਿਕ ਅਤੇ ਪ੍ਰਬੰਧਕੀ ਵਿਵਸਥਾ ਅੰਦਰ ਸਰਾਬ ਦੀ ਵਧਦੀ ਵਰਤੋਂ ਕਰਨ ਲਈ ਸਰਾਬ ਦੀ ਵਕਾਲਤ ਕਰਦਿਆਂ ਬਹੁਤ ਹੀ ਵਿਅੰਗਮਈ ਅੰਦਾਜ ਵਿੱਚ ਲਿਖਿਆ ਹੈ ਕਿ "ਬਹੁਤਿਆਂ ਲਈ ਤਾਂ ਮੈਂ ਰਾਮ ਬਾਣ ਦਾ ਕੰਮ ਕਰਦਾ ਹੋਇਆ ਸੁੱਕੇ ਤੀਲਿਆਂ ਵਿੱਚ ਸਿਰਫ ਜਾਨ ਹੀ ਨਹੀਂ ਭਰਦਾ, ਸਗੋਂ ਝੂੰਮਣ ਵੀ ਲਾ ਦਿੰਦਾ ਹਾਂ ਤੇ ਕਈ ਈਰਖਾ ਦੇ ਮਾਰੇ ਉਬਲਦੀ ਦੇਗ ਵਾਂਗ ਆਪਣੇ ਕੰਢੇ ਐਵੇਂ ਲੂਹੀ ਜਾਣਗੇ। ਇਮਾਨਦਾਰੀ ਦੀ ਕਬਜੀ ਦੇ ਮਾਰੇ ਪੀੜਤ ਕਈ ਸੜੂੰ ਭੁਜੂੰ ਇਵੇਂ ਕਰਨਗੇ, ਜਿਵੇਂ ਮੇਰੇ ਘੁੱਟ ਭਰਨ ਵਾਲੇ ਇਹਨਾਂ ਦੀ ਜੱਦੀ ਪੁਸਤੀ ਜਮੀਨ ਸਾਂਭ ਰਹੇ ਹੋਣ।" ਚਾਰ ਗਲਾਸੀਆਂ ਸਿਰਲੇਖ ਵਾਲੇ ਲੇਖ ਅੰਦਰ ਲੇਖਕ ਆਮ ਘਰਾਂ ਅੰਦਰ "ਸਾਪਿੰਗ" ਵਰਗੀ ਲਾਜਮੀ ਬੁਰਾਈ ਸਬੰਧੀ ਹੁੰਦੀ ਪਤੀ-ਪਤਨੀ ਦੀ ਸਰਬ ਵਿਆਪਕ ਨੋਕ ਝੋਕ ਬਾਰੇ ਵਿਅੰਗ ਕਰਦਾ ਹੋਇਆ ਪਤਨੀ ਪੱਖੋਂ ਲਿਖਦਾ ਹੈ ਕਿ "ਤੇਰੇ ਘਰ ਵਿੱਚ ਚਾਰ ਪ੍ਰਾਹੁਣੇ ਆ ਜਾਣ ਤਾਂ ਉਹਨਾਂ ਦੇ ਚਾਹ ਪਾਣੀ ਲਈ ਚਾਰ ਗਲਾਸੀਆਂ ਹੈਨ ਤੇਰੇ ਘਰ ਚ?".... "ਸ੍ਰੀਮਤੀ ਆਪਣੀ ਫੋਕੀ ਟੌਹਰ ਬਣਾਉਣ ਲਈ ਹੋਰ ਬਹੁਤ ਬੇਲੋੜਾ ਲਟਰਨ-ਪੁਟਰਨ ਸਮਾਨ ਖਰੀਦੀ ਜਾਵੇ ਤੇ ਬਿੱਲ ਹੋਰ ਲੰਮਾ ਹੋਈ ਜਾਵੇ।" ਇਸੇ ਤਰਾਂ ਰਾਜਸੀ ਨੇਤਾਵਾਂ ਵੱਲੋਂ ਕੁਰਸੀ ਪ੍ਰਾਪਤ ਕਰਨ ਦੀ ਲਾਲਸਾ ਨੂੰ ਉਹ ਕੁਰਸੀ ਯੁੱਧ ਕਹਿੰਦਾ ਹੋਇਆ ਵਿਅੰਗ ਕਰਦਾ ਹੋਇਆ ਲਿਖਦਾ ਹੈ ਕਿ

"ਬਿਗਲ ਵੱਜ ਗਿਆ ਕੁਰਸੀ ਯੁਧ ਹੋਣ ਲੱਗਾ,
ਵੇਖੋ ਹਰ ਨੇਤਾ ਆਪਣੇ ਪਰ ਤੁਲਾਉਣ ਲੱਗਾ।
ਹੱਥ ਵਿੱਚ ਫੜ ਕੇ ਠੂਠਾ ਵੋਟਾਂ ਵਾਲਾ,
ਦਰ-ਦਰ ਪਹੁੰਚ ਕੇ ਵੋਟਰਾਂ ਦਾ ਕੁੰਡਾ ਖੜਕਾਉਣ ਲੱਗਾ।"

ਸਮੁੱਚੇ ਤੌਰ ਤੇ ਅੱਜ ਤੋਂ 14 ਸਾਲ ਪਹਿਲਾਂ ਪ੍ਰਕਾਸ਼ਿਤ ਇਹ ਇੱਕ ਵਧੀਆ ਪੁਸਤਕ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਸ੍ ਲਖਵਿੰਦਰ ਸਿੰਘ ਰਈਆ ਹਵੇਲੀਆਣਾ ਜੀ ਨੇ ਉਪਰੋਕਤ ਹਾਸ ਵਿਅੰਗ ਪੁਸਤਕ ਤੋਂ ਬਾਅਦ ਹਾਸ ਵਿਅੰਗ ਦੇ ਖੇਤਰ ਵਿੱਚ ਹੋਰ ਪੁਸਤਕਾਂ ਵੀ ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਪਾਈਆਂ ਹੋਣਗੀਆਂ। ਮੈਂ ਮਹਿਸੂਸ ਕਰਦਾ ਹਾਂ ਕਿ ਉਹ ਸਾਹਿਤ ਦੇ ਇਸ ਖੇਤਰ ਵਿੱਚ ਹੋਰ ਨਿੱਗਰ ਵਾਧਾ ਕਰਨਗੇ ਅਤੇ ਜਲਦੀ ਹੀ ਇਹਨਾਂ ਦਾ ਨਾਂ ਪੰਜਾਬੀ ਸਾਹਿਤ ਜਗਤ ਦੇ ਹਾਸ ਵਿਅੰਗ ਖੇਤਰ ਅੰਦਰ ਇਕ ਜਾਣਿਆ ਪਹਿਚਾਣਿਆ ਨਾਂ ਬਣ ਜਾਵੇਗਾ।



ਪ੍ਰੋ ਸੁਖਵੰਤ ਸਿੰਘ ਗਿੱਲ

# ਮਾਂ ਦੇ ਹੱਥਾਂ ਦਾ ਜਾਦੂ



ਜ਼ਿੰਦਗੀ ਦੀ ਇਸ ਭੱਜ-ਦੌੜ ਵਿੱਚ ਕੁਝ ਪਲ ਅਜਿਹੇ ਆਉਂਦੇ ਹਨ, ਜੋ ਮਹਿਜ ਯਾਦਾਂ ਨਹੀਂ ਸਗੋਂ ਰੂਹ ਦਾ ਸਕੂਨ ਬਣ ਜਾਂਦੇ ਹਨ। ਇਹ ਗੱਲ ਲੰਘੀ ਜੂਨ ਮਹੀਨੇ ਦੀਆਂ ਛੁੱਟੀਆਂ ਦੀ ਹੈ, ਜਦੋਂ ਪੇਕੇ ਘਰ ਜਾਣ ਦਾ ਸਬੱਬ ਬਣਿਆ। ਸੋਚਿਆ ਐਤਕੀਂ ਆਪਣੇ ਲਈ ਹੱਥ ਦੀ ਕਢਾਈ ਵਾਲਾ ਇੱਕ ਸੋਹਣਾ ਜਿਹਾ ਸੂਟ ਹੀ ਤਿਆਰ ਕਰਵਾ ਲਵਾਂ। ਮੈਂ ਇੱਕ ਬੁਟੀਕ 'ਤੇ ਗਈ। ਆਪਣੀ ਪਸੰਦ ਦਾ ਡਿਜਾਈਨ ਦਿਖਾ ਕੇ ਜਦੋਂ ਕਢਾਈ ਦੇ ਮੁੱਲ ਬਾਰੇ ਪੁੱਛਿਆ ਤਾਂ ਕਾਰੀਗਰ ਨੇ ਬੜੀ ਬੇਪਰਵਾਹੀ ਜਿਹੀ ਨਾਲ ਕਿਹਾ, "ਕਢਾਈ ਦੇ ਇੱਕ ਹਜਾਰ ਰੁਪਏ ਲੱਗਣਗੇ।" ਇਹ ਸੁਣ ਕੇ ਮੈਂ ਇੱਕ ਪਲ ਸੋਚਾਂ 'ਚ ਪੈ ਗਈ। ਕਾਰੀਗਰ ਦੀ ਮਿਹਨਤ ਸਿਰ-ਮੱਥੇ, ਧਾਗਿਆਂ ਦੇ ਕੁਝ ਟਾਂਕਿਆਂ ਲਈ ਇੰਨੀ ਰਕਮ ਤਾਰਨਾ ਮੈਨੂੰ ਵਾਜਬ ਨਾ ਜਾਪਿਆ ਤੇ ਮੈਂ ਇਹ ਕਹਿ ਕੇ ਘਰ ਆ ਗਈ ਕਿ ਮੰਮੀ ਨਾਲ ਸਲਾਹ ਕਰਾਂਗੀ। ਹਾਲਾਂਕਿ ਮਨ 'ਚ ਖਿਆਲ ਇਹ ਵੀ ਆਇਆ ਕਿ ਪੈਸੇ ਤਾਂ ਮਾਂ ਨੇ ਹੀ ਦੇਣੇ ਹਨ! ਅੱਜ ਜਦੋਂ ਮੈਂ ਪੇਕੇ ਪੈਰ ਪਾਉਂਦੀ ਹਾਂ ਤਾਂ ਨਿੱਕੇ-ਨਿੱਕੇ ਖਰਚਿਆਂ ਲਈ ਮਾਂ ਜਾਂ ਭਾਬੀ ਮੇਰੀ ਤਲੀ 'ਤੇ ਪੈਸੇ ਧਰ ਦਿੰਦੀਆਂ ਹਨ। ਉਨ੍ਹਾਂ ਲਈ ਮੈਂ ਅੱਜ ਵੀ ਘਰ ਦੀ ਉਹੀ ਲਾਡਲੀ ਧੀ ਹਾਂ। ਮੇਰੇ ਹੱਥੋਂ ਪੈਸੇ ਖਰਚ ਹੋਣ ਦੇਣ, ਇਹ ਤਾਂ ਸਵਾਲ ਹੀ ਪੈਦਾ ਨ੍ਹੀਂ ਹੁੰਦਾ। ਮੇਰੇ ਵਿਆਹ ਨੂੰ ਹੁਣ ਦੋ ਦਹਾਕੇ ਹੋਣ ਵਾਲੇ ਹਨ, ਪਰ ਸੱਚ ਦੱਸਾਂ ਕਦੇ ਵੀ ਭਾਬੀ ਨੇ ਬੇਗਾਨੇਪਣ ਦਾ ਅਹਿਸਾਸ ਨਹੀਂ ਹੋਣ ਦਿੱਤਾ। ਘਰ ਪਹੁੰਚ ਕੇ ਮਾਂ ਨਾਲ ਬੁਟੀਕ ਵਾਲੀ ਗੱਲ ਸਾਂਝੀ ਕੀਤੀ। ਮੇਰੀ ਗੱਲ ਸੁਣ ਕੇ ਮਾਂ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਮਾਂ ਨੇ ਕਿਹਾ, "ਨਿੱਕੀ ਜਿਹੀ ਗੱਲ ਪਿੱਛੇ ਹਜਾਰ ਰੁਪਏ ਦੇਣ ਦੀ ਕੀ ਲੋੜ ਐ? ਤੇਰੀ ਮਾਂ ਅਜੇ ਜਿਊਂਦੀ ਐ।" ਮਾਂ ਦੇ ਇਹ ਬੋਲ ਜਿਵੇਂ ਮੇਰੇ ਕੰਨਾਂ 'ਚ ਮਿਸਰੀ ਘੋਲ ਗਏ। ਸੂਟ ਮਾਂ ਕੋਲ ਛੱਡ ਕੇ ਮੈਂ ਸਹੁਰੇ ਘਰ ਆ ਗਈ ਕਿਉਂਕਿ ਪਹਿਲੀ ਜੁਲਾਈ ਤੋਂ ਬੱਚਿਆਂ ਦੇ ਸਕੂਲ ਖੁੱਲ੍ਹਣੇ ਸਨ। ਮਾਂ ਨੇ ਕਢਾਈ ਵਾਲਾ ਫਰੇਮ, ਸੂਈ, ਧਾਗਾ ਸਭ ਚੀਜਾਂ ਦਾ ਪ੍ਰਬੰਧ ਕਰ ਲਿਆ ਸੀ। ਜਦੋਂ ਭਤੀਜੀ ਨੇ ਮਾਂ ਦੀ ਸੂਟ 'ਤੇ ਕਢਾਈ ਕਰਦਿਆਂ ਦੀ ਵੀਡੀਓ ਬਣਾ ਕੇ ਭੇਜੀ ਤਾਂ ਉਨ੍ਹਾਂ ਦੀਆਂ ਕੰਬਦੀਆਂ ਉਂਗਲਾਂ ਦੀ ਰਫਤਾਰ, ਟਾਂਕਿਆਂ ਦੀ ਮਹੀਨ ਸਫਾਈ ਅਤੇ ਕੰਮ ਦਾ ਸਲੀਕਾ ਦੇਖ ਕੇ ਮੇਰੀਆਂ ਉਂਗਲਾਂ ਦੰਦਾਂ ਹੇਠ ਆ ਗਈਆਂ। ਮਾਂ ਦੀ ਉਮਰ ਵੀ ਸੱਤਰ ਸਾਲ ਦੇ ਕਰੀਬ ਹੋ ਗਈ ਹੈ। ਮਾਂ ਨੇ ਆਪਣੇ ਬਚਪਨ ਅਤੇ ਜਵਾਨੀ ਦੇ ਦਿਨਾਂ 'ਚ ਸੂਈ-ਧਾਗੇ ਨਾਲ ਪਤਾ ਨਹੀਂ ਕਿੰਨੇ ਕੁ ਅੰਬਰ ਚਿਤਰੇ ਸਨ। ਉਸ ਦੌਰ ਵਿੱਚ ਧੀਆਂ ਨੂੰ ਸਿਲਾਈ-ਕਢਾਈ ਦੀ ਕਲਾ ਸਿਖਾਉਣਾ ਦਾਜ ਤੋਂ ਵੀ ਵੱਧ ਜਰੂਰੀ ਮੰਨਿਆ ਜਾਂਦਾ ਸੀ। ਸਿਲਾਈ, ਕਢਾਈ, ਬੁਣਾਈ ਇਹੋ ਜਿਹਾ ਕਿਹੜਾ ਕੰਮ ਹੈ ਜੋ ਮਾਂ ਨੇ ਆਪਣੇ ਹੱਥੀਂ ਨਾ ਕੀਤਾ ਹੋਵੇ। ਪਤਾ ਨ੍ਹੀਂ ਪਿੰਡ ਦੀਆਂ ਕਿੰਨੀਆਂ ਕੁੜੀਆਂ ਨੇ ਮੁਫਤ 'ਚ ਮਾਂ ਤੋਂ ਇਹ ਸਭ ਕੁਝ ਸਿੱਖਿਆ ਸੀ। ਸਾਇਦ ਇਸੇ ਲਈ ਉਮਰ ਦੇ ਇਸ ਪੜਾਅ 'ਤੇ ਵੀ ਉਨ੍ਹਾਂ ਦੇ ਹੱਥਾਂ ਦੀ ਉਹ ਪੁਰਾਣੀ ਨਿਪੁੰਨਤਾ ਬਰਕਰਾਰ ਹੈ। ਹਰ ਟਾਂਕਾ ਇੰਨਾ ਬਾਰੀਕ ਤੇ ਸੁਚੱਜਾ, ਜਿਵੇਂ ਕੱਪੜੇ 'ਤੇ ਧਾਗੇ ਨਹੀਂ ਸਗੋਂ ਮਾਂ ਆਪਣੀ ਮਮਤਾ ਦੀ ਇਬਾਰਤ ਲਿਖ ਰਹੀ ਹੋਵੇ। ਕੁਝ ਹੀ ਦਿਨਾਂ ਵਿੱਚ ਸੂਟ ਤਿਆਰ ਹੋ ਕੇ ਮੇਰੇ ਕੋਲ ਪਹੁੰਚ ਗਿਆ। ਜਦੋਂ ਮੈਂ ਉਸ ਨੂੰ ਹੱਥਾਂ 'ਚ ਲਿਆ ਤਾਂ ਮੇਰੀਆਂ ਪਲਕਾਂ ਸੇਜਲ ਹੋ ਗਈਆਂ। ਸੱਚ ਜਾਣਿਓ, ਮੈਨੂੰ ਬਾਜਾਰ ਦੇ ਕਿਸੇ ਵੱਡੇ ਤੋਂ ਵੱਡੇ ਮਸਹੂਰ ਬੁਟੀਕ ਦੀ ਕਢਾਈ ਵੀ ਇਸ ਦੇ ਸਾਹਮਣੇ ਫਿੱਕੀ ਜਾਪੀ। ਮਸੀਨਾਂ ਦੀ ਕਢਾਈ ਵਿੱਚ ਇੱਕ ਬੇਜਾਨ ਸਫਾਈ ਤਾਂ ਹੋ ਸਕਦੀ ਹੈ, ਪਰ ਮਾਂ ਦੇ ਹੱਥਾਂ ਦੀ ਕਢਾਈ ਵਿੱਚ ਜੋ ਰੂਹ, ਨਿੱਘ ਅਤੇ ਅਪਣੱਤ ਹੈ, ਉਹ ਕਿਸੇ ਨਿਰਜਿੰਦ ਮਸੀਨ ਵਿੱਚ ਕਿੱਥੇ! ਜਦ ਮੈਂ ਉਹ ਸੂਟ ਪਹਿਨਿਆ ਤਾਂ ਦੇਖਣ ਵਾਲਾ ਕੋਈ ਵੀ ਸਖਸ ਕਢਾਈ ਦੀ ਤਾਰੀਫ ਕੀਤੇ ਬਿਨਾਂ ਨਾ ਰਹਿ ਸਕਿਆ। ਕਈਆਂ ਨੇ ਉਤਸੁਕਤਾ ਨਾਲ ਪੁੱਛਿਆ, "ਕਿਹੜੇ ਮਹਿੰਗੇ ਬੁਟੀਕ ਤੋਂ ਤਿਆਰ ਕਰਵਾਇਆ?" ਮੈਂ ਮਾਣ ਨਾਲ ਕਿਹਾ, "ਇਹ ਕਿਸੇ ਬੁਟੀਕ ਤੋਂ ਨਹੀਂ, ਮੇਰੀ ਮਾਂ ਦੇ ਹੱਥਾਂ ਦਾ ਜਾਦੂ ਹੈ।" ਉਸ ਦਿਨ ਮੈਨੂੰ ਸਹੀ ਅਰਥਾਂ ਵਿੱਚ ਅਹਿਸਾਸ ਹੋਇਆ ਕਿ ਬਾਜਾਰ ਪੈਸਿਆਂ ਦੇ ਬਦਲੇ ਕਲਾ ਤਾਂ ਵੇਚ ਸਕਦਾ ਹੈ, ਪਰ ਮਾਂ ਦੇ ਹੱਥਾਂ ਦੀਆਂ ਅਸੀਸਾਂ, ਲੋਰੀਆਂ ਅਤੇ ਮੋਹ ਕਦੇ ਨਹੀਂ ਦੇ ਸਕਦਾ। ਉਸ ਸੂਟ ਦੇ ਹਰ ਇੱਕ ਟਾਂਕੇ ਵਿੱਚ ਮੇਰੀ ਮਾਂ ਦਾ ਪਿਆਰ, ਮੇਰੇ ਲਈ ਦੁਆਵਾਂ ਅਤੇ ਜ਼ਿੰਦਗੀ ਭਰ ਦੀ ਸਾਧਨਾ ਪਰੋਈ ਹੋਈ ਹੈ।

ਉਹ ਸੂਟ ਮੇਰੀ ਅਲਮਾਰੀ ਦਾ ਸਭ ਤੋਂ ਕੀਮਤੀ ਗਹਿਣਾ ਹੈ। ਉਸ ਨੂੰ ਦੇਖਦਿਆਂ ਹੀ ਮੈਨੂੰ ਜੂਨ ਦੀਆਂ ਉਹ ਦੁਪਹਿਰਾਂ, ਮਾਂ ਦੀ ਮਿੱਠੀ ਮੁਸਕਾਨ, ਭਾਬੀ ਦਾ ਲਾਡ-ਪਿਆਰ ਤੇ ਪੇਕੇ ਘਰ ਦਾ ਨਿੱਘ ਚੇਤੇ ਆ ਜਾਂਦਾ ਹੈ। ਉਸ ਦਿਨ ਮੈਨੂੰ ਇਹ ਵੀ ਸਮਝ ਆ ਗਿਆ ਕਿ ਰਿਸਤਿਆਂ ਦਾ ਸੂਚਕ ਅੰਕ ਪੈਸਾ ਨਹੀਂ ਹੋ ਸਕਦਾ, ਇਹ ਤਾਂ ਸਿਰਫ ਆਪਸੀ ਭਰੋਸੇ ਅਤੇ ਪਿਆਰ ਦੇ ਸਿਰ 'ਤੇ ਜਿਊਂਦੇ ਹਨ। ਸੱਚਮੁੱਚ, ਵਕਤ ਭਾਵੇਂ ਕਿੰਨੀਆਂ ਵੀ ਕਰਵਟਾਂ ਬਦਲ ਲਵੇ, ਫੈਸਨ ਦੇ ਬਾਜਾਰ ਵਿੱਚ ਭਾਵੇਂ ਨਵੇਂ ਰੁਝਾਨਾਂ ਦਾ ਹੜ੍ਹ ਆ ਜਾਵੇ, ਪਰ ਮਾਂ ਦੇ ਹੱਥਾਂ ਦਾ ਹੁਨਰ ਅਤੇ ਉਸ ਦੇ ਤੋਪਿਆਂ 'ਚ ਪਰੋਇਆ ਪਿਆਰ ਹਮੇਸਾ ਹਰ ਬੁਟੀਕ ਅਤੇ ਦੁਨੀਆ ਦੇ ਹਰ ਬ੍ਰਾਂਡ ਤੋਂ ਉੱਚਾ ਰਿਹਾ ਹੈ ਅਤੇ ਹਮੇਸਾ ਰਹੇਗਾ।

ਕਮਲਜੀਤ ਕੌਰ ਗੁਮਟੀ

# ਬਾਬੂ ਰਜਬ ਅਲੀ ਨੂੰ ਚੇਤੇ ਕਰਦਿਆਂ...

ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਪਿੰਡ ਸਾਹੋਕੇ ਵਿਚ 10 ਅਗਸਤ, 1894 ਨੂੰ ਜਨਮ ਲੈਣ ਵਾਲੇ ਬਾਬੂ ਰਜਬ ਅਲੀ ਨੂੰ ਗੁੜ੍ਹਤੀ ਹੀ ਕਵੀਸ਼ਰੀ ਦੀ ਮਿਲੀ ਸੀ, ਕਿਉਂਕਿ ਉਸ ਦੇ ਪਿਤਾ ਧਮਾਲੀ ਖਾਂ ਵੀ ਕਵੀਸ਼ਰ ਸਨ। ਮਾਤਾ ਜਿਉਣੀ ਨੇ ਆਪਣੇ ਨਾਂਅ ਨੂੰ ਸਾਰਥਿਕ ਕਰਦਿਆਂ ਆਪਣੇ ਪੁੱਤ ਨੂੰ ਆਪਣੀ ਜ਼ਿੰਦਗੀ ਲੋਕ ਸੇਵਾ ਲਈ 'ਜਿਊਣ' ਦੇ ਗੁੱਝੇ ਭੇਦ ਬਚਪਨ ਵਿਚ ਹੀ ਸਿਖਾ ਦਿੱਤੇ ਸਨ। ਇਹੀ ਕਾਰਨ ਹੈ ਕਿ ਬਾਬੂ ਰਜਬ ਅਲੀ ਨੇ ਸਾਰੀ ਉਮਰ ਹੀ ਕਵੀਸ਼ਰੀ ਰਾਹੀਂ ਲੋਕਾਂ ਨੂੰ ਜਿਥੇ ਇਤਿਹਾਸਕ ਤੇ ਮਿਥਿਹਾਸਿਕ ਪ੍ਰਸੰਗ ਸੁਣਾ ਕੇ ਉਨ੍ਹਾਂ ਨੂੰ ਅਨਮੋਲ ਵਿਰਸੇ ਦੀ ਜਾਣਕਾਰੀ ਦਿੱਤੀ, ਉਥੇ ਹੀ ਉਸ ਨੇ ਆਮ ਲੋਕਾਂ ਦੇ ਦੁੱਖ ਦਰਦ ਨੂੰ ਵੀ ਆਪਣੀਆਂ ਰਚਨਾਵਾਂ ਰਾਹੀਂ ਬਿਆਨ ਕੀਤਾ ਤੇ ਆਮ ਕਿਰਸਾਨਾਂ ਤੇ ਮਜ਼ਦੂਰਾਂ ਦੇ ਹਿੱਤਾਂ ਦੀ ਗੱਲ ਵੀ ਕੀਤੀ। ਉਹ ਲੋਕਾਂ ਦਾ ਕਵੀਸ਼ਰ ਸੀ, ਅੱਜ ਵੀ ਆਪਣੀ ਮੌਤ ਤੋਂ ਏਨੇ ਸਾਲ ਮਗਰੋਂ ਲੋਕਾਂ ਦੇ ਦਿਲਾਂ ਵਿਚ ਹੀ ਜਿਊਂਦਾ ਹੈ।

ਬਾਬੂ ਰਜਬ ਅਲੀ ਇੱਕ ਅਜਿਹਾ ਕਵੀਸ਼ਰ ਹੋਇਆ ਹੈ ਜਿਸ ਦੀਆਂ ਰਚਨਾਵਾਂ ਵਿਚੋਂ ਅੱਜ ਵੀ ਪੁਰਾਣੇ ਮਾਲਵੇ ਦੇ ਸੱਭਿਆਚਾਰ, ਰਹਿਣ-ਸਹਿਣ, ਆਦਤਾਂ, ਸ਼ੌਂਕ, ਬੋਲੀ, ਮੁਹਾਵਰੇ ਤੇ ਮੌਸਮ ਬਾਰੇ ਵੱਡਮੁੱਲੀ ਜਾਣਕਾਰੀ ਮਿਲਦੀ ਹੈ। ਬਾਬੂ ਰਜਬ ਅਲੀ ਨੇ ਕੁੱਲ 81 ਕਿੱਸੇ ਤੇ ਪ੍ਰਸੰਗਾਂ ਦੀ ਰਚਨਾ ਕੀਤੀ। ਸਭ ਤੋਂ ਪ੍ਰਸਿੱਧ ਉਸ ਦਾ 72 ਕਲਾ ਛੰਦ ਹੋਇਆ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾ 'ਹੀਰ' ਦੀ ਰਚਨਾ ਕੀਤੀ। ਇਸ ਤੋਂ ਬਾਅਦ ਧਾਰਮਿਕ ਰਚਨਾਵਾਂ ਤੋਂ ਇਲਾਵਾ ਦਸਮੇਸ਼ ਮਹਿਮਾ, 72 ਕਲਾ ਛੰਦ, ਸੁੱਚਾ ਸੂਰਮਾ, ਜਿਉਣਾ ਮੌੜ, ਦੁੱਲਾ ਭੱਟੀ, ਜੈਮਲ ਫੱਤਾ ਤੇ ਹੋਰ ਕਿੱਸਾ ਕਾਵਿ ਤੇ ਪ੍ਰਸੰਗਾਂ ਦੀ ਰਚਨਾ ਕੀਤੀ।

ਭਾਰਤ ਦੀ ਆਜ਼ਾਦੀ ਦਾ ਦਰਦ ਉਸ ਨੇ ਆਪਣੇ ਪਿੰਡੇ ਉਪਰ ਹੰਡਾਇਆ ਸੀ। ਦੇਸ਼ ਦੀ ਵੰਡ ਸਮੇਂ ਉਸ ਨੂੰ ਆਪਣੇ ਉਨ੍ਹਾਂ ਪਿੰਡਾਂ ਨੂੰ ਹੀ ਛੱਡ ਕੇ ਜਾਣਾ ਪਿਆ, ਜਿਹੜੇ ਪਿੰਡਾਂ ਦਾ ਉਹ ਆਸ਼ਕ ਸੀ, ਜੋ ਪਿੰਡ ਉਸ ਦੀ ਜਿੰਦ-ਜਾਨ ਸਨ। ਪਾਕਿਸਤਾਨ ਜਾ ਕੇ ਵੀ ਉਹ ਨਾ ਤਾਂ ਪਿੰਡ ਸਾਹੋਕੇ ਭੁੱਲਿਆ ਤੇ ਨਾ ਹੀ ਭੁੱਲਿਆ ਉਹ ਆਪਣੇ ਗਰਾਈਆਂ ਨੂੰ ਭਾਵ ਪਿੰਡ ਵਾਸੀਆਂ ਨੂੰ।

ਆਪਣਾ ਪਿੰਡ ਛੱਡਣ ਦਾ ਦਰਦ ਉਹ ਆਪਣੀ ਇੱਕ ਰਚਨਾ ਵਿਚ ਇੰਜ ਬਿਆਨਦਾ ਹੈ :

*ਮੈਨੂੰ ਰੱਖ ਲੌ ਨਗਰ ਮੇਂਜੀ,*
*ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋਂ।*
*ਬਾਬੂ ਜਾਣ ਦੇਵਨਾ ਨਾ,*
*ਦਾਸ ਦੀ ਕਥਰ ਬਣਾ ਲੌ ਸਾਹੋਂ।*
*ਲਾਸ਼ ਦੱਬ ਦੇਓ ਗਾਮ ਮੇਂ ਜੀ,*
*ਸੱਚੇ ਕੌਲ ਭੌਰ ਪਹੁੰਚ ਜੂ ਗਾ ਗਾ।*
*ਮੈਨੂੰ ਉਠਦੇ ਬੈਠਦੇ ਨੂੰ,*
*ਰਹਿਣ ਹਰ ਵਕਤ ਵਤਨ ਦੀਆਂ ਤਾਘਾਂ।*

ਦੇਸ਼ ਦੀ ਵੰਡ ਤੋਂ ਬਾਅਦ ਉਸ ਨੂੰ ਪਾਕਿਸਤਾਨ ਤਾਂ ਜਾਣਾ ਪਿਆ ਸੀ ਪਰ ਉਸ ਦੀ ਰੂਹ ਪਿੰਡ ਸਾਹੋਕੇ ਵਿਚ ਹੀ ਵਸਦੀ ਸੀ। ਇਸ ਤੋਂ ਇਲਾਵਾ ਉਸ ਨੇ ਕਈ ਹਾਸ ਰਸੀ ਰਚਨਾਵਾਂ ਦੀ ਵੀ ਰਚਨਾ ਕੀਤੀ। ਇਸ ਦੇ ਨਾਲ ਹੀ ਉਸ ਨੇ ਮੁੰਡਿਆਂ ਦੇ ਵਿਹਲੇ ਰਹਿਣ, ਮੇਲੇ



ਜਨਮ ਦਿਨ 'ਤੇ ਵਿਸ਼ੇਸ਼

ਵੇਖਣ ਦੀ ਆਦਤ ਦਾ ਵਰਣਨ ਵੀ ਆਪਣੀਆਂ ਰਚਨਾਵਾਂ ਰਾਹੀਂ ਕੀਤਾ ਹੈ। ਮਨੁੱਖੀ ਜੀਵਨ ਦਾ ਅਜਿਹਾ ਕੋਈ ਖੇਤਰ ਨਹੀਂ ਜਿਸ ਦਾ ਕਿ ਬਾਬੂ ਰਜਬ ਅਲੀ ਨੇ ਆਪਣੀਆਂ ਰਚਨਾਵਾਂ ਵਿਚ ਵਰਨਣ ਨਹੀਂ ਕੀਤਾ। ਉਨ੍ਹਾਂ ਨੇ ਲੋਕਾਂ ਵਲੋਂ ਕੀਤੀ ਜਾਂਦੀ ਫਜ਼ੂਲਖਰਚੀ ਉੱਪਰ ਵੀ ਵਿਅੰਗ ਕਰਦਿਆਂ ਰਚਨਾਵਾਂ ਦੀ ਰਚਨਾ ਕੀਤੀ। ਬਾਬੂ ਰਜਬ ਅਲੀ ਦਾ ਖਿਆਲ ਸੀ ਕਿ ਫਜ਼ੂਲ ਖਰਚੀ ਕਾਰਨ ਹੀ ਕਰਜ਼ਾ ਚੜ੍ਹਦਾ ਹੈ ਤੇ ਹੌਲੀ-ਹੌਲੀ ਉਸ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ।

ਜਦੋਂ ਅਸੀਂ ਬਾਬੂ ਰਜਬ ਅਲੀ ਦੇ ਕਿੱਸਿਆਂ ਤੇ ਪ੍ਰਸੰਗਾਂ ਦਾ ਡੂੰਘਾਈ ਨਾਲ ਅਧਿਐਨ ਕਰਦੇ ਹਾਂ ਤਾਂ ਸਾਨੂੰ ਇਸ ਗੱਲ ਦਾ ਪਤਾ ਚਲਦਾ ਹੈ ਕਿ ਉਹ ਆਮ ਕਿਸਾਨਾਂ, ਮਜ਼ਦੂਰਾਂ ਦੀ ਵੀ ਗੱਲ ਕਰਦਾ ਸੀ। ਉਸ ਨੇ ਮੁੱਖ ਮ ੰ ਤ ਰ ੀ ਅ ਾਂ , ਮੰਤਰੀਆਂ, ਰਾਜਿਆਂ, ਰਾਜਵਾੜਿਆਂ ਦੀ ਸ਼ਾਨ ਵਿਚ ਕਸੀਦੇ ਨਹੀਂ ਸੀ ਲਿਖੇ, ਉਸ ਨੇ ਤਾਂ ਦੱਬੇ ਕੁਚਲੇ ਤੇ ਲਿਤਾੜੇ ਹੋਏ ਲੋਕਾਂ ਦੀ ਹੀ ਬਾਤ ਪਾਈ ਸੀ। ਇਸ ਤੋਂ ਇਲਾਵਾ ਉਸ ਨੇ ਹੜ੍ਹਾਂ ਕਾਰਨ ਕਿਸਾਨਾਂ ਦੇ ਹੁੰਦੇ ਨੁਕਸਾਨ ਬਾਰੇ ਵੀ ਸਪੱਸ਼ਟ ਲਿਖਿਆ ਕਿ

*ਆਲੂ ਨਿਰੇ ਉਬਾਲਣ ਦੇ, ਜਿਨ੍ਹਾਂ ਦੀ ਫ਼ਸਲ ਹੜ੍ਹਾਂ ਵਿਚ ਹੜ੍ਹ ਗਈ।*

ਇਹ ਹੀ ਕਾਰਨ ਹੈ ਕਿ ਉਹ ਮਾਲਵੇ ਦੇ ਆਮ ਕਿਸਾਨਾਂ, ਮਜ਼ਦੂਰਾਂ ਦਾ ਵੀ ਜਿਥੇ ਚਹੇਤਾ ਕਵੀਸ਼ਰ ਸੀ, ਉਥੇ ਉਸ ਦੀ ਪ੍ਰਸਿੱਧੀ ਪੂਰੀ ਦੁਨੀਆ ਵਿਚ ਪਹੁੰਚ ਚੁੱਕੀ ਸੀ। ਅੱਜ ਵੀ ਜਦੋਂ ਅਸੀਂ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਜਦੋਂ ਪੜ੍ਹਦੇ ਹਾਂ ਜਾਂ ਫਿਰ ਕਿਸੇ ਗਾਇਕ ਜਾਂ ਕਵੀਸ਼ਰ ਵਲੋਂ ਗਾਇਨ ਕੀਤੀ ਉਨ੍ਹਾਂ ਦੀ ਕੋਈ ਰਚਨਾ ਸੁਣਦੇ ਹਾਂ ਤਾਂ ਅੱਜ ਵੀ ਸਾਡੀਆਂ ਅੱਖਾਂ ਸਾਹਮਣੇ ਮੁੜ ਪੁਰਾਣਾ ਮਾਲਵਾ ਸੱਭਿਆਚਾਰ ਜਿਉਂਦਾ ਹੋ ਉੱਠਦਾ ਹੈ। ਬਾਬੂ ਰਜਬ ਅਲੀ ਦੀਆਂ ਰਚਨਾਵਾਂ ਨੂੰ ਸੰਭਾਲਣ ਲਈ ਉਨ੍ਹਾਂ ਦੇ ਚੇਲਿਆਂ ਤੇ ਹੋਰ ਵੀ ਜਿਨ੍ਹਾਂ-ਜਿਨ੍ਹਾਂ ਵਿਅਕਤੀਆਂ ਨੇ ਵੀ ਯੋਗਦਾਨ ਪਾਇਆ ਹੈ, ਉਹ ਸਾਰੇ ਹੀ ਵਧਾਈ ਦੇ ਪਾਤਰ ਹਨ। ਅੱਜ ਵੀ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਨੌਜਵਾਨਾਂ ਲਈ ਚਾਨਣਮੁਨਾਰੇ ਦਾ ਕੰਮ ਕਰਦੀਆਂ ਹਨ। ਉਨ੍ਹਾਂ ਨੂੰ ਹੱਥੀਂ ਕੰਮ ਕਰਨ ਤੇ ਸਖ਼ਤ ਮਿਹਨਤ ਕਰਨ ਦਾ ਸੰਦੇਸ਼ ਦਿੰਦੀਆਂ ਹਨ। ਅੱਜ ਜਦੋਂ ਬੱਚਿਆਂ ਦਾ ਬਚਪਨ ਮੋਬਾਈਲ, ਕੰਪਿਊਟਰ, ਟੀ ਵੀ ਕਰਕੇ ਇੱਕ ਕਮਰੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ, ਨੌਜਵਾਨ ਪੀੜ੍ਹੀ ਇਕੱਲਤਾ, ਬੇਰੁਜ਼ਗਾਰੀ ਤੋਂ ਘਬਰਾ ਕੇ ਨਸ਼ਿਆਂ ਦੀ ਦਲ-ਦਲ ਵਿਚ ਫਸਦੀ ਜਾ ਰਹੀ ਹੈ ਤਾਂ ਅਜਿਹੇ ਸਮੇਂ ਵਿਚ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਨੌਜਵਾਨ ਪੀੜ੍ਹੀ ਨੂੰ ਸਿੱਧੇ ਰਾਹ ਪਾ ਸਕਦੀਆਂ ਹਨ। ਲੋੜ ਤਾਂ ਇਸ ਗੱਲ ਦੀ ਹੈ ਕਿ ਬਾਬੂ ਰਜਬ ਅਲੀ ਸਮੇਤ ਸੂਫੀ ਕਵੀਆਂ ਦੇ ਕਲਾਮ, ਹੋਰਨਾਂ ਕਿੱਸਾਕਾਰਾਂ ਦੇ ਕਿੱਸਿਆਂ, ਕਾਵਿ ਰਚਨਾਵਾਂ, ਕਿੱਸਿਆਂ, ਪ੍ਰਸੰਗਾਂ ਨੂੰ ਬੱਚਿਆਂ ਤੇ ਨੌਜਵਾਨ ਪੀੜ੍ਹੀ ਤੱਕ ਲਿਖਤੀ ਰੂਪ ਵਿਚ ਤੇ ਗਾਇਨ ਰੂਪ ਵਿਚ ਸਹੀ ਤੇ ਸਸਤੇ ਤਰੀਕੇ ਨਾਲ ਪਹੁੰਚਾਇਆ ਜਾਵੇ ਤਾਂ ਕਿ ਸਮਾਜ ਵਿਚ ਮੌਜੂਦ ਨਸ਼ੇ, ਅਸ਼ਲੀਲ ਗਾਇਕੀ, ਮਾੜੇ ਵੀਡੀਓਜ਼ ਤੇ ਹੋਰ ਸਮਾਜਿਕ ਅਲਾਮਤਾਂ/ਬੁਰਾਈਆਂ ਦੀ ਝੁੱਲ ਰਹੀ ਹਨੇਰੀ ਨੂੰ ਠੱਲ੍ਹ ਪਾਈ ਜਾ ਸਕੇ।

**ਜਗਮੋਹਨ ਸਿੰਘ ਲੱਕੀ**

# ਬਹੁਪੱਖੀ ਸ਼ਖਸੀਅਤ ਦੇ ਮਾਲਕ ਗਿਆਨੀ ਦਿੱਤ ਸਿੰਘ

**ਬਰਸੀ ਤੇ ਵਿਸ਼ੇਸ਼**

ਵਿਦਵਾਨ, ਸਟੇਜ ਅਤੇ ਕਲਮ ਦੇ ਧਨੀ, ਸਮਾਜ-ਸੁਧਾਰਕ, ਪਛੜੇ ਵਰਗ ਦੇ ਲੋਕਾਂ ਦੇ ਹਮਦਰਦ, ਬੇਨਜ਼ੀਰ ਪੱਤਰਕਾਰ, ਸਫਲ ਕਿੱਸਾਕਾਰ, ਆਧੁਨਿਕ ਵਾਰਤਕ ਦੇ ਮੋਢੀ ਅਤੇ ਪੰਥ-ਰਤਨ ਗਿਆਨੀ ਦਿੱਤ ਸਿੰਘ ਦਾ ਜਨਮ 1850 ਵਿੱਚ ਹੋਇਆ। ਲਿਖਿਆ ਮਿਲਦਾ ਹੈ ਕਿ ਪਿਤਾ ਬਾਬਾ ਦੀਵਾਨਾ ਨੇ ਨੌਂ ਸਾਲਾਂ ਦੇ ਆਪਣੇ ਪੁੱਤਰ ਨੂੰ ਮੀਂਹ ਪੈਂਦੇ ਵਿੱਚ ਇਹ ਕਹਿੰਦਿਆਂ ਘਰੋਂ ਕੱਢ ਦਿੱਤਾ ਸੀ, "ਜਾਓ, ਮੇਰੇ ਪਿੱਛੇ ਕਿਉਂ ਫਿਰਦਾ ਹੈਂ, ਤੂੰ ਭੀ ਬ੍ਰਹਮ ਤੇ ਮੈਂ ਭੀ ਬ੍ਰਹਮ ਹਾਂ, ਬ੍ਰਹਮੰਡ ਤੇਰਾ ਹੀ ਹੈ, ਜਾ ਕੇ ਸੰਭਾਲ।" ਇਹ ਪੁੱਤਰ ਪਿੱਛੋਂ ਜਾ ਕੇ ਗਿਆਨੀ ਦਿੱਤ ਸਿੰਘ ਵਜੋਂ ਆਪਣੇ ਨਾਂ ਦਾ ਡੰਕਾ ਵਜਾ ਗਿਆ। ਖ਼ਾਲੀ ਹੱਥ ਘਰੋਂ ਤੁਰੇ ਇਸ ਬਾਲਕ ਨੇ ਆਪਣਾ ਰਾਹ ਤਲਾਸ਼ਦਿਆਂ, ਸਵੈ-ਅਧਿਐਨ ਨਾਲ ਇਤਿਹਾਸ, ਮਿਥਹਾਸ, ਪੁਰਾਤਨ ਗ੍ਰੰਥਾਂ ਦਾ ਡੂੰਘਾ ਗਿਆਨ ਹਾਸਲ ਕੀਤਾ ਤੇ ਕਈ ਭਾਸ਼ਾਵਾਂ ਵਿੱਚ ਪ੍ਰਵੀਣਤਾ ਹਾਸਲ ਕੀਤੀ। 'ਸੰਤ ਦਿੱਤਾ ਰਾਮ', 'ਕਵਿ ਦਿੱਤ ਹਰੀ', 'ਦਿੱਤ ਹਰੀ', 'ਹਰਿ ਦਿੱਤ', 'ਦਿੱਤ ਮ੍ਰਿਗਿੰਦ', 'ਭਾਈ ਦਿੱਤ ਸਿੰਘ ਗਿਆਨੀ' ਤੇ 'ਗਿਆਨੀ ਦਿੱਤ ਸਿੰਘ' ਨਾਂ ਉਸ ਦੀ ਕਰਤਾਰੀ ਜੀਵਨ-ਯਾਤਰਾ ਦੇ ਵੱਖ-ਵੱਖ ਪੜਾਵਾਂ ਨੂੰ ਦਰਸਾਉਂਦੇ ਹਨ।

ਭਾਈ ਵੀਰ ਸਿੰਘ ਨੇ ਆਪਣੇ ਤੋਂ 20 ਸਾਲ ਵੱਡੇ ਅਤੇ ਸਿੱਖੀ, ਸਾਹਿਤ ਤੇ ਪੱਤਰਕਾਰੀ ਆਦਿ ਪੱਖਾਂ ਤੋਂ ਸਹੀ ਅਰਥਾਂ ਵਿੱਚ ਪੂਰਵ-ਵਰਤੀ ਗਿਆਨੀ ਦਿੱਤ ਸਿੰਘ ਦੇ ਅਕਾਲ-ਚਲਾਣੇ 'ਤੇ ਕਈ ਕਵਿਤਾਵਾਂ ਤੇ ਮਜ਼ਮੂਨ ਲਿਖੇ। ਇੱਕ ਥਾਂ ਲਿਖਿਆ, "ਐਡੀਟਰੀ ਜੋ ਭਾਈ ਦਿੱਤ ਸਿੰਘ ਜੀ ਕਰ ਗਏ, ਸੋ ਉਨ੍ਹਾਂ ਨਾਲ ਹੀ ਸਮਾਪਤ ਹੋ ਗਈ।"

ਗਿਆਨੀ ਜੀ ਦਾ ਨਾਂ ਸਿੱਖ ਜਗਤ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਨਿਸ਼ਚੇ ਹੀ ਉਨ੍ਹਾਂ ਨੇ ਸਿੱਖੀ ਦੀ ਸਹੀ ਸਮਝ ਜਨ-ਸਾਧਾਰਨ ਤੱਕ ਪਹੁੰਚਾਉਣ ਲਈ ਦਿਲ ਨਾਲ ਕੰਮ ਕੀਤਾ। ਥਾਂ-ਥਾਂ ਲੈਕਚਰ ਦਿੱਤੇ, ਗੁਰਬਾਣੀ ਦੀ ਸਟੀਕ ਵਿਆਖਿਆ ਲਿਖੀ। ਸਿੱਖ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਸਿੱਖ-ਸ਼ਹੀਦਾਂ ਦੇ ਸਾਕੇ ਨਜ਼ਮ ਵਿੱਚ ਲਿਖੇ।

ਉਹ ਪਹਿਲਾਂ ਤਿਊੜ ਜ਼ਿਲ੍ਹਾ ਰੂਪਨਗਰ ਵਿੱਚ ਗੁਲਾਬਦਾਸੀਆਂ ਦੇ ਡੇਰੇ ਰਹੇ ਤੇ ਉਸ ਮੱਤ ਦਾ ਪ੍ਰਚਾਰ ਕਰਦੇ ਰਹੇ। ਫਿਰ ਲਾਹੌਰ ਨੇੜੇ ਚੱਠਿਆਂ ਵਾਲੇ ਦੇ ਗੁਲਾਬਦਾਸੀਆਂ ਦੇ ਮਸ਼ਹੂਰ ਡੇਰੇ ਗਏ। ਇਸ ਡੇਰੇ ਦਾ ਸੰਸਥਾਪਕ ਗੁਲਾਬ ਦਾਸ ਵੀ ਚੰਗਾ ਲੇਖਕ ਤੇ ਕਵੀ ਸੀ। ਪੰਜਾਬੀ ਦੀ ਪਹਿਲੀ ਕਵਿੱਤਰੀ ਪੀਰੋ ਉਸ ਦੀ ਪ੍ਰੇਮਿਕਾ ਸੀ। ਚੱਠਿਆਂ ਵਾਲੇ ਤੋਂ ਫਿਰ ਗਿਆਨੀ ਜੀ ਦਾ ਲਾਹੌਰ ਆਉਣਾ-ਜਾਣਾ ਹੋਇਆ। ਭਾਈ ਜਵਾਹਰ ਸਿੰਘ ਦੀ ਸੰਗਤ ਵਿੱਚ ਉਹ ਆਰੀਆ-



ਸਮਾਜੀਆਂ ਨੇੜੇ ਕੁਝ ਚਿਰ ਰਹੇ। ਫਿਰ ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ ਸਿੰਘ ਸਭਾ ਲਾਹੌਰ ਸਥਾਪਿਤ ਕੀਤੀ, ਜੋ ਸਿੰਘ ਸਭਾ ਲਹਿਰ ਬਣ ਗਈ। ਸਪਤਾਹਿਕ ਖ਼ਾਲਸਾ ਅਖ਼ਬਾਰ ਕੱਢਿਆ। ਉਹ ਇਸ ਅਖ਼ਬਾਰ ਦੇ ਆਪਣੇ ਅੰਤਲੇ ਸਾਹਾਂ ਤੀਕ ਸੰਪਾਦਕ ਰਹੇ।

ਗਿਆਨੀ ਦਿੱਤੀ ਸਿੰਘ ਨੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਜਾਤ-ਪਾਤ ਸਮੇਤ ਹੋਰ ਕਿੰਨੀਆਂ ਹੀ ਸਮਾਜਿਕ ਕੁਰੀਤੀਆਂ ਖ਼ਿਲਾਫ਼ ਪ੍ਰਚੰਡ ਲੜਾਈ ਆਰੰਭੀ ਤੇ ਆਪਣੀ ਕਲਮ ਨੂੰ ਤੇਗ਼ ਵਾਂਗ ਵਾਹਿਆ। ਉਹ ਜਾਣਦੇ ਸਨ ਕਿ ਜਾਗ੍ਰਿਤੀ ਅਤੇ ਸਮਾਜਿਕ ਤਬਦੀਲੀ ਲਈ ਵਿੱਦਿਆ ਦਾ ਪ੍ਰਸਾਰ ਬਹੁਤ ਜ਼ਰੂਰੀ ਹੈ। ਉਹ ਆਪ ਓਰੀਐਂਟਲ ਕਾਲਜ ਲਾਹੌਰ ਵਿੱਚ ਪ੍ਰੋਫ਼ੈਸਰ ਰਹੇ ਸਨ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸੰਥਾਪਨਾ ਵਿੱਚ ਪੂਰੀ ਸਰਗਰਮੀ ਨਾਲ ਸ਼ਾਮਲ ਸਨ। ਉਨ੍ਹਾਂ ਦੇ ਵਿਦਿਆਰਥੀ ਰਹੇ ਭਾਈ ਤਖ਼ਤ ਸਿੰਘ ਨੇ ਉਨ੍ਹਾਂ ਦੀ ਯਾਦ ਵਿੱਚ ਫ਼ਿਰੋਜ਼ਪੁਰ ਵਿੱਚ ਇੱਕ ਕੰਨਿਆ ਵਿਦਿਆਲਾ ਤੇ ਇੱਕ ਲਾਇਬ੍ਰੇਰੀ ਖੋਲ੍ਹੀ। ਇਸੇ ਤਰ੍ਹਾਂ, ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਲੇਖਕ ਗੁਰਬਖ਼ਸ਼ ਸਿੰਘ ਕੇਸਰੀ ਨੇ ਰੋਪੜ (ਹੁਣ ਰੂਪਨਗਰ) ਵਿੱਚ ਗਿਆਨੀ ਦਿੱਤ ਸਿੰਘ ਕੰਨਿਆ ਵਿਦਿਆਲਾ ਖੋਲ੍ਹਿਆ ਤੇ ਗਿਆਨੀ ਦਿੱਤ ਸਿੰਘ ਮੈਗਜ਼ੀਨ ਜਾਰੀ ਕੀਤਾ।

ਗਿਆਨੀ ਦਿੱਤ ਸਿੰਘ ਦਾ ਸਾਹਿਤਕਾਰ ਰੂਪ ਹੁਣ ਤਾਈਂ ਅਣਗੌਲਿਆ ਰਿਹਾ ਹੈ। ਉਨ੍ਹਾਂ ਦੀ ਪਲੇਠੀ ਰਚਨਾ 'ਸ਼ੀਰੀ-ਫ਼ਰਹਾਦ' ਦਾ ਕਿੱਸਾ ਸੀ। ਕਿੱਸਾਕਾਰ ਕਿਸ਼ਨ ਸਿੰਘ ਆਰਿਫ਼ ਨਾਲ ਉਨ੍ਹਾਂ ਦੀ ਬੜੀ ਨੇੜਤਾ ਸੀ। ਰਵਾਇਤੀ ਕਾਵਿ-ਰਚਨਾ ਤੋਂ ਸ਼ੁਰੂ ਕਰਕੇ ਗਿਆਨੀ ਦਿੱਤ ਸਿੰਘ ਨੇ ਆਧੁਨਿਕ ਰੰਗ ਦੀ ਕਵਿਤਾ ਲਿਖਣ ਤੱਕ ਸਫ਼ਰ ਕੀਤਾ। ਉਹ ਪੰਜਾਬੀ ਵਾਰਤਕ ਦੇ ਮੋਢੀਆਂ 'ਚੋਂ ਸਨ। ਉਨ੍ਹਾਂ ਦੀ ਸਵੈ-ਜੀਵਨੀ ਅਤੇ ਸਫ਼ਰਨਾਮੇ ਦੇ ਅੰਸ਼ ਛਪੇ ਮਿਲਦੇ ਹਨ। ਉਹ ਜੀਵਨੀ-ਲੇਖਕ ਵੀ ਸਨ। ਪੰਜਾਬੀ ਪੱਤਰਕਾਰੀ ਵਿੱਚ ਵੀ ਉਨ੍ਹਾਂ ਦਾ ਮੋਢੀਆਂ ਵਾਲਾ ਕੰਮ ਹੈ। ਗਿਆਨੀ ਦਿੱਤ ਸਿੰਘ ਸਿਰੜੀ, ਸਿਦਕਵਾਨ ਤੇ ਆਪਣੇ ਆਸ਼ਿਆਂ ਪ੍ਰਤਿ ਸਮਰਪਿਤ ਕਲਮਕਾਰ ਸਨ।

6 ਸਤੰਬਰ 1901 ਨੂੰ ਉਹ ਲਾਹੌਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਗਿਆਨੀ ਜੀ ਦੀ ਯਾਦਗਾਰ ਵਜੋਂ ਉਨ੍ਹਾਂ ਦੇ ਜਨਮ-ਅਸਥਾਨ ਵਾਲੇ ਪਿੰਡ ਕਲੌੜ ਵਿੱਚ ਦੋ ਗੁਰਦੁਆਰੇ ਤੇ ਇੱਕ ਗੇਟ ਬਣਿਆ ਹੈ। ਲਾਇਬ੍ਰੇਰੀ ਲਈ ਬੱਸ-ਅੱਡੇ ਨੇੜੇ ਦੋ ਕਮਰੇ ਬਣੇ ਹਨ। ਕੁਝ ਕਿਤਾਬਾਂ ਵੀ ਹਨ ਪਰ ਲਾਇਬ੍ਰੇਰੀਅਨ ਨਹੀਂ ਹੈ। ਲਾਇਬ੍ਰੇਰੀ ਦਾ ਸੰਚਾਲਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀ ਸੰਸਥਾ ਕਰ ਸਕਦੀ ਹੈ। ਭਲਾ, ਉਸ ਵਿਦਵਾਨ ਦੇ ਨਾਂ 'ਤੇ ਗਿਆਨ ਦੇ ਦੀਪ ਕਿਉਂ ਨਾ ਜਗਦੇ ਰਹਿਣ?

**ਕਰਨੈਲ ਸਿੰਘ ਸੋਮਲ**

# ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ ਉੱਤੇ ਸਮੂਹ ਸਿੱਖ ਸੰਗਤਾਂ ਵਲੋਂ ਉਹਨਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਕਰਮ-ਕਾਂਡਾਂ ਵਿਚ ਉਲਝੀ ਲੋਕਾਈ ਨੂੰ ਕਿਰਤ ਕਰੋ, ਉਚ-ਨੀਚ ਅਤੇ ਜਾਤ-ਪਾਤ ਦੇ ਵਖਰੇਂਵਿਆਂ 'ਚ ਗ੍ਰਸੇ ਜਗਤ ਨੂੰ 'ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸਹਿ ਬਾਹਰਾ ਜੀਉ' ਦਾ ਉਪਦੇਸ਼ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ (ਪਹਿਲੇ ਨਾਨਕ, ਸਿੱਖੀ ਦੇ ਮੋਢੀ) ਦਾ ਜਨਮ 15 ਅਪ੍ਰੈਲ 1469 ਨੂੰ ਰਾਏਭੋਏ ਦੀ ਤਲਵੰਡੀ ਵਿਖੇ ਜਿਲ੍ਹਾ ਸੇਖਪੁਰਾ ਜੋ ਕਿ ਅੱਜ ਕੱਲ ਨਾਨਕਾਣਾ ਸਾਹਿਬ ਤੋਂ ਜਾਣੂ ਹੈ, ਵਿੱਚ ਹੋਇਆ। ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਕੱਤਕ ਦੀ ਪੁਰਨਮਾਸੀ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਕਈ ਵਿਦਵਾਨਾ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ 20 ਅਕਤੂਬਰ 1469 ਨੂੰ ਪਿਤਾ ਮਹਿਤਾ ਕਲਿਆਣ ਜੀ ਜੋ ਮਹਿਤਾ ਕਾਲੂ ਤੋਂ ਜਾਣੂ ਸਨ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਹੋਇਆ।

ਗੁਰੂ ਨਾਨਕ ਦੇਵ ਜੀ ਦੇ ਪਿਤਾ, ਮਹਿਤਾ ਕਾਲੂ, ਰਾਏ ਬੁਲਾਰ ਦੇ ਮੁੱਖ ਮੁਨਸੀ ਸਨ ਅਤੇ ਮਾਤਾ ਤ੍ਰਿਪਤਾ ਸਧਾਰਨ ਆਗਿਆਕਾਰੀ ਅਤੇ ਧਾਰਮਿਕ ਵਿਚਾਰਾਂ ਵਾਲੇ ਸਨ। ਬੇਬੇ ਨਾਨਕੀ (ਗੁਰੂ ਨਾਨਕ ਦੇਵ ਜੀ ਦੇ ਭੈਣ) ਗੁਰੂ ਜੀ ਨੂੰ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਸਨ। ਗੁਰੂ ਜੀ ਨਿਰਾਲੇ ਬਾਲਕ ਸਨ ਪਰਮਾਤਮਾ ਨੇ ਉਹਨਾਂ ਨੂੰ ਧਾਰਮਿਕ ਵਿਚਾਰਾਂ ਵਾਲਾ ਅਤੇ ਵੱਡੀ ਸੋਚ ਦਾ ਮਾਲਕ ਬਣਾਇਆ। ਸਿਰਫ ਸੱਤ ਸਾਲ ਦੀ ਉਮਰ ਵਿਚ ਆਪ ਨੇ ਹਿੰਦੀ ਅਤੇ ਸੰਸਕ੍ਰਿਤ ਸਿੱਖੀ।

ਆਪ ਜੀ ਦੀ ਰੱਬ ਬਾਰੇ ਅਦਭੁੱਤ ਅਤੇ ਸੁਜੱਚੀ ਸੋਚ ਨੇ ਆਪਣੇ ਪਾਧੇ ਨੂੰ ਹੈਰਾਨ ਕਰ ਦਿੱਤਾ। 13 ਸਾਲ ਦੀ ਉਮਰ ਵਿਚ ਆਪ ਨੇ ਪਾਰਸੀ ਸਿੱਖੀ ਅਤੇ 16 ਸਾਲ ਦੀ ਉਮਰ ਵਿੱਚ ਆਪ ਆਪਣੇ ਇਲਾਕੇ ਵਿੱਚ ਸਭ ਤੋਂ ਵੱਧ ਗਿਆਨ ਸਨ। ਗੁਰੂ ਜੀ ਦਾ ਵਿਆਹ ਮਾਤਾ ਸੁੱਲਖਣੀ ਜੀ ਨਾਲ ਹੋਇਆ। ਜਿਹਨਾਂ ਨੇ ਦੋ ਬਾਲਕਾਂ ਸ੍ਰੀ ਚੰਦ ਅਤੇ ਲੱਖਮੀ ਦਾਸ ਜੀ ਨੂੰ ਜਨਮ ਦਿੱਤਾ।

ਸੰਨ 1504 ਵਿਚ ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਉਹਨਾਂ ਨੂੰ ਸੁਲਤਾਨ ਪੁਰੀ ਲੈ ਗਏ ਜਿਥੇ ਉਹਨਾਂ ਦੇ ਪਤੀ ਜੈ ਰਾਮ ਜੀ ਨੇ ਗੁਰੂ ਜੀ ਨੂੰ ਇਲਾਕੇ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਵਿਚ ਨੌਕਰੀ ਲਗਵਾ ਦਿੱਤਾ।

38 ਸਾਲ (1504) ਦੀ ਉਮਰ ਵਿੱਚ ਜਦੋਂ ਗੁਰੂ ਜੀ ਵੈਨ ਨਦੀ ਵਿਚ ਇਸਨਾਨ ਲਈ ਉਹਨਾਂ ਨੂੰ ਇਲਾਹੀ ਫਰਮਾਨ (ਅਕਾਸਬਾਣੀ) ਸੁਣੀ ਜੋ ਕਿ ਸੁਲਤਾਨ ਪੁਰੀ ਲੋਧੀ ਦੇ ਨੇੜੇ ਹੈ ਗੁਰੂ ਜੀ ਦੇ ਇਸਨਾਨ ਕਰਨ ਤੋਂ ਬਾਅਦ ਸਭ ਤੋਂ ਪਹਿਲੀ ਇਹ ਤੁਕ ਉਚਾਰੀ "ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ" ਗੁਰੂ ਜੀ ਨੇ ਇੱਕ ਅਲੱਗ ਧਰਮ (ਜਿਸ ਨੂੰ ਸਿੱਖੀ ਕਿਹਾ ਜਾਂਦਾ ਹੈ) ਦੇ ਪ੍ਰਚਾਰ ਲਈ ਕਈ ਉਦਾਸੀਆਂ ਧਾਰੀਆਂ। ਗੁਰੂ ਜੀ ਪੰਜਾਬ ਦੀ ਕਈ ਥਾਵਾਂ ਤੇ ਜਾਣ ਤੋਂ ਬਾਅਦ ਚਾਰ ਲੰਮੀਆਂ (ਅਲੱਗ ਅਲੱਗ ਦਿਸਾਵਾਂ ਵਿੱਚ, ਦੇਸਾਂ ਅਤੇ ਪਰਦੇਸਾਂ ਵਿੱਚ ਗਏ) ਯਾਤਰਵਾਂ ਕੀਤੀਆਂ।

ਇਸ ਦੌਰਾਨ ਉਹ ਕਈ ਧਾਰਮਿਕ ਸਥਾਨਾਂ ਤੇ ਵੀ ਗਏ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਜੀ ਦੁਆਰਾ ਇਹ ਯਾਤਰਵਾਂ ਨੂੰ ਹੀ ਚਾਰ ਉਦਾਸੀਆਂ ਦਾ ਨਾਮ ਦਿੱਤਾ ਗਿਆ।



ਇਹਨਾਂ ਚਾਰ ਉਦਾਸੀਆਂ ਦੌਰਾਨ ਆਪ ਜਿਹੜੇ ਅਲੱਗ ਅਲੱਗ ਸਥਾਨਾਂ ਤੇ ਗਏ ਉਹਨਾਂ ਵਿੱਚੋਂ ਕੁਰੂਕਸ਼ੇਤਰ, ਹਰਿਦੁਆਰ, ਜੋਸੀ ਮੱਠ, ਰਾੜਾ ਸਾਹਿਬ, ਗੋਰਖ ਮੱਠ (ਨਾਨਕ ਮੱਠ), ਅਯੁੱਧਿਆ, ਪ੍ਰਯਾਗ, ਵਾਰਾਨਸੀ, ਗਯਾ, ਪਟਨਾ ਦੁੱਗਰੀ ਅਤੇ ਗੁਹਾਟੀ (ਆਸਾਮ) ਢਾਕਾ, ਪੂਰੀ, ਕੱਟਕ, ਰਾਮੇਸਵਰਮ, ਸਿਲੋਂਗ, ਬਿਦਰ, ਬਰੋਚ, ਸੋਮਨਾਥ, ਦਵਾਰਕਾ, ਉਜੈਨ, ਅਜਮੇਰ, ਮਥੁਰਾ, ਤਲਵੰਡੀ, ਲਾਹੌਰ, ਸੁਲਤਾਨਪੁਰ, ਬਿਲਾਸਪੁਰ, ਰਿਵਾਲਸਰ, ਜਵਾਲਾਜੀ, ਤਿੱਬਤ, ਲੱਦਾਖ, ਕਾਰਗਿਲ, ਅਮਰਨਾਥ, ਸ੍ਰੀਨਗਰ ਅਤੇ ਬਰਮੁੱਲਾ ਆਦਿ ਪ੍ਰਮੁੱਖ ਹਨ।

ਇਹਨਾਂ ਤੋਂ ਇਲਾਵਾ ਆਪ ਜੀ ਨੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਤੇ ਵੀ ਗਏ ਜਿਹਨਾਂ ਵਿਚੋਂ ਮੱਕਾ, ਮਦੀਨਾ, ਬਗਦਾਦ, ਮੁਲਤਾਨ, ਪੇਸਾਵਰ, ਸਖਰ, ਸੋਨ ਮਿਆਨੀ ਹਿੰਗਲਾਜ ਆਦਿ ਪ੍ਰਮੁੱਖ ਹਨ।

ਕਈਆਂ ਦਾ ਕਹਿਣਾ ਹੈ ਕਿ ਗੁਰੂ ਜੀ ਸਮੁੰਦਰੀ ਰਾਸਤੇ ਤੋਂ ਮੱਕਾ ਗਏ। ਗੁਰੂ ਜੀ ਸਿਆਰ, ਤੁਰਕੀ ਅਤੇ ਤੇਹਰਾਨ (ਇਰਾਨ ਦੀ ਰਾਜਧਾਨ) ਵਿੱਚ ਵੀ ਗਏ। ਤੇਹਰਾਨ ਤੋਂ ਬਾਅਦ ਗੁਰੂ ਜੀ ਬੱਗੀ ਦੇ ਰਾਸਤਿਓ ਕਾਬੁਲ, ਕੰਧਾਰ ਅਤੇ ਜਲਾਲਾਬਾਦ ਵੀ ਗਏ।

ਗੁਰੂ ਜੀ ਦੀ ਉਦਾਸੀਆਂ ਦਾ ਮੁੱਖ ਉਪਦੇਸ ਲੋਕਾਂ ਨੂੰ ਉਸ ਅਕਾਲ ਪੁਰਖ (ਪ੍ਰਮਾਤਮਾ) ਦੇ ਪ੍ਰਤੀ ਜਾਗਰੂਕ ਕਰਵਾਉਣਾ ਅਤੇ ਸਿੱਖੀ ਨੂੰ ਸਥਾਪਤ ਕਰਨਾ ਸੀ। ਸਿੱਖ ਧਰਮ ਨੂੰ ਫੈਲਾਉਣ ਲਈ ਕਈ ਮਦਰੱਸੇ (ਸਕੂਲ) ਖੋਲੇ ਜਿਹੜੇ ਕਿ ਮੰਜੀ ਦੇ ਨਾਮ ਤੋਂ ਜਾਣੂ ਸਨ। ਇਹਨਾਂ ਲਈ ਗੁਰੂ ਜੀ ਨੇ ਯੋਗ ਸਰਧਾਲੂ ਦੀ ਨਿਯੁਕਤੀ ਮੁੱਖ ਪ੍ਰਚਾਰਕ ਦੇ ਰੂਪ ਵਿੱਚ ਕੀਤੀ। ਸਿੱਖੀ ਦਾ ਬੀਜ ਭਾਰਤ ਅਤੇ ਪ੍ਰਦੇਸਾਂ ਵਿੱਚ ਬੜੇ ਸੁਚੱਜੇ ਢੰਗ ਨਾਲ ਬੀਜਿਆ।

